# ਚਿਰਾਗ

ਅਕਤੂਬਰ-ਦਸੰਬਰ 2006

**October -December 2006**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : 15 ਰੁਪਏ

58

ਅਕਤੂਬਰ-ਦਸੰਬਰ 2006

# ਚਿਰਾਗ਼ ਤਿਮਾਹੀ

ਅਕਤੂਬਰ-ਦਸੰਬਰ 2006

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ,ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)


## ਤਤਕਰਾ


| | |
|---|---|
| ਸੰਪਾਦਕੀ ਟਿੱਪਣੀਆਂ | 1. ਪਾਸ਼ ਦਾ ਜਨਮ ਦਿਨ ਤੇ ਸੰਕੀਰਣਤਾ, 2. ਨਿੰਦਣ ਯੋਗ |
| ਇਸ ਵਾਰ ਦੀ ਕਵਿੱਤਰੀ | ਸੁਖਵਿੰਦਰ ਅੰਮ੍ਰਿਤ ਦੀਆਂ ਗ਼ਜ਼ਲਾਂ |
| ਗ਼ਜ਼ਲਾਂ | ਪੰਜਾਬੀ (ਹਰਮਿੰਦਰ ਕੋਹਾਰਵਾਲਾ), ਹਿੰਦੀ (ਪ੍ਰਫੁੱਲ ਕੁਮਾਰ ਪਰਵੇਜ਼) ਨਜ਼ਮ |
| ਵਾਘਿਓਂ ਪਾਰ | ਅਖ਼ਲਾਕ ਆਤਿਫ਼ (ਦੋ ਗ਼ਜ਼ਲਾਂ) ਨਜ਼ਮ (ਨਦੀਪ ਭਾਬਾ) ਯਾਦਾਂ ਦੇ ਪ੍ਰਛਾਵੇਂ (ਸਾਈਂ ਅਖ਼ਤਰ ਲਾਹੌਰੀ) |
| ਪੰਜਾਬੀ ਕਹਾਣੀ | ਚੱਕਰਵਿਊ (ਡਾ. ਕਰਮਜੀਤ ਸਿੰਘ ਨਡਾਲਾ) |
| ਉਰਦੂ ਕਹਾਣੀ | ਅਜੇਹੇ ਨਹਿਸ਼ ਸੱਯਾਦ ਨੂੰ (ਤਰੰਨੁਮ ਰਿਆਜ਼) |
| ਮੁਲਾਂਕਣ | ਟਾਵਰਜ਼ (ਡਾ. ਕਰਮਜੀਤ ਸਿੰਘ) ਮਿੱਤਰ ਸੈਨ ਮਿੱਤਰ ਦਾ ਗਲਪ ਸ਼ਾਸਤਰ (ਡਾ. ਮਹਿਲ ਸਿੰਘ) |
| ਬਿਨਾਂ ਟਿੱਪਣੀ ਤੋਂ | ਬੋਧ ਸਿੰਘ ਘੁੰਮਣ ਦਾ ਲੇਖ – ਕਵਿਤਾ ਦੇ ਅਰਥ ਤੇ ਹੁੰਦਲ ਦੀ ਨਜ਼ਮ |
| ਨਾਟ-ਕਲਾ | ਕੈਲੇਫੋਰਨੀਆ ਦੀ ਵਿਅੰਗ ਨਾਟ-ਮੰਡਲੀ (ਸੂਫ਼ੀ ਅਮਰਜੀਤ) |
| ਤੁਲਨਾਤਮਿਕ ਅਧਿਐਨ | ਪਾਕਿਸਤਾਨੀ ਪੰਜਾਬ ਬਾਰੇ ਸਫ਼ਰਨਾਮਿਆਂ ਦਾ ਅਧਿਐਨ ( ਡਾ. ਗੁਰਨਾਇਬ ਸਿੰਘ) |
| ਪੁਸਤਕ ਪੜਚੋਲ | ਤੁਰਦੇ ਫਿਰਦਿਆਂ (ਡਾ. ਕੁਲਦੀਪ ਸਿੰਘ ਧੀਰ) ਰੁੱਤ ਕਰੁੱਤੀ (ਡਾ. ਬਲਵਿੰਦਰ ਕੌਰ ਬਰਾੜ) ਕਿਣਕੇ ਦੀ ਕਾਇਨਾਤ (ਹੁੰਦਲ) |
| ਖ਼ਿਆਲ ਆਪੋ-ਆਪਣਾ | ਕੰਵਲ ਇਮਤਿਆਜ਼, ਰਾਮ ਸਰੂਪ ਅਣਖੀ, ਅਖ਼ਲਾਕ ਆਤਿਫ਼ (ਪਾਕਿਸਤਾਨ) |
| ਪੁਸਤਕ ਪ੍ਰਾਪਤੀ | ••• |
| ਟਾਈਟਲ | ਟੀਨਾ ਮਦੋਤੀ ਦੀ ਖਿੱਚੀ ਤਸਵੀਰ (ਮੈਕਸੀਕਨ ਕਿਸਾਨ ਦਾ ਟੋਪ, ਦਾਤੀ ਤੇ ਹਥੌੜਾ) |



Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188



| ਚੰਦਿਆਂ ਦਾ ਵੇਰਵਾ | |
|---|---|
| ਦੇਸ਼ ਵਾਰਸ਼ਿਕ | :50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 70 ਰੁ. |
| ਵਿਦੇਸ਼ (ਯੂ.ਕੇ.) | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

ਨੋਟ- ਸਾਰੇ ਚੈੱਕ ਅਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾਗ਼ ਦੇ ਨਾਂ ਭੇਜੇ ਜਾਣ।

ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 274-ਚੌਨ ਰੋਡ, ਜਲੰਧਰ (ਫੋਨ- 98150-44338) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ 31 ਅਕਤੂਬਰ, 2006


ਸੰਪਾਦਕੀ ਟਿੱਪਣੀਆਂ

# 1. ਪਾਸ਼ ਦਾ ਜਨਮ ਦਿਨ ਤੇ ਸੰਕੀਰਣਤਾ

ਇਸ ਗੱਲ ਦਾ ਬਾਵਜੂਦ ਕਿ ਪਿਛਲੇ ਸਮੇਂ ਵਿਚ ਕੁਝ ਵਿਅਕਤੀਆਂ ਨੇ ਅਵਤਾਰ ਪਾਸ਼ ਦੇ ਵਿਅਕਤਿਤਵ ਨੂੰ 'ਦਾਗੀ' ਤੇ ਵਾਦ-ਵਿਵਾਦੀ ਬਣਾਉਣ ਦਾ ਯਤਨ ਕੀਤਾ ਹੈ। ਇਸਦੇ ਸਿੱਟੇ ਕੀ ਨਿਕਲਦੇ ਹਨ ਭਵਿੱਖ ਹੀ ਇਸ ਦਾ ਫੈਸਲਾ ਕਰੇਗਾ। ਪ੍ਰੰਤੂ ਇਹ ਗੱਲ ਮੰਨਣ ਵਿਚ ਕਿਸੇ ਵੀ ਪੰਜਾਬੀ ਪਾਠਕ ਨੂੰ ਉਜਰ ਨਹੀਂ ਹੈ ਕਿ ਪਾਸ਼ ਦੀ ਕਵਿਤਾ ਦਾ ਪੰਜਾਬੀ ਸਾਹਿਤ ਵਿਚ ਆਪਣਾ ਥਾਂ ਹੈ। ਕਵੀ ਦੇ ਤੌਰ 'ਤੇ ਪ੍ਰਵਾਨਗੀ ਦਿਵਾਉਣ ਲਈ ਸਾਂਝੇ ਯਤਨ ਹੋਣੇ ਚਾਹੀਦੇ ਹਨ। ਉਸਦੀ ਕਵਿਤਾ 'ਤੇ ਖੁੱਲ ਕੇ ਵਿਚਾਰ-ਚਰਚਾ ਹੋਣੀ ਚਾਹੀਦੀ ਹੈ। ਇਸ ਚਰਚਾ ਦੇ ਸਿੱਟੇ ਆਮ ਪਾਠਕਾਂ ਤੱਕ ਪੁੱਜਣੇ ਚਾਹੀਦੇ ਹਨ, ਜੇ ਸੰਭਵ ਹੋ ਕੇ ਤਾਂ ਉਸਦੀ ਕਵਿਤਾ ਦਾ ਪਾਠ ਵੱਧ ਤੋਂ ਵੱਧ ਆਮ ਲੋਕਾਂ ਵਿਚ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਕਵਿਤਾ ਸਮਾਜ ਵਿਚ ਵਾਪਰ ਚੁੱਕੀਆਂ ਘਟਨਾਵਾਂ ਨੂੰ ਪੇਸ਼ ਕਰਦੀ ਹੈ ਅਤੇ ਉਸ ਸਮੇਂ ਦੀ ਆਸ਼ਾਵਾਦੀ ਉਪਭਾਵੁਕਤਾ ਨੂੰ ਪੇਸ਼ ਕਰਦੀ ਹੈ। ਇਸ ਲਈ ਪਾਸ਼ ਦਾ ਜਨਮ ਦਿਨ ਤੇ ਉਸ ਨਾਲ ਜੁੜੇ ਹੋਰ ਦਿਨਾਂ ਨੂੰ ਉਤਸ਼ਾਹ ਨਾਲ ਮਨਾਉਣਾ ਚਾਹੀਦਾ ਹੈ ਅਤੇ ਯਤਨ ਕੀਤਾ ਜਾਣਾ ਚਾਹੀਦਾ ਹੈ ਕਿ ਇਹਨਾਂ ਦਿਨਾਂ ਤੇ ਵੱਧ ਤੋਂ ਵੱਧ ਤੇ ਵੱਖ-ਵੱਖਰੇ ਵਿਚਾਰਾਂ ਦੇ ਲੋਕਾਂ ਨੂੰ ਇਹਨਾਂ ਵਿਚ ਸੱਦਣ ਦਾ ਯਤਨ ਕੀਤਾ ਜਾਵੇ।

ਪ੍ਰੰਤੂ ਪਿਛਲੇ ਦਿਨੀਂ ਦੇਸ਼ ਭਗਤ ਹਾਲ ਵਿਚ ਪਾਸ਼ ਕੌਮਾਂਤਰੀ ਟਰੱਸਟ ਵਲੋਂ ਮਨਾਇਆ ਗਿਆ ਇਹ ਦਿਵਸ ਪਾਸ਼ ਦੇ ਪਿਛਲੇ ਸਮੇਂ ਵਿਚ ਮਨਾਏ ਦਿਨਾਂ ਨਾਲੋਂ ਬਹੁਤ ਫਿੱਕਾ ਤੇ ਬੇਰਸ ਸੀ। ਉਸ ਵਿਚ ਨਾ ਹੀ ਸਰੋਤੇ ਤੇ ਨਾ ਹੀ ਬੁਲਾਰੇ ਕੋਈ ਪ੍ਰਭਾਵ ਛੱਡ ਸਕੇ ਸਨ। ਪ੍ਰਬੰਧਕਾਂ ਦੀ ਸੰਕੀਰਣ ਸੋਚ ਦਾ ਸਿੱਟਾ ਇਹ ਹੈ ਕਿ ਉਸ ਦਿਨ ਕੇਵਲ ਚਾਰ ਕਵੀ ਹੀ ਸੱਦੇ ਗਏ। ਇਹ ਕਵੀ ਉਹ ਸਨ ਜਿਨ੍ਹਾਂ ਦਾ ਪਾਸ਼ ਦੀ ਕਵਿਤਾ ਨਾਲ ਕੋਈ ਸਰੋਕਾਰ ਨਾ ਅੱਜ ਹੈ, ਨਾ ਕੱਲ੍ਹ ਸੀ। ਪ੍ਰਬੰਧਕਾਂ ਦੀ ਸੋਚ ਨਾਲੋਂ ਵੱਖਰੀ ਸੋਚ ਵਾਲੇ ਲੋਕਾਂ ਨੂੰ ਉੱਥੇ ਪੁੱਜ ਕੇ ਘੋਰ ਮਾਯੂਸੀ ਹੋਈ। ਇਹ ਚਾਰ ਕਵੀ ਪਹਿਲਾਂ ਹੀ ਮਿਥ ਲਏ ਸਨ। ਇਹ ਢੰਗ ਅਜਿਹਾ ਸੀ ਕਿ ਕਿਸੇ ਪਾਸ਼ ਦੀ ਸੋਚ ਨਾਲ ਸੰਬੰਧਿਤ ਕਵੀ ਲਈ ਕੋਈ ਥਾਂ ਹੀ ਨਹੀਂ ਛੱਡੀ ਗਈ ਸੀ। ਇਸ ਸਾਰੇ ਵਿਵਹਾਰ ਨਾਲ ਸਾਡਾ ਸਰੋਕਾਰ ਕੇਵਲ ਇੰਨਾ ਹੈ ਕਿ ਅਸੀਂ ਪਾਸ਼ ਨੂੰ ਖੱਬੀ ਸੋਚ ਵਾਲਾ ਕਵੀ ਸਮਝਦੇ ਹਾਂ ਤੇ ਚਾਹੁੰਦੇ ਹਾਂ ਕਿ ਉਸਦੀ ਸ਼ਾਇਰੀ ਨੂੰ ਢੁੱਕਵਾਂ ਥਾਂ ਦਿੱਤਾ ਜਾਵੇ ਅਤੇ ਉਹਦੀ ਸ਼ਾਇਰੀ ਦੀ ਗੱਲ ਉਤਸ਼ਾਹ ਅਤੇ ਗੰਭੀਰਤਾ ਨਾਲ ਕੀਤੀ ਜਾਵੇ। ਇਸ ਸਮਾਗਮ ਦਾ ਜਿਹੜਾ ਚੌਧਰੀ ਸਮਾਗਮ ਨੂੰ ਚਲਾ ਰਿਹਾ ਸੀ ਉਹ ਆਪਣੀ ਸੰਕੀਰਣ ਸੋਚ ਕਾਰਨ ਰਾਜਨੀਤੀ ਵਿਚ ਪਹਿਲਾਂ ਹੀ ਵਾਦ-ਵਿਵਾਦ ਦਾ ਕਾਰਨ ਬਣਿਆ ਹੋਇਆ ਹੈ। ਅਸੀਂ ਸਮਝਦੇ ਹਾਂ ਕਿਸੇ ਵਿਅਕਤੀ ਦਾ ਰਾਜਨੀਤੀ ਦਾ (ੳ, ਅ) ਜਾਣਦੇ ਹੋਣ ਨਾਲ ਉਹ ਸਾਹਿਤ ਤੇ ਕਲਾ ਦਾ ਗਿਆਤਾ ਨਹੀਂ ਬਣ ਜਾਂਦਾ ਪ੍ਰੰਤੂ ਉੱਥੇ ਉਸ

ਵਿਅਕਤੀ ਨੇ ਸਮਾਗਮ ਦਾ ਮੁਹਰੈਲ ਬਣਕੇ ਸਮਾਗਮ ਨੂੰ ਤੇ ਪਾਸ਼ ਦੇ ਨਾਂ ਨੂੰ ਉੱਚਾ ਨਹੀਂ ਕੀਤਾ ਬਲਕਿ ਨੀਵਾਂ ਹੀ ਕੀਤਾ ਹੈ।

ਸਾਡਾ ਮੱਤ ਇਹ ਵੀ ਹੈ ਕਿ ਕਿਸੇ ਠੋਸ ਬੁਨਿਆਦ ਤੋਂ ਬਿਨਾਂ ਖੜ੍ਹੇ ਕੀਤੇ ਤਿਉਹਾਰ ਤੇ ਸਮਾਗਮ ਆਪਣੀ ਆਭਾ ਸਦਾ ਲਈ ਕਾਇਮ ਨਹੀਂ ਰੱਖ ਸਕਦੇ। ਸਮਾਂ ਪਾ ਕੇ ਉਤਸ਼ਾਹ ਤੇ ਸ਼ਰਧਾ ਗੁਆ ਕੇ ਫਿੱਕੇ ਪੈ ਜਾਂਦੇ ਹਨ ਅਤੇ ਕੇਵਲ ਕੁਝ ਲੋਕਾਂ ਵਲੋਂ ਨਿਭਾਈ ਇੱਕ ਰਸਮ ਬਣ ਜਾਂਦੇ ਹਨ। ਇਹ ਕੁਝ ਅੱਤਵਾਦ ਸਮੇਂ ਮਾਰੇ ਗਏ ਅੱਤਵਾਦੀਆਂ ਨੂੰ 'ਸ਼ਹੀਦ' ਦਾ ਦਰਜਾ ਦੇਣ ਦੇ ਯਤਨਾਂ ਦੀ ਅਸਫਲਤਾ ਤੋਂ ਦੇਖਿਆ ਜਾਂਦਾ ਹੈ। ਉਹਨਾਂ ਦਿਨਾਂ 'ਤੇ ਕੁਝ ਖਾਸ ਸੋਚ ਦੇ ਧਾਰਨੀ ਲੋਕ ਇੱਕਠੇ ਹੁੰਦੇ ਸਨ, ਨਾਹਰੇ ਵੀ ਲਾਉਂਦੇ ਸਨ ਤੇ ਹੋਰ ਆਡੰਬਰ ਵੀ ਰਚਦੇ ਸਨ ਤੇ ਇਸ ਸਾਰਾ ਕੁਝ ਉਹਨਾਂ ਦੇ ਆਪਣੇ ਤੱਕ ਹੀ ਸੀਮਿਤ ਰਹਿੰਦਾ ਸੀ। ਆਮ ਲੋਕਾਂ ਨੂੰ ਉਨ੍ਹਾਂ ਤੱਕ ਕੋਈ ਸਰੋਕਾਰ ਨਹੀਂ ਹੁੰਦਾ। ਸਾਨੂੰ ਡਰ ਹੈ ਕਿ ਪਾਸ਼ ਨਾਲ ਵੀ ਅਜਿਹਾ ਵਾਪਰਨਾ ਸ਼ੁਰੂ ਹੋ ਗਿਆ ਹੈ। ਇਸ ਵੇਰ ਦਾ ਇਹ ਸਮਾਗਮ ਇਸਦਾ ਮੁੱਢ ਹੈ। ਸਾਡੇ ਸਮਾਗਮ ਦੇ ਪ੍ਰਬੰਧਕਾਂ ਨਾਲ ਰਾਜਨੀਤੀ ਤੇ ਹੋਰ ਸਵਾਲਾਂ ਬਾਰੇ ਡੂੰਘੇ ਮੱਤਭੇਦ ਹਨ ਪ੍ਰੰਤੂ ਇਹਨਾਂ ਮੱਤਭੇਦਾਂ ਨੂੰ ਪਿੱਛੇ ਛੱਡ ਕੇ ਸੰਕੀਰਣ ਹੋਣ ਬਿਨਾਂ ਇਸ ਗੱਲ ਦੇ ਇੱਛਕ ਹਾਂ ਕਿ ਘੱਟੋ-ਘੱਟ ਪਾਸ਼ ਨਾਲ ਅਜਿਹਾ ਨਾ ਵਾਪਰੇ। ਪਾਸ਼ ਟਰੱਸਟ ਕੋਲ ਵਸੀਲੇ ਤੇ ਸਾਧਨਾਂ ਦੀ ਕੋਈ ਥੁੜ੍ਹ ਨਹੀਂ ਹੈ। ਪਾਸ਼ ਦੇ ਪ੍ਰਸ਼ੰਸ਼ਕ ਤੇ ਹਮਦਰਦ ਵੀ ਬਥੇਰੇ ਹਨ। ਇਸ ਲਈ ਪਾਸ਼ ਨੂੰ ਕੁਝ ਸੰਕੀਰਣ ਵਿਅਕਤੀਆਂ ਦੀ ਜੇਬ ਵਿਚੋਂ ਕੱਢ ਕੇ ਦਾਇਰਾ ਮੋਕਲਾ ਕੀਤਾ ਜਾਵੇ। ਸਾਡੀ ਤਾਂ ਬਸ ਇਹੋ ਇੱਛਾ ਹੈ ਕਿ ਅਸੀਂ ਇਸ ਨੂੰ ਸੰਪੂਰਨ ਹੁੰਦੀ ਦੇਖਣਾ ਚਾਹੁੰਦੇ ਹਾਂ। •

## 2. ਨਿੰਦਣ ਯੋਗ

'ਮੁਹਾਂਦਰੇ' ਦੇ ਨਵੇਂ ਪਰਚੇ ਵਿਚ ਸੰਪਾਦਕਾਂ ਨੇ ਆਪਣੇ ਆਪ ਨੂੰ ਵਡਿਆਉਣ ਲਈ ਦੂਜੇ ਨੂੰ ਨੀਵਾਂ ਦੱਸਣ ਲਈ ਇੱਕ ਟਿੱਪਣੀ ਕੀਤੀ ਹੈ। ਜਿਸ ਵਿਚ ਉਨ੍ਹਾਂ ਨੇ ਜਾਤਸੂਚਕ ਸ਼ਬਦਾਵਲੀ ਵਰਤੀ ਹੈ। ਪਿਛਲੇ ਸਮੇਂ ਵਿਚ ਬਰਨਾਲੇ ਵਿਚ ਕਈ ਸਮਾਗਮ ਹੋਏ ਹਨ। ਉਨ੍ਹਾਂ ਵਿਚੋਂ ਇਕ 'ਮੁਹਾਂਦਰੇ' ਵਾਲੇ ਨਿਰਾਲਾ ਸਾਹਿਬ ਵਲੋਂ ਕੀਤਾ ਗਿਆ ਹੈ। ਦੂਜੇ ਸਮਾਗਮਾਂ ਦਾ ਪ੍ਰਬੰਧ ਕਵੀ ਤਰਸੇਮ ਨੇ ਕੀਤਾ ਹੈ। ਸਮਾਗਮ ਦੋਵੇਂ ਹੀ ਆਪਣੇ ਆਪ ਵਿਚ ਸਫਲ ਸਨ। ਪ੍ਰੰਤੂ 'ਮੁਹਾਂਦਰੇ' ਵਾਲੇ ਦੂਜੇ ਦੀ ਜਾਤ ਪਰਖਣ ਲਈ ਅਤੇ ਆਪਣੀ ਦੱਸਣ ਲਈ ਲਿਖਦੇ ਹਨ - "ਸੌ ਸੁਨਿਆਰ ਦੀ ਇਕ ਲੁਹਾਰ ਦੀ'। ਉਨਾਂ ਦਾ ਇਸ਼ਾਰਾ ਜਿੱਥੇ ਤਰਸੇਮ ਦੀ ਜ਼ਾਤ ਵੱਲ ਹੈ ਉੱਥੇ ਉਨ੍ਹਾਂ ਨੇ ਆਪਣੀ ਜ਼ਾਤ ਵੀ ਲੁਕੋ ਕੇ ਨਹੀਂ ਰੱਖੀ। ਮੰਨ ਗਏ ਹਨ ਕਿ ਉਨ੍ਹਾਂ ਦਾ ਪਿਛੋਕੜ ਵੀ ਲੁਹਾਰਾਂ-ਤਖਾਣਾਂ ਦਾ ਹੈ। ਇਹ ਸ਼ਬਦਾਵਲੀ ਉਨ੍ਹਾਂ ਵਿਅਕਤੀਆਂ ਵਲੋਂ ਵਰਤੀ ਗਈ ਹੈ ਜਿਹੜੇ ਆਪਣੇ ਆਪ ਨੂੰ ਜ਼ਾਤ-ਪਾਤ ਤੋਂ ਉੱਚਾ ਸਮਝਦੇ ਹਨ। ਇਹ ਕੁਝ ਲਿਖਣਾ ਨਿਖੇਧੀਯੋਗ ਹੈ। ਅਸੀਂ ਇਸਦੀ ਨਿਖੇਧੀ ਕਰਦੇ ਹਾਂ ਤਾਂ ਕਿ 'ਮੁਹਾਂਦਰੇ' ਵਾਲੇ ਅੱਗੇ ਤੋਂ ਚੌਕਸ ਰਹਿਣ। •

- ਸੰਪਾਦਕੀ ਮੰਡਲ





# ਦੋ ਗ਼ਜ਼ਲਾਂ / ਸੁਖਵਿੰਦਰ ਅੰਮ੍ਰਿਤ

ਸੁਖਵਿੰਦਰ ਅੰਮ੍ਰਿਤ ਨਵੀਂ ਪੀੜ੍ਹੀ ਦੀ ਅਦੁੱਤੀ ਪ੍ਰਤਿਭਾ ਦੀ ਮਾਲਕ ਕਵਿੱਤਰੀ ਹੈ। ਉਸ ਦੀ ਰਚਨਾ ਜਿੱਥੇ ਕਿਤੇ ਵੀ ਛਪਦੀ ਹੈ, ਲੋਕ ਲੱਭ-ਲੱਭ ਕੇ ਪੜ੍ਹਦੇ ਤੇ ਕੱਟ ਕੇ ਆਪਣੀਆਂ ਡਾਇਰੀਆਂ ਵਿਚ ਸਾਂਭ ਲੈਂਦੇ ਹਨ। ਸਾਡੀ ਮੰਗ ਉੱਤੇ ਉਸ ਨੇ ਇਹ ਦੋ ਗ਼ਜ਼ਲਾਂ ਚਿਰਾਗ਼ ਲਈ ਉਚੇਚੇ ਤੌਰ 'ਤੇ ਭੇਜੀਆਂ ਹਨ। ਮਨੁੱਖੀ ਪਿਆਰ ਦੀਆਂ ਵੰਨ-ਸਵੰਨੀਆਂ ਪਰਤਾਂ ਨੂੰ ਪ੍ਰਗਟਾਉਂਦੀ ਉਸ ਦੀ ਸ਼ਾਇਰੀ ਇੱਕ ਵੱਖਰਾ ਤੇ ਸੱਜਰਾ ਰੰਗ ਅਤੇ ਮੁਹਾਵਰਾ ਲੈ ਕੇ ਆਈ ਹੈ। - ਸੰਪਾਦਕ

### 1

ਬੜਾ ਮੈਂ ਸਾਂਭਿਆ ਉਸ ਨੂੰ ਉਹ ਇਕ ਦਿਨ ਟੁੱਟ ਗਿਆ ਆਖ਼ਰ।
ਕੋਈ ਪੱਤਾ ਕਿਸੇ ਟਾਹਣੀ 'ਤੇ ਕਦ ਤੱਕ ਠਹਿਰਦਾ ਆਖ਼ਰ।

ਮੈਂ ਮਮਤਾ ਦੀ ਭਰੀ ਹੋਈ ਉਹ ਖ਼ਾਲੀ ਫ਼ਲਸਫ਼ਾ ਕੋਈ,
ਮੇਰੀ ਵਹਿੰਗੀ ਨੂੰ ਕਦ ਤੱਕ ਮੋਢਿਆਂ 'ਤੇ ਚੁੱਕਦਾ ਆਖ਼ਰ।

ਉਹ ਕੂਲੀ ਲਗਰ ਹੈ ਹਾਲੇ ਡੰਗੋਰੀ ਕਿਉਂ ਬਣੇ ਮੇਰੀ
ਕਰੇ ਕਿਉਂ ਹੇਜ ਪਤਝੜ ਦਾ ਕੋਈ ਪੱਤਾ ਹਰਾ ਆਖ਼ਰ।

ਮੈਂ ਉਸ ਦੀ ਜੜ੍ਹ ਨੂੰ ਆਪਣੇ ਖ਼ੂਨ ਸੰਗ ਲਬਰੇਜ਼ ਰੱਖਾਂਗੀ
ਮਸਾਂ ਫੁੱਲਾਂ 'ਤੇ ਆਇਆ ਹੈ ਉਹ ਮੇਰਾ ਲਾਡਲਾ ਆਖ਼ਰ।

ਉਹ ਮੇਰੀ ਰੱਤ 'ਤੇ ਪਲਿਆ ਸੀ ਤੇ ਇੱਕ ਦਿਨ ਬਹੁਤ ਪਿਆਸਾ ਸੀ
ਕਿ ਬਣ ਕੇ ਤੀਰ ਮੇਰੇ ਕਾਲਜੇ ਵਿਚ ਖੁਭ ਗਿਆ ਆਖ਼ਰ।

ਮੈਂ ਖ਼ਾਰਾਂ ਤੋਂ ਤਾਂ ਵਾਕਿਫ਼ ਸੀ ਮਗਰ ਸੀ ਖੌਫ਼ ਫੁੱਲਾਂ ਦਾ,
ਤੇ ਜਿਸ ਦਾ ਖੌਫ਼ ਸੀ ਦਰਪੇਸ਼ ਹੈ ਉਹ ਹਾਦਿਸਾ ਆਖ਼ਰ।

ਕਿਸੇ ਸਬਜ਼ੇ ਨੂੰ ਕੀ ਸਿੰਜੇ ਪਲੱਤਣ ਦਾ ਕੋਈ ਅੱਥਰੂ
ਕਿ ਉਸ ਨੂੰ ਤੜਪ ਆਪਣੀ ਤੋਂ ਮੈਂ ਕਰ ਦਿੱਤਾ ਰਿਹਾਅ ਆਖ਼ਰ।

ਕਿਹਾ ਪੁੱਤਰ ਨੇ ਇਕ ਦਿਨ, ਕਾਸ਼! ਮੈਂ ਰਾਜੇ ਦਾ ਪੁੱਤ ਹੁੰਦਾ
ਪਿਤਾ ਹੱਸਿਆ, ਬਹੁਤ ਹੱਸਿਆ ਤੇ ਫਿਰ ਪਥਰਾ ਗਿਆ ਆਖ਼ਰ।

## 2

ਲੈ ਕੇ ਆਈ ਹੈ ਹਵਾ ਕੈਸੀ ਖ਼ਬਰ ਮੇਰੇ ਲਈ।
ਫੁੱਲ ਦੀ ਪੱਤੀ ਅਤੇ ਤਿਤਲੀ ਦਾ ਪਰ ਮੇਰੇ ਲਈ।

ਅਪਣੀ ਅਪਣੀ ਹੈਸੀਅਤ ਅਨੁਸਾਰ ਫੁੱਲ, ਪੱਤਾ ਜਾਂ ਖ਼ਾਰ
ਤੋਹਫ਼ਾ ਲੈ ਕੇ ਆਇਆ ਹੈ ਹਰ ਇਕ ਬਸ਼ਰ ਮੇਰੇ ਲਈ।

ਜਿਸ ਤਰ੍ਹਾਂ ਬਸ ਮੈਂ ਹੀ ਹੋਵਾਂ ਉਸ ਦਿਆਂ ਰਾਹਾਂ ਦੀ ਰਾਤ
ਲਿਸ਼ਕਦਾ ਹੈ ਉਸ ਦਾ ਖੰਜਰ ਇਸ ਕਦਰ ਮੇਰੇ ਲਈ।

ਹਰ ਸੁਬ੍ਹਾ ਕਿਰਚਾਂ ਨੇ ਅੱਖਾਂ ਮੇਰੀਆਂ ਵਿਚ ਚੁੱਭਦੀਆਂ
ਸੁਪਨਿਆਂ ਵਿਚ ਉਸਰਦਾ ਸ਼ੀਸ਼ੇ ਦਾ ਘਰ ਮੇਰੇ ਲਈ।

ਦਸਤਕਾਂ ਦੇ ਦੇ ਕੇ ਮੇਰੇ ਹੱਥ ਜ਼ਖ਼ਮੀ ਹੋ ਗਏ
ਫਿਰ ਕਿਤੇ ਜਾ ਕੇ ਸੀ ਖੁਲ੍ਹਿਆ ਉਸ ਦਾ ਦਰ ਮੇਰੇ ਲਈ।

ਮੈਂ ਹੀ ਦੇਵਾਂਗੀ ਚੁਣੌਤੀ ਇਹਦੇ ਖ਼ੂਨੀ ਭੰਵਰ ਨੂੰ
ਸੁਹਣਿਆਂ! ਤੂੰ ਅੱਗ ਦਾ ਦਰਿਆ ਨਾ ਤਰ ਮੇਰੇ ਲਈ।

ਬਾਰੀਆਂ ਬੂਹੇ ਵੀ ਜਦ ਤੋਂ ਰਲ ਗਏ ਕੰਧਾਂ ਦੇ ਨਾਲ
ਸਾਜ਼ਿਸ਼ੀ ਜਿਹਾ ਹੋ ਗਿਆ ਮੇਰਾ ਹੀ ਘਰ ਮੇਰੇ ਲਈ।

ਆ ਗਈ ਆਖ਼ਰ ਨੂੰ ਤੀਰਾਂ ਨੇਜ਼ਿਆਂ 'ਚੋਂ ਲੰਘ ਕੇ
ਇਹ ਮੁਹੱਬਤ ਦੀ ਭਰੀ ਹੋਈ ਨਜ਼ਰ ਮੇਰੇ ਲਈ।

ਭੁੱਲ ਹੋ ਗਈ ਚੰਨ ਕਹਿ ਦਿੱਤਾ ਮੈਂ ਤੇਰੇ ਹੁਸਨ ਨੂੰ
ਮਾਫ਼ ਕਰ, ਅਸਮਾਨ ਤੋਂ ਹੇਠਾਂ ਉਤਰ ਮੇਰੇ ਲਈ।

(845, ਆਈ. ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ)

**ਹਰਭਜਨ ਸਿੰਘ ਹੁੰਦਲ ਦੀਆਂ**

*ਛਪ ਗਈਆਂ ਨਵੀਆਂ ਪੁਸਤਕਾਂ*

1. *ਸੰਨ-ਸੰਤਾਲੀ ਦੇ ਦਿਨ (ਯਾਦਾਂ)*
2. *ਚਿੱਤਰਕਾਰ ਅੰਮ੍ਰਿਤਾ ਸ਼ੇਰਗਿੱਲ ਦੀ ਜੀਵਨੀ (ਅਨੁਵਾਦ)*
3. *ਨਾਜ਼ਿਮ ਹਿਕਮਤ - ਚੋਣਵੀਂ ਕਵਿਤਾ (ਭਾਗ-ਦੂਜਾ)*
4. *ਐਮਰਜੈਂਸੀ ਦੀ ਕਰੋਪੀ (ਯਾਦਾਂ)*



ਨਜ਼ਮ

# ਮੇਰਾ ਬਾਪੂ ਕਾਮਰੇਡ ਸੁਰਜੀਤ ਗਿੱਲ

ਅਮਰਦੀਪ ਗਿੱਲ

ਬਾਪੂ
ਰਾਤਾਂ ਨੂੰ ਚੰਨ ਦਾ ਰਾਹ ਕੱਟਦਾ ਸੀ,
ਬਾਪੂ
ਦਿਨ ਵੇਲੇ ਸੂਰਜ ਚੁੱਕ ਕੇ ਤੁਰਦਾ ਸੀ,
ਕੀ ਹੋਇਆ ਜੇ
ਵਕਤ ਬਾਪੂ ਦੀ ਮੰਜ਼ਿਲ ਨਹੀਂ ਬਣਿਆ
ਪਰ ਮਾਣ ਹੈ ਮੈਨੂੰ ਕਿ
ਹਮੇਸ਼ਾ ਸਫ਼ਰ 'ਚ ਰਿਹਾ ਮੇਰਾ ਬਾਪੂ!
ਮੈਂ ਬਾਪੂ ਦੇ ਹੱਥ ਵਿਚ
ਕਲਮ ਵੀ ਵੇਖੀ ਹੈ
ਅਤੇ ਬੰਦੂਕ ਵੀ,
ਇਸਦਾ ਅਰਥ ਹੈ ਕਿ
ਬਾਪੂ ਨੂੰ ਪਤਾ ਨੇ
ਯੋਧੇ ਅਤੇ ਵਿਦਵਾਨ ਦੇ ਅਰਥ!
ਪਰ
ਬਾਪ, ਮਾਂ, ਨਾਨਕੇ, ਦਾਦਕੇ ਜਿਹੇ
ਅਨੇਕਾਂ ਰਵਾਇਤੀ ਸ਼ਬਦਾਂ ਦੇ
ਸਮਝ ਆਉਣ ਵਾਲੇ ਅਰਥਾਂ ਤੋਂ
ਹਮੇਸ਼ਾ ਅਣਜਾਣ ਹੀ ਰਿਹਾ ਬਾਪੂ!
ਬਾਪੂ ਹਮੇਸ਼ਾ
ਸੰਬੋਧਨਾਂ 'ਚੋਂ ਰਿਸ਼ਤੇ ਲੱਭਦਾ ਰਿਹਾ
ਅਤੇ ਕਰਦਾ ਰਿਹਾ-
ਲਹੂ ਵਿਚ ਤੈਰਦੇ ਪਾਣੀ ਨੂੰ ਬੇਦਖ਼ਲ
ਬਾਪੂ ਭਾਵੇਂ ਕਦੇ ਵੀ ਸੁੱਤਾ ਨਹੀਂ
ਪਰ ਫਿਰ ਵੀ ਜਦੋਂ ਜਾਗਿਆ
ਤਾਂ ਉਹ ਧਰਤੀ ਦੇ ਉਸ ਕੋਨੇ 'ਤੇ ਖੜ੍ਹਾ ਸੀ
ਜਿਸ ਤੋਂ ਪੁੱਠਾ ਮੁੜਨਾ ਵੀ ਔਖਾ ਸੀ
ਤੇ ਅੱਗੇ ਜਾਣਾ ਵੀ!
ਆਪਣੀ ਵਿਚਾਰਧਾਰਾ ਦੀ ਸਰਹੱਦ ਤੇ ਬੈਠਾ
"ਸਰਹੱਦ-ਚੌਂਕੀ" ਦਾ ਫ਼ਰਜ਼ ਨਿਭਾਉਂਦਾ ਹੈ!
ਬਾਪੂ ਕੋਲ ਯਾਦਾਂ ਦੀ ਲਾਇਬਰੇਰੀ ਹੈ
ਹਾਰੇ ਯੁੱਧਾਂ 'ਤੇ ਪਛਤਾਵੇ ਦੇ ਪੁਲੰਦੇ ਨੇ
ਜਿੱਤੇ ਯੁੱਧਾਂ ਦਾ ਗੌਰਵਸ਼ਾਲੀ ਇਤਿਹਾਸ ਹੈ!
ਹੁਣ ਬਾਪੂ
ਬੱਸ ਚੜ੍ਹਨ ਲੱਗਾ ਕੰਬਣ ਲੱਗਦਾ ਹੈ
ਪਿਸ਼ਾਬ ਕਰਨ ਗਿਆ ਡਿੱਗ ਪੈਂਦਾ ਹੈ
ਉਹ ਬਾਪੂ
ਜੋ ਹਥਿਆਰਬੰਦ ਲੜਾਈਆਂ ਲੜਦਾ
ਕਾਨੂੰਨਦਾਨਾਂ ਨੂੰ ਗਾਹਲਾਂ ਕੱਢਦਾ
ਹਰ ਹੈਂਕੜ ਦੀ ਦਾਹੜੀ ਨੂੰ ਪੈ ਨਿਕਲਦਾ ਸੀ
ਜੋ ਟਿੱਚ ਜਾਣਦਾ ਸੀ ਕੁਰਸੀਆਂ ਦੀ ਧੌਂਸ ਨੂੰ
ਹਵੇਲੀਆਂ ਦੀ ਛਾਂ ਨੂੰ
ਜੋ ਕਦੇ ਨਹੀਂ ਹੱਸਿਆ
ਨੋਟਾਂ 'ਤੇ ਹਸਦੇ ਗਾਂਧੀ ਦੇ ਹਾਸੇ ਵਿੱਚ
ਜਿਸਨੇ ਲਗਾਇਆ ਹਰ ਵੇਰ ਠਹਾਕਾ
ਆਪਣੇ ਹੀ ਪਾਟੇ ਖੀਸੇ 'ਚੋਂ ਨਿਕਲ ਗਏ
ਆਪਣੇ ਹੀ ਖਾਲੀ ਹੱਥ ਉੱਤੇ!
ਉਹ ਬਾਪੂ ਹੁਣ
ਆਪਣੇ ਸਮਿਆਂ ਦਾ ਅਜਾਇਬ ਘਰ ਹੈ
ਆਓ, ਮਿਲੋ ਤੇ ਵੇਖੋ
ਕਿਉਂਕਿ ਦੁਨੀਆਂ ਵਿਚ ਕਦੇ
ਇਸ ਤਰ੍ਹਾਂ ਦਾ
ਅਜਾਇਬ ਘਰ ਵੀ ਨਹੀਂ ਹੋਣਾ!

•••

# ਦੋ .ਗ਼ਜ਼ਲਾਂ / ਹਰਮਿੰਦਰ ਕੋਹਾਰਵਾਲਾ

## 1

ਲੱਭਣ ਗਏ ਸਨ ਜੋ ਪਰਦੇਸੀਂ, ਛਾਵਾਂ ਦੇ ਸਿਰਨਾਵੇਂ।
ਪੁੱਛਣ ਆ ਕੇ ਮੜ੍ਹੀਆਂ ਕੋਲੋਂ ਮਾਵਾਂ ਦੇ ਸਿਰਨਾਵੇਂ।

ਉਹ ਵੀ ਆਪਣੇ ਚਾਅ ਲਾਹ ਲੈਂਦੇ, ਜੋ ਉਮਰਾਂ ਤੋਂ ਤਰਸਣ,
ਜੋ ਸੜਕਾਂ ’ਤੇ ਆ ਕੇ ਪੁੱਛਦੇ, ਚਾਵਾਂ ਦੇ ਸਿਰਨਾਵੇਂ।

ਨਾ ਬੱਦਲ ਨਾ ਬੋਹੜ ਉੱਥੇ, ਧੁੱਪਾਂ ਦੇ ਵਿਚ ਸੜਦੈ,
ਉਹ ਮਾਰੂਥਲ ਪੁੱਛੇਗਾ ਕਦ ਛਾਵਾਂ ਦੇ ਸਿਰਨਾਵੇਂ।

ਕੁੱਖਾਂ ਦੇ ਵਿਚ ਬੀੜ ਮਸ਼ੀਨਾਂ ਕਬਰਸਤਾਨ ਬਣਾਈਏ,
ਕਿੱਥੋਂ ਲੱਭਣਗੇ ਪੁੱਤ ਪੋਤੇ, ਲਾਵਾਂ ਦੇ ਸਿਰਨਾਵੇਂ।

ਉਹਨਾਂ ਦੇ ਸਿਰਨਾਵੇਂ ਲਿਖੀਏ, ਕਾਲੀ ਸੂਚੀ ਉੱਤੇ,
ਜੋ ਲਾਸ਼ਾਂ ’ਤੇ ਲਿਖਦੇ, ਸੂਰਾਂ ਗਾਵਾਂ ਦੇ ਸਿਰਨਾਵੇਂ।

ਏਸ ਫ਼ਿਜ਼ਾ ਵਿਚ ਤੇਰੇ ਵਾਂਗੂੰ ਇਸ ਦਾ ਵੀ ਦਮ ਘੁਟਦੈ,
ਇਸ ਹੁੰਮਸ ਨੂੰ ਦੱਸੀਂ ਯਾਰਾ ’ਵਾਵਾਂ ਦੇ ਸਿਰਨਾਵੇਂ।

ਉਹ ਤਾਂ ਅਗਲੀ ਪੀੜ੍ਹੀ ਨੂੰ ਵੀ ਮੜ੍ਹੀਆਂ ਦੇ ਰਾਹ ਪਾਵੇ,
ਗੁੰਮ ਜਾਂਦੇ ਜਿਸ ਪੀੜ੍ਹੀ ਕੋਲੋਂ ਰਾਹਵਾਂ ਦੇ ਸਿਰਨਾਵੇਂ।

ਜੂਨ ਹੀ ਤਾਂ ਭੋਗਣੀ ਹੈ।
ਕੀ ਅਸਾਡੀ ਸੋਚਣੀ ਹੈ।

ਚੰਦ ਚਾੜ੍ਹੇ ਰੋਜ਼ ਜਿਹੜਾ,
ਓਸ ਦੀ ਇਹ ਚਾਨਣੀ ਹੈ।

ਰਾਤ ਕਾਲੀ ਨਾਗਣੀ ਹੈ।
ਤਾਰਿਆਂ ਨੇ ਮਾਂਜਣੀ ਹੈ।

ਛਾਣ ਏਸੇ ਦੇਸ਼ ਦੇ ਵਿਚ,
ਖ਼ਾਕ ਹੀ ਜੇ ਛਾਨਣੀ ਹੈ।

ਹੁਣ ਵਰੋਲੇ ਦਿਸਣਗੇ ਹੀ,
ਰੂਹ ਅਸਾਡੀ ਛਾਨਣੀ ਹੈ।

ਫੋਲ ਤੂੰ ਵੀ ਦਿਲਬਰਾ ਦਿਲ,
ਜੇ ਦਿਲਾਂ ਦੀ ਜਾਨਣੀ ਹੈ।

ਮਸਤ ਹੋਈ ਮੱਸਿਆ ਇਹ,
ਕੀ ਸਿਰਾਂ ’ਤੇ ਤਾਨਣੀ ਹੈ।

ਸਾਧ ਭਰ ਭਰ ਬਗਲੀਆਂ ਵੀ,
ਕਹਿਣ ਮਾਇਆ ਨਾਗਣੀ ਹੈ।





# ਦੋ .ਗ਼ਜ਼ਲਾਂ / ਅਖ਼ਲਾਕ ਆਤਿਫ਼

## 1

ਅੱਖੀਆਂ ਦੇ ਫੁੱਲਾਂ ਨੂੰ ਖੌਰੇ, ਫੇਰ ਤਰੇਲ ਨਾ ਲੱਭੇ।
ਜਿੰਦੇ ਰੱਜ ਕੇ ਰੋ ਲਈਂ ਕਿਧਰੇ ਭਲਕੇ ਵਿਹਲ ਨਾ ਲੱਭੇ।

ਹਿਜਰ ਤ੍ਰਿੰਞਣੀਂ ਯਾਦਾਂ ਆਈਆਂ, ਲਾ ਹੰਝੂਆਂ ਦੀ ਮਹਿੰਦੀ,
ਖੌਰੇ ਦਰਦਾਂ ਨੂੰ ਫਿਰ ਐਸਾ ਭਰਵਾਂ ਮੇਲ ਨਾ ਲੱਭੇ।

ਸਾਡੀ ਸੋਚ ਹਯਾਤੀ ਨੂੰ ਜੋ ਦੇ ਗਿਆ ਦੁੱਖ ਰੁਝੇਵੇਂ,
ਉਹਨੂੰ ਸੁੱਖ ਹੰਢਾਵਣ ਤੋਂ ਹੀ ਸ਼ਾਲਾ ਵਿਹਲ ਨਾ ਲੱਭੇ।

ਮੰਨਿਆ ਖੁਸ਼ੀ ਕਿ ਕਿਸੇ ਨੂੰ ਕੋਈ ਨਾਲ ਨਸੀਬਾਂ ਲੱਭੇ,
ਐਪਰ ਕੋਈ ਖੁਸ਼ੀ ਕਿਸੇ ਨੂੰ ਕਦੀ ਕੁਵੇਲ ਨਾ ਲੱਭੇ।

ਮਫਰੂਰਾਂ ਦੇ ਵਾਂਗੂ ਜੀਵੇ, ਲਾਵਾਰਸ ਮਰ ਜਾਣ,
ਅੱਖੀਆਂ ਦੇ ਚਿੱਤ ਚੋਰ ਨੂੰ ਜੇ ਕਰ ਦਿਲ ਦੀ ਜੇਲ੍ਹ ਨਾ ਲੱਭੇ।

‘ਆਤਿਫ਼’, ਆਸ਼ਕ ਤੇ ਪ੍ਦੇਸੀ ਧੱਕੇ ਧੌੜੇ ਖਾ ਕੇ,
ਟਿਕਟ ਕਦੀ ਜੇ ਲੈ ਵੀ ਲੈਣ ਤੇ ਕੋਈ ਰੇਲ ਨਾ ਲੱਭੇ।

## 2.

ਜੇਕਰ ਜਜ਼ਬੇ ਹੋਣ ਨਾ ਸੱਚੇ, ਕਦੇ ਮੁਹੱਬਤ ਮਿਲਦੀ ਨਹੀਂ
ਮੰਗਣ ਨਾਲ ਕਿਸੇ ਕੋਲੋਂ ਵੀ ਐਨੀ ਦੌਲਤ ਮਿਲਦੀ ਨਹੀਂ।

ਉਹਨੂੰ ਜਿਸਮ ਤਕਾਜ਼ੇ ਪਿਆਰੇ, ਸਾਨੂੰ ਰੂਹ ਦੀ ਸਰਸ਼ਾਰੀ,
ਗੂੜ੍ਹੇ ਸੱਜਣ ਨਾਲ ਵੀ ਸਾਡੀ ਖਾਸ ਜ਼ਰੂਰਤ ਮਿਲਦੀ ਨਹੀਂ।

ਕੁਝ ਲੋਕੀਂ ਇਸ ਸ਼ਹਿਰ ਦੇ ਸਾਥੋਂ, ਐਵੇਂ ਰੁੱਸੇ ਰਹਿੰਦੇ ਨੇ,
ਕੁਝ ਲੋਕਾਂ ਦੇ ਨਾਲ ਅਸਾਡੀ, ਆਪ ਤਬੀਅਤ ਮਿਲਦੀ ਨਹੀਂ।

ਆਪਣੇ ਹਾਸੇ ਕਰ ਲਈ ਸ਼ਾਮਿਲ ਮੈਂ ਬਜ਼ਾਰੀ ਹਾਸਿਆਂ ਵਿਚ,
ਰੋਣ ਰੁਆਉਣ ਦੀ ਤੇ ਏਥੇ ਉਂਝ ਵੀ ਫੁਰਸਤ ਮਿਲਦੀ ਨਹੀਂ।

ਚਿੱਤਰ ਉਲੀਕੇ, ਕਵਿਤਾ ਲਿਖਦਾ, ਸਮਝੇ ਮੂਡ ਇਸ਼ਾਰੇ ਨੂੰ,
‘ਆਤਿਫ਼’ ਦੇ ਧੰਨ ਭਾਗ, ਕਿਸੇ ਨੂੰ ਐਸੀ ਸੰਗਤ ਮਿਲਦੀ ਨਹੀਂ।

ਪੰਜਾਬੀ ਕਹਾਣੀ

# ਚੱਕਰਵਿਊ

ਡਾ. ਕਰਮਜੀਤ ਸਿੰਘ ਨਡਾਲਾ

ਸਵੇਰੇ ਛੇਤੀ-ਛੇਤੀ ਤਿਆਰ ਹੋਣ ਲੱਗਾ। ਬੁਰਸ਼ ਕਰ। ਨਹਾ ਧੋ, ਦਾੜ੍ਹੀ ਬੰਨ੍ਹ ਮੈਂ ਚਾਹ ਪੀਣ ਬੈਠ ਗਿਆ। ਸਾਹਮਣੇ ਟੀ. ਵੀ. ਚਲ ਰਿਹੈ। ਸੜਦਾ-ਬਲਦਾ ਕੱਪ ਗਲੇ 'ਚ ਸੁੱਟ ਕੇ ਫਟਾਫਟ ਉੱਠਿਆ। ਅਲਮਾਰੀ 'ਚੋਂ ਪੱਗ ਕੱਢਕੇ, ਬੂਹੇ ਦੀ ਚਿਟਕਨੀ ਨਾਲ ਟੰਗੇ ਸ਼ੀਸ਼ੇ ਨਾਲ ਬੰਨ੍ਹਣ ਡਹਿ ਪਿਆ।

ਕਾਹਲ ਕਰਕੇ ਮਨ 'ਚ ਉਥਲ-ਪੁਥਲ ਹੋ ਰਹੀ। ਹਮੇਸ਼ਾ ਹੀ ਇਸੇ ਦਿਨ ਇੰਜ ਹੋ ਜਾਂਦੈ। ਅਜੀਬ ਕਿਸਮ ਦਾ ਡਰ ਤੇ ਘਬਰਾਹਟ ਦਿਲੋ-ਦਿਮਾਗ 'ਚ ਪਸਰ ਜਾਂਦੈ। ਚਿੱਤ ਹੋਰੂੰ-ਹੋਰੂੰ ਜਿਹਾ ਹੋਈ ਜਾਂਦੈ। ਤਰੀਕ ਹਰ ਮਹੀਨੇ ਪੈਂਦੀ ਏ। ਚਲਾ ਜਾਨਾਂ ਤੇ ਤਰੀਕ ਲੈ ਕੇ ਵਾਪਸ ਆ ਜਾਨਾਂ। ਇਹੋ ਕੁਝ ਹੀ ਤਾਂ ਇਨ੍ਹਾਂ ਸਾਲਾਂ 'ਚ ਹੋਇਐ।

ਜੱਜ ਸਾਹਮਣੇ ਪਹੁੰਚਣ ਤੱਕ ਤਾਂ ਇੰਜ ਲੱਗਦੈ ਜਿਵੇਂ ਉਮਰ ਕੈਦ ਜਾਂ ਸਜ਼ਾਏ ਮੌਤ ਦਾ ਹੁਕਮ ਹੋ ਜਾਣਾ ਹੁੰਦੈ। ਅਜੀਬ ਕਿਸਮ ਦੀ ਘਬਰਾਹਟ-ਨੁਮਾ ਡਰ ਨਾਲ ਲੂ-ਕੰਡੇ ਖੜੇ ਹੋ ਜਾਂਦੇ ਨੇ। ਜਦੋਂ ਕਿ ਮੈਂ ਇਹ ਵੀ ਜਾਣਦਾ, ਇੰਜ ਏਡੀ ਛੇਤੀ ਕਿੱਥੇ ਹੁੰਦੈ। ਉਹ ਵੀ ਸਾਡੀਆਂ ਕਚਹਿਰੀਆਂ 'ਚ। ਪਰ ਫਿਰ ਵੀ ਇੰਜ ਹੋਈ ਜਾ ਰਿਹੈ।

ਕਚਹਿਰੀਆਂ ਦੇ ਮੱਥੇ ਉੱਤੇ ਜਿਵੇਂ ਡਰ ਤੇ ਘਬਰਾਹਟ ਸ਼ਬਦ ਪੱਕੇ ਖੁਣ ਦਿੱਤੇ ਹੋਣ। ਜਿਵੇਂ ਇਹ ਦੋਵੇਂ ਸ਼ਬਦ ਕਚਹਿਰੀਆਂ 'ਚ ਪਹੁੰਚਦਿਆਂ ਹੀ ਦਹਿਸ਼ਤਨੁਮਾ ਹੋ ਜਾਂਦੇ ਨੇ।

ਗੁੱਸਾ ਆਉਂਦੈ ਇਸ ਕਾਨੂੰਨ ਉੱਤੇ ਤੇ ਕਾਨੂੰਨ ਬਣਾਉਣ ਵਾਲਿਆਂ 'ਤੇ। ਪਰ ਬੇਵਸੀ। ਕਿਸ 'ਤੇ ਗੁੱਸਾ ਕੱਢੀਏ। ਕਾਨੂੰਨ ਦੀਆਂ ਢਿੱਲੀਆਂ ਚੂਲਾਂ 'ਤੇ ਜਾਂ ਆਪਣੇ ਆਪ 'ਤੇ। ਮੈਨੂੰ ਖਿੱਝ ਜਿਹੀ ਆਉਂਦੀ ਏ। ਕਚਿਐਣ ਆਉਂਦੀ ਏ। ਜਿਵੇਂ ਦਲਦਲ 'ਚ ਫਸਿਆ ਹੋਵਾਂ। ਤੇ ਬਾਹਰ ਨਿਕਲਣ ਲਈ ਹੱਥ ਪੱਲਾ ਮਾਰ ਰਿਹਾ ਹੋਵਾਂ।

ਇਹਨਾਂ ਸੋਚਾਂ ਨਾਲ ਗੁੱਥਮ-ਗੁੱਥਾ ਹੁੰਦਿਆਂ ਪੱਗ ਬੱਝ ਗਈ। ਕੱਪੜੇ ਪਾ ਕੇ ਮੋਟਰਸਾਈਕਲ ਨੂੰ ਕਿੱਕ ਮਾਰੀ। ਬਾਹਰ ਧੁੰਦ ਹੀ ਧੁੰਦ। ਕੁਝ ਦਿਖਾਈ ਨਹੀਂ ਦੇ ਰਿਹਾ। ਦਿਨੇ ਹੀ ਗੱਡੀਆਂ ਦੀ ਲਾਈਟਾਂ ਜੱਗ ਰਹੀਆਂ। ਵਿਰਲਾਂ ਟਾਵਾਂ ਰਾਹੀ ਆ ਜਾ ਰਿਹਾ। ਲੋਈਆਂ ਖੇਸਾਂ ਦੀ ਬੁੱਕਲਾਂ 'ਚ ਲੁਕੇ ਲੋਕ। ਕੁੰਗੜੇ ਤੇ ਬੌਣੇ-ਬੌਣੇ ਜਿਹੇ, ਬਰਸਾਤ 'ਚ ਭਿੱਜੇ ਕਾਵਾਂ ਵਰਗੇ।

ਬਾਜ਼ਾਰਾਂ 'ਚ ਬੇ-ਰੌਣਕੀ। ਵਿਰਲੀ ਟਾਂਵੀਂ ਖੁੱਲ੍ਹੀ ਹੋਈ ਦੁਕਾਨ। ਕਿਤੇ-ਕਿਤੇ ਢਾਣੀਆਂ ਬਣਾ-ਬਣਾ, ਗੱਤੇ ਲੱਕੜੀਆਂ ਬਾਲ-ਬਾਲ ਅੱਗ ਸੇਕਦੇ ਲੋਕ। ਕਕਰੀਲੀ ਠੰਡ ਨੂੰ ਹੱਡਾਂ 'ਚੋਂ ਬਾਹਰ ਕੱਢਣ ਦੀ ਕੋਸ਼ਿਸ਼ 'ਚ।

ਮੋਟਰ ਸਾਈਕਲ ਹਸਪਤਾਲ ਦੇ ਸਾਹਮਣੇ ਖੜ੍ਹਾ ਕਰਦਿਆਂ ਇੱਕ ਸਰਸਰੀ ਨਜ਼ਰ



ਹਸਪਤਾਲ ਦੇ ਸਾਰੇ ਪਾਸੇ ਘੁਮਾਈ। ਧੁੰਦ 'ਚ ਉਹ ਸਾਰਾ ਹੀ ਮੈਨੂੰ ਫਿੱਕਾ-ਫਿੱਕਾ, ਬਕਬਕਾ ਜਿਹਾ ਲੱਗਾ। ਜਿਵੇਂ ਸਾਰੀ ਰਾਤ ਠੰਡ 'ਚ ਖੜਾ ਠਰ ਗਿਆ ਹੋਵੇ ਤੇ ਮੈਨੂੰ ਕੋਈ ਉਲਾਂਭਾ ਦੇ ਰਿਹਾ ਹੋਵੇ।

ਹਸਪਤਾਲ ਅੰਦਰ ਸਿਆਲਾਂ ਦੀ ਬੇ-ਰੌਣਕੀ। ਇੱਕਾ-ਦੁੱਕਾ ਦਾਖ਼ਲ ਮਰੀਜ਼। ਰਿਸੈਪਸ਼ਨ 'ਤੇ ਬੈਠੀ ਰਾਤ ਦੀ ਡਿਊਟੀ ਵਾਲੀ ਨਰਸ ਨੇ 'ਸਾ-ਸਰੀ-ਅਕਾਲ- ਡਾਕਟਰ ਸਾਹਿਬ' ਕਿਹਾ। ਮੈਂ ਸਿਰ ਹਿਲਾ ਕੇ ਉਸਦਾ ਜੁਆਬ ਦਿੱਤਾ ਤੇ ਆਪਣੇ ਕਮਰੇ 'ਚ ਜਾ ਵੜਿਆ। ਕੁਰਸੀ ਤੋਂ ਛੋਟਾ ਤੌਲੀਆ ਚੁੱਕ ਕੇ ਮੂੰਹ 'ਤੋਂ ਤਰੇਲ ਪੂੰਝਣ ਲੱਗ ਪਿਆ ਤੇ ਡਰੇ ਹੋਏ ਹੱਥ ਇੱਕ-ਦੂਜੇ ਨਾਲ ਮਲਦਿਆਂ ਕੁਰਸੀ 'ਤੇ ਬੈਠ ਗਿਆ। ਇੱਕ ਲੰਬਾ ਹੌਕਾ ਲਿਆ।

ਕਾਲ ਬੈੱਲ ਵਜਾਈ। ਨਰਸ ਨੇ ਆ ਕੇ ਰਾਤ ਦੀ ਕਾਰਵਾਈ ਦਾ ਕੱਚਾ ਚਿੱਠਾ ਮੇਰੇ ਸਾਹਮਣੇ ਪੇਸ਼ ਕਰ ਦਿੱਤਾ।

"ਸਰ ........ ਮਰੀਜ਼ ਠੀਕ ਨੇ..........।"

"ਰਣਜੀਤ ਕਿੱਥੇ ਐ...........?"

"ਜੀ......... ਉਹ ਤਾਂ ਚਲੀ ਗਈ ਸਾਢੇ ਸੱਤ ਵਜੇ ਹੀ.........।"

"ਹੈਂ! ਚਲੀ ਗਈ? ਉਹ ਕਿਉਂ? ਪਹਿਲਾਂ ਤੇ ਮੈਨੂੰ ਉਡੀਕ ਕੇ ਜਾਂਦੀ ਹੁੰਦੀ ਸੀ। ਅੱਜ ਉਹਨੂੰ ਕੀ ਕਾਹਲ ਪੈ ਗਈ........।"

"ਜੀ ਕਹਿੰਦੀ ਸੀ, ਡਾਕਟਰ ਸਾਹਿਬ ਨੂੰ ਦੱਸ ਦੇਣਾ ..... ਕੋਈ ਜ਼ਰੂਰੀ ਕੰਮ ਏ, ਨਾਲੇ ਬਿਊਟੀ ਪਾਰਲਰ ਜਾਣੈ.........।"

"ਸਵੇਰੇ-ਸਵੇਰੇ ਬਿਊਟੀ ਪਾਰਲਰ ਦੀ ਅੱਗ ਲੱਗ ਗਈ ....... ਕਿੱਲਾਂ ਖਾਧਾ ਥੋਬੜਾ ਬਿਊਟੀ ਪਾਰਲਰ ਜਾ ਕੇ ਕਿੰਨਾ ਕੁ ਨਿਖਰ ਜਾਊ। ਮੈਨੂੰ ਉਡੀਕਣ ਤੋਂ ਪਹਿਲਾਂ ਹੀ ਚਲੀ ਗਈ। ਜੇ ਕਿਸੇ ਮਰੀਜ਼ ਨੂੰ ਕੁਝ ਹੋ ਜਾਵੇ, ਕੋਈ ਐਮਰਜੈਂਸੀ ਆ ਜਾਵੇ ਤਾਂ ਫੇਰ ਕੌਣ ਦੇਖਦਾ। ਸਿਆਣੀ-ਬਿਆਣੀ, ਸੀਨੀਅਰ ਨਰਸ ਹੋ ਕੇ ਏਡੀ ਵੱਡੀ ਲਾਪਰਵਾਹੀ ...... ਕਮਾਲ ਕਰ 'ਤੀ ਏਸ ਕੁੜੀ ਨੇ। ਸ਼ਾਮ ਨੂੰ ਆਉਂਦੀ ਦੀ ਖਬਰ ਲੈਨਾਂ ........ ਵਰਿੰਦਰ ਵੀ ਨਹੀਂ ਆਈ ਅਜੇ ........।"

"ਨਹੀਂ, ਡਾਕਟਰ ਸਾਹਿਬ ........।"

"ਚਲੋ ਖ਼ੈਰ ......... ਤੂੰ ਬੈਠ ...........।" ਮੈਂ ਕੁਰਸੀ 'ਤੇ ਢੋ ਲਾ ਕੇ ਬੈਠ ਗਿਆ। ਮੈਨੂੰ ਰਣਜੀਤ 'ਤੇ ਬੜਾ ਗੁੱਸਾ ਆ ਰਿਹਾ ਸੀ। ਪਰ ਫੇਰ ਮੈਂ ਆਪਣੇ ਮਨੋ-ਮਨ ਹੀ ਉਸਨੂੰ ਮੁਆਫ਼ ਕਰ ਦਿੱਤਾ। ਉਸਨੇ ਅੱਗੇ ਪੰਜਾਂ ਮਹੀਨਿਆਂ 'ਚ ਕੋਈ ਗਲਤੀ ਨਹੀਂ ਸੀ ਕੀਤੀ। ਬੜੀ ਭੋਲੀ-ਭਾਲੀ ਤੇ ਆਪਣੇ ਕੰਮ ਨੂੰ ਬੜੀ ਲਗਨ ਨਾਲ ਕਰਨ ਵਾਲੀ ਨਰਸ। ਚਲੋ ਖ਼ੈਰ.......।

ਇਸ ਸੋਚ ਤੋਂ ਮੁਕਤ ਹੁੰਦਿਆਂ ਹੀ ਮੇਰਾ ਖ਼ਿਆਲ ਸਾਹਮਣੇ ਕੰਧ 'ਤੇ ਟਨ-ਟਨ ਵਜ ਰਹੇ ਕਲਾਕ ਵੱਲ ਗਿਆ, ਸਾਢੇ ਨੌਂ। ਮੇਰੀ ਘਬਰਾਹਟ ਹੋਰ ਵਧ ਗਈ। ਅੱਧਾ ਘੰਟਾ ਰਹਿ ਗਿਐ। ਅਜੇ ਤੱਕ ਕੋਈ ਨਹੀਂ ਆਇਆ। ਸਿਆਲਾਂ 'ਚ ਕਿਸੇ ਦਾ ਘਰੋਂ ਨਿਕਲਣ ਨੂੰ ਜੀ ਵੀ ਕਿੱਥੇ ਕਰਦੈ। ਰਜਾਈ ਹੀ ਨਹੀਂ ਛੱਡਦੀ। ਕਪੂਰਥਲੇ ਪਹੁੰਚਦਿਆਂ ਵੀ ਸਮਾਂ ਲੱਗਣੈ। ਹਸਪਤਾਲ

ਕਿਸਨੂੰ ਸੌਂਪ ਕੇ ਜਾਵਾਂ? ਲੇਡੀ ਡਾਕਟਰ ਨੇ ਅਜੇ ਗਿਆਰਾਂ ਵਜੇ ਮਸਾਂ ਪਹੁੰਚਣੈਂ।

ਇਸੇ ਕਾਹਲ 'ਚ ਹੀ ਮੈਂ ਉੱਠ ਕੇ ਬੈਠੀ ਨਰਸ ਨੂੰ ਨਾਲ ਲੈ ਕੇ ਅੰਦਰ ਜਨਰਲ ਵਾਰਡ 'ਚ ਪਏ ਦੋ ਮਰੀਜ਼ਾਂ ਨੂੰ ਚੈੱਕ ਕਰ ਆਉਨਾਂ। ਉਹਨਾਂ ਦੀ ਹਾਲਤ ਸਥਿਰ ਏ।

ਏਨੇ ਚਿਰ 'ਚ ਸਾਹਮਣਿਉਂ ਨਰਸ ਵਰਿੰਦਰ ਤੇ ਲੈਬੋਰਟਰੀ ਵਾਲੀ ਕਿਰਨ ਮੈਡਮ ਆ ਨਿਕਲੀਆਂ। ਮਾੜਾ ਜਿਹਾ ਸਾਹ ਸੌਖਾ ਹੋਇਆ। ਕੋਈ ਜ਼ਿੰਮੇਵਾਰ ਸਟਾਫ ਤਾਂ ਪਹੁੰਚਾ।

"ਵਰਿੰਦਰ .......ਮੈਡਮ ਕਿਰਨ ਐਨਾ ਲੇਟ .....ਜਲਦੀ ਆਪਣੀ ਡਿਊਟੀ ਸੰਭਾਲੋ, ਮੈਂ ਤਰੀਕ 'ਤੇ ਜਾਣੈ ...... ਇੰਜ ਕਰਿਓ ........ ਐਂ ਕਰਿਓ......।" ਮੈਂ ਕਾਹਲੀ-ਕਾਹਲੀ ਉਹਨਾਂ ਨੂੰ ਸਮਝਾ ਰਿਹਾਂ। ਫ਼ੋਨ ਦੀ ਘੰਟੀ ਖੜਕੀ। ਮੈਂ ਆਪਣੇ ਕਮਰੇ ਵੱਲ ਦੌੜਿਆ।

"ਭਾ ਜੀ ਛੇਤੀ ਕਰੋ, ਡੈਡੀ ਹੁਰੀਂ ਤਿਆਰ ਨੇ ...... ਬਾਕੀ ਜਣੇ ਵੀ ਆਏ ਬੈਠੇ ਨੇ, ਵੀਹ ਮਿੰਟ ਰਹਿ ਗਏ ਨੇ ਸਾਰੇ ............।"

"ਹਾਂ ..... ਹਾਂ......... ਆਇਆ ਮੈਂ ..........।" ਵਧਦੀ ਕਾਹਲ ਤੇ ਘਬਰਾਹਟ 'ਚ ਮੈਂ ਅਟ-ਪਟ ਜਿਹਾ ਕਹਿ ਗਿਆਂ।

ਸਵੇਰੇ-ਸਵੇਰੇ ਹਸਪਤਾਲ ਛੱਡਕੇ ਜਾਣਾ ਮੈਨੂੰ ਬੜਾ ਮੁਸ਼ਕਿਲ ਕੰਮ ਲੱਗਦੈ। ਕੁਝ ਮਰੀਜ਼ ਮੁੜਦੇ ਨੇ। ਮੇਰੇ ਬਾਰੇ ਪੁੱਛਦੇ ਨੇ। ਉਹਨਾਂ ਮਰੀਜ਼ਾਂ ਨੂੰ ਮਾਯੂਸੀ ਹੁੰਦੀ ਏ। ਪਤਾ ਨਹੀਂ ਉਹਨਾਂ ਲੋਕਾਂ ਨੂੰ ਕਈ ਸਾਲਾਂ ਤੋਂ ਮੇਰੇ ਤੋਂ ਇਲਾਜ ਕਰਵਾਉਂਦਿਆਂ ਰੱਬ ਜਿਹਾ ਯਕੀਨ ਹੋ ਗਿਆ ਲੱਗਦੈ। ਸਾਰੀ ਦਿਹਾੜੀ ਦਵਾਈ ਤੋਂ ਬਗੈਰ ਕੱਢ ਦੇਣਗੇ। ਪਰ ਕਿਸੇ ਹੋਰ ਡਾਕਟਰ ਕੋਲ ਨਹੀਂ ਜਾਣਗੇ। ਮੈਂ ਸ਼ਾਮ ਨੂੰ ਆਵਾਂ ਜਾਂ ਅਗਲੇ ਦਿਨ, ਉਡੀਕਦੇ ਰਹਿਣਗੇ ਤੇ ਕਹਿਣਗੇ "ਡਾਕਟਰ ਸਾਹਿਬ .......ਤੁਹਾਡੇ ਤੋਂ ਬਗੈਰ ਸਾਡਾ ਬੱਚਾ ਕਿਸੇ ਤੋਂ ਠੀਕ ਨੀਂ ਹੁੰਦਾ .......... ਤੁਹਾਡੇ ਹੱਥ ਲੱਗ ਜਾਂਦੇ ਤਾਂ ਸਾਡਾ ਟੈਨੀ ਨੌ-ਬਰ-ਨੌ ਹੋ ਜਾਂਦੈ....।" ਕਦੇ ਕੋਈ ਕਹੇਗਾ, "ਡਾਕਟਰ ਸਾਹਿਬ ਜੀ, ਤੁਹਾਡੇ ਤਾਂ ਕਮਰੇ 'ਚ ਵੜਦਿਆਂ ਹੀ ਦੇਖੋ ਬੱਚੇ ਦਾ ਬੁਖਾਰ ਲਹਿ ਗਿਐ ...... ਹਫ਼ਤਾ ਹੋ ਗਿਆ ... ਮਗਰੋਂ ਨਹੀਂ ਸੀ ਲਹਿਣ ਡਿਹਾ........।" ਇਹੋ ਜਿਹੇ ਫ਼ਿਕਰੇ ਲੋਕ ਅਕਸਰ ਹੀ ਆ ਕੇ ਮੈਨੂੰ ਕਹਿੰਦੇ ਨੇ। ਮਨ ਖੁਸ਼ੀ 'ਚ ਝੂਮ ਉੱਠਦੈ। ਦਿਨ-ਰਾਤ ਮਰੀਜ਼ਾਂ ਕਰਕੇ ਝਾਗੇ ਉਨੀਂਦਰੇ ਤੋਂ ਇੰਜ ਲੱਗਦੈ ਜਿਵੇਂ ਰਾਹਤ ਮਿਲ ਗਈ ਹੋਵੇ। ਸਰੀਰ ਹੌਲਾ ਫੁੱਲ ਹੋ ਜਾਂਦੈ। ਥਕਾਵਟਾਂ ਲਹਿ ਜਾਂਦੀਆਂ। ਜਿਵੇਂ ਕੀਤੀ ਮਿਹਨਤ ਦਾ ਮੁੱਲ ਪੈ ਗਿਆ ਹੋਵੇ।

ਮੇਰੀਆਂ ਸੋਚਾਂ ਦੀ ਲੜੀ ਉਸ ਵੇਲੇ ਟੁੱਟੀ ਜਦੋਂ ਬੇਸਮੈਂਟ ਦਾ ਸ਼ਟਰ ਚੀਕਾਂ ਮਾਰਦਾ ਖੁੱਲਾ। ਚੌਕੀਦਾਰ ਮੇਰੇ ਵੱਲ ਆਇਆ, ਡਾਕਟਰ ਸਾਹਿਬ ਆ ਲਓ ਕਾਰ ਦੀ ਚਾਬੀ......।"

ਬੇਸਮੈਂਟ ਅੰਦਰ ਜਾ ਕੇ ਕਾਰ ਨੂੰ ਬੈਕ ਹੀ ਬਾਹਰ ਲੈ ਆਇਆ। ਗੱਡੀ ਸਿੱਧੀ ਕਰਕੇ ਰੇਸ ਦੇ ਦਿੱਤੀ। ਰਘਬੀਰ ਦੀ ਕਰਿਆਨੇ ਦੀ ਦੁਕਾਨ 'ਤੇ ਜਾ ਕੇ ਬਰੇਕ ਮਾਰੀ। ਸਾਰੇ ਜਣੇ ਗੱਡੀ 'ਚ ਬੈਠ ਗਏ। ਮੈਂ ਗੱਡੀ ਤੇਜ਼ੀ ਨਾਲ ਚਲਾ ਕੇ ਚੌਕ ਤੋਂ ਮੋੜ ਦਿਆਂ, ਸਿੱਧੀ ਕਪੂਰਥਲੇ ਵਾਲੀ ਸੜਕ 'ਤੇ ਪਾ ਲਈ।



"ਕਾਹਲੀ ਨਾ ਕਰ ਡਾਕਟਰ ... ਗੱਡੀ ਰਾਮ ਨਾਲ ਚਲਾ.... ਧੁੰਦ ਬਹੁਤ ਏ..... ਕੋਈ ਨਹੀਂ ਦਸ ਮਿੰਟ ਲੇਟ ਹੋ ਜਾਂਗੇ ......... ਕਿਤੇ ਠਾਹ-ਠਾਹ ਨਹੀਂ ਲੱਗੀ ਹੋਈ.........।" ਸਰਪੰਚ ਸਾਹਿਬ ਨੇ ਮੈਨੂੰ ਟੋਕਿਆ। ਉਹਨਾਂ ਲਈ ਲੋਕਾਂ ਨਾਲ ਜਾਣਾ-ਆਉਣਾ ਰੋਜ਼ ਦਾ ਕੰਮ ਸੀ।

"ਠੀਕ ਐ ਜੀ ...... ਠੀਕ ਐ.......।" ਮੈਂ ਰੇਸ ਤੋਂ ਪੈਰ ਕੁਝ ਢਿੱਲਾ ਜਿਹਾ ਕਰ ਦਿੱਤਾ।

ਗੱਡੀ ਧੁੰਦ ਨੂੰ ਚੀਰਦੀ ਜਾ ਰਹੀ ਏ। ਜਿਵੇਂ ਬਰਫ਼ ਦੇ ਪਹਾੜ 'ਚੋਂ ਲੰਘ ਰਹੀ ਹੋਵੇ। ਸੂਰਜ ਦੇਵਤਾ, ਧੁੰਦ ਨਾਲ ਜ਼ੋਰ ਅਜ਼ਮਾਈ ਕਰਕੇ ਬਾਹਰ ਨਿਕਲਣ ਦੀ ਕੋਸ਼ਿਸ਼ 'ਚ। ਅਜੇ ਉਸਨੂੰ ਸਫਲਤਾ ਨਹੀਂ ਮਿਲ ਰਹੀ। ਧੁੰਦ ਉਸ ਉੱਪਰ ਜ਼ਿਆਦਾ ਭਾਰੂ ਹੋਈ ਜਾ ਰਹੀ।

ਕਾਰ 'ਚ ਬੈਠੇ ਡੈਡੀ, ਸਰਪੰਚ ਜਰਨੈਲ ਸਿੰਘ, ਗੁਆਂਢੀ ਚਾਚਾ ਮਹਿੰਦਰ ਸਿੰਘ ਤੇ ਮਾਸਟਰ ਜਰਨੈਲ ਸਿੰਘ ਆਪਸ 'ਚ ਗੱਲਾਂ 'ਚ ਮਗਨ ਨੇ। ਸ਼ਾਇਦ ਪਿੰਡ ਦੀ ਸਿਆਸਤ ਦਾ ਟਾਪਿਕ ਚੱਲ ਰਿਹੈ। ਮੈਨੂੰ ਉਹਨਾਂ ਦੀਆਂ ਗੱਲਾਂ ਦਿਲਚਸਪ ਨਹੀਂ ਲੱਗ ਰਹੀਆਂ। ਮੇਰੇ ਦਿਮਾਗ 'ਚ ਸੋਚਾਂ-ਵਿਚਾਰਾਂ ਦਾ ਘਮਸਾਨ ਅਜੇ ਵੀ ਜਾਰੀ ਏ। ਕਚਹਿਰੀ 'ਚ ਪਹੁੰਚਣ ਦੀ ਕਾਹਲ, ਦਿਮਾਗ 'ਚ ਹਥੌੜਿਆਂ ਵਾਂਗ ਵੱਜ ਰਹੀ।

ਜੇਬ 'ਚੋਂ ਕੱਢ ਕੇ ਮੋਬਾਇਲ ਹਸਪਤਾਲ ਦੇ ਨੰਬਰ ਤੇ ਕਰਦਾਂ, "ਹੈਲੋ ਮੈਂ ਬੋਲ ਰਿਹਾਂ .... ਲੇਡੀ ਡਾਕਟਰ ਆ ਗਈ ਕਿ ਨਹੀਂ.......।"

"ਨਹੀਂ ਜੀ...........।"

"ਕੋਈ ਨਵਾਂ ਮਰੀਜ਼ ..... ਐਮਰਜੈਂਸੀ........।"

"ਜੀ ਨਹੀਂ .......।"

"ਠੀਕ ਐ ........ ਕੋਈ ਹੋਰ ਗੱਲ-ਬਾਤ.......।"

"ਜੀ ਨਹੀਂ ..... ਸਭ ਕੁਝ ਠੀਕ ਚੱਲ ਰਿਹੈ .....।"

"ਠੀਕ ਏ ..... ਆਪੋ ਆਪਣੀਆਂ ਡਿਊਟੀਆਂ 'ਤੇ ਟਿਕ ਕੇ ਰਹਿਣਾਂ ..... ਢਾਣੀਆਂ ਬਣਾ ਕੇ ਨਾ ਇਧਰ-ਉਧਰ ਬੈਠੀਆਂ ਰਹਿਣਾ ..... ਚੰਗਾ ..... ਮਰੀਜ਼ਾਂ ਵੱਲ ਧਿਆਨ ਦੇਣੈ ..... ਠੀਕ ਏ .....।"

ਮੈਂ ਵਾਰ-ਵਾਰ ਠੀਕ ਏ ਠੀਕ ਏ ਕਹਿੰਨਾਂ। ਮੇਰੀ ਤਸੱਲੀ ਫਿਰ ਵੀ ਨਹੀਂ ਹੁੰਦੀ। ਹਮੇਸ਼ਾ ਇਵੇਂ ਹੀ ਹੁੰਦੈ। ਜਦੋਂ ਵੀ ਮੈਂ ਕਿਤੇ ਜਾਣਾ ਹੁੰਦੈ, ਉਹ ਵੀ ਦਿਨੇ ਤਾਂ ਮੈਨੂੰ ਘਬਰਾਹਟ ਹੁੰਦੀ ਏ। ਇੰਜ ਲੱਗਦੈ ਜਿਵੇਂ ਮੇਰੇ ਤੋਂ ਬਗੈਰ ਹਸਪਤਾਲ ਦਾ ਕੰਮ ਜਾਮ ਹੋ ਕੇ ਰਹਿ ਜਾਂਦੈ। ਮਰੀਜ਼ ਤੇ ਮਰੀਜ਼ਾਂ ਦੇ ਨਾਲ ਦੇ ਬਾਅਦ 'ਚ ਸ਼ਿਕਾਇਤਾਂ ਕਰਦੇ ਨੇ। ਕਈ ਵਾਰ ਮੈਨੂੰ ਲੱਗਦੈ, ਮੈਨੂੰ ਆਪਣੇ ਤੋਂ ਬਗੈਰ ਕਿਸੇ 'ਤੇ ਇਤਬਾਰ ਹੀ ਨਹੀਂ ਰਿਹਾ। ਸਭ ਬੇਇਤਬਾਰੇ ਜਿਹੇ ਇਕੱਠੇ ਹੋਏ ਲੱਗਦੇ ਨੇ। ਜਿਵੇਂ ਸਾਰੇ ਫਿਕਰਾਂ ਦੀ ਪੰਡ ਮੇਰੇ ਸਿਰ 'ਤੇ ਹੀ ਰੱਖੀ ਪਈ ਹੋਵੇ। ਪਤਾ ਨਹੀਂ ਕਿਉਂ ਮੈਂ ਏਨਾ ਬੇਇਤਬਾਰਾ ਹੋ ਗਿਆਂ।

ਗੱਡੀ ਵੱਡੇ ਗੇਟ ਅੰਦਰ ਦਾਖਲ ਹੋਈ। ਲਾਲ ਇੱਟਾਂ-ਪੱਥਰਾਂ ਨਾਲ ਬਣੀ ਕਚਹਿਰੀ।

ਇੱਕ ਕਬਰ ਵਾਂਗ ਚੁੱਪ ਖੜੀ, ਪਰ ਬੜੀ ਹੀ ਭਿਆਨਕ। ਕਚਹਿਰੀ ਦਾ ਸਿਖਰਲਾ ਗੁੰਬਦ ਠਾਹ ਕਰਦਾ ਮੇਰੇ ਮੱਥੇ ਨਾਲ ਟਕਰਾਇਆ। ਜਿਵੇਂ ਮੱਥਾ ਪਾਟ ਕੇ ਸੁੰਨ ਹੋ ਗਿਆ ਹੋਵੇ। ਦਿਲ ਤੇਜ਼-ਤੇਜ਼ ਧੜਕਿਆ। ਮੇਰੇ ਅੰਦਰ ਤੂਫ਼ਾਨੀ ਹਲਚਲ ਜਿਹੀ ਮੱਚ ਗਈ। ਜਿਵੇਂ ਅੱਗੋਂ ਕਿਸੇ ਡਰਾਉਣੇ ਖੂੰਖਾਰ ਜਾਨਵਰ ਨੇ ਬੜ੍ਹਕ ਮਾਰ ਦਿੱਤੀ ਹੋਵੇ ਤੇ ਮੈਂ ਕੰਬ ਕੇ ਰਹਿ ਗਿਆ ਹੋਵਾਂ।

ਗੱਡੀ ਪਾਰਕਿੰਗ 'ਚ ਲਾ ਕੇ ਅਸੀਂ ਸੈਸ਼ਨ ਜੱਜ ਦੀ ਕਚਹਿਰੀ ਵੱਲ ਦੌੜੇ। ਮੈਥੋਂ ਤਾਂ ਦੌੜਿਆ ਵੀ ਨਹੀਂ ਸੀ ਜਾ ਰਿਹਾ।

ਆਵਾਜ਼ਾਂ ਪੈ ਰਹੀਆਂ। ਨੋਟਿਸ ਬੋਰਡ 'ਤੇ ਲੱਗੇ ਕੇਸਾਂ ਦੀ ਤਰਤੀਬ 'ਚ ਆਪਣਾ ਨਾਂ ਦੇਖਿਆ। ਅਠਾਈਵਾਂ ਨੰਬਰ। ਬੜੀ ਦੂਰ। ਸਾਹਮਣੇ ਬੈਂਚ 'ਤੇ ਬੈਠੀ ਤਲਾਕ ਦਾ ਕੇਸ ਲੜ ਰਹੀ ਪਤਨੀ, ਮੇਰੇ ਵੱਲ ਚੋਰ ਅੱਖ ਨਾਲ ਦੇਖ ਰਹੀ। ਉਸਦੀ ਸ਼ਕਲ ਦੇਖਕੇ ਮੂੰਹ ਬੇਸੁਆਦਾ ਜਿਹਾ ਹੋ ਗਿਆ। ਸਾਢੇ ਤਿੰਨ ਸਾਲਾਂ ਤੋਂ ਕੇਸ 'ਚ ਮੇਰੇ ਨਾਲ ਉਲਝ ਰਹੀ। ਨਾ ਖਹਿੜਾ ਛੱਡਦੀ ਏ ਨਾ ਵਾਪਸ ਆਉਂਦੀ ਏ। ਪਤਾ ਨਹੀਂ ਕਿਸ ਕਿਸਮ ਦੇ ਇਨਸਾਫ ਦੀ ਉਡੀਕ 'ਚ ਏ।

ਮੈਂ ਬਾਕੀਆਂ ਨੂੰ ਨਾਲ ਲੈ ਕੇ ਵਕੀਲ ਦੇ ਕੈਬਨ ਵੱਲ ਚੱਲ ਪਿਆ। ਅੱਜ ਸਾਡੀਆਂ ਗਵਾਹੀਆਂ ਹੋਣੀਆਂ ਨੇ। ਪਤਾ ਨਹੀਂ ਹੋਣੀਆਂ ਵੀ ਨੇ ਕਿ ਨਹੀਂ। ਅੱਗੇ ਵੀ ਕਿੰਨੀਆਂ ਤਰੀਕਾਂ ਇਸੇ ਕਰਕੇ ਪੈ ਗਈਆਂ। ਪਰ ਕੋਈ ਸਿੱਟਾ ਨਹੀਂ ਨਿਕਲਿਆ। ਹਰ ਵਾਰੀ ਤਰੀਕ ਹੀ ਪੈਂਦੀ ਏ। ਤੇ ਮਾਯੂਸ ਹੋ ਜਾਈਦੈ। ਨਾਲ ਲਿਆਂਦੇ ਬੰਦਿਆਂ ਦੀ ਵੀ ਕੀਮਤੀ ਦਿਹਾੜੀ ਖਰਾਬ ਹੁੰਦੀ ਏ।

ਵਕੀਲ ਨਿੱਕੇ ਜਿਹੇ ਲੱਕੜੀ ਦੇ ਕੈਬਿਨ 'ਚ ਬੈਠਾ ਬਾਹਰ ਨੂੰ ਝਾਕ ਰਿਹਾ। ਜਿਵੇਂ ਸਾਡੀ ਹੀ ਇੰਤਜ਼ਾਰ 'ਚ ਛੁਰੀ ਤਿੱਖੀ ਕਰਕੇ ਬੈਠਾ ਹੋਵੇ। ਆਂਡਿਆਂ ਵਰਗੀਆਂ ਅੱਖਾਂ। ਮਧਰਾ ਕੱਦ। ਵੱਡੇ ਸਾਰੇ ਗੰਜੇ ਸਿਰ ਵਾਲਾ। ਕੁਰਸੀ 'ਚ ਫਸਿਆ ਹੋਇਆ।

ਮੈਨੂੰ ਇੱਥੇ ਆ ਕੇ ਇੰਜ ਲੱਗਦੈ। ਮੈਂ ਕਿੱਥੇ ਆ ਗਿਆਂ? ਇਹੋ ਜਿਹੇ ਸੜੀਅਲ ਵਕੀਲ ਦੀ ਸ਼ਕਲ ਦੇਖਣ। ਕੀ ਕਰਦੇ ਨੇ ਇਹ ਵਕੀਲ। ਸਵੇਰ ਤੋਂ ਲੈ ਕੇ ਸ਼ਾਮ ਤੱਕ ਬੈਠੇ ਸਾਡੇ ਵਰਗੇ ਫਸੇ ਮੁਰਗਿਆਂ ਦੇ ਖੰਭ ਲਾਹੁੰਦੇ ਨੇ। ਇਹ ਕਸਾਈ ਲੋਕਾਂ ਨੂੰ ਵੱਡੇ ਸੁਪਨੇ ਦਿਖਾਉਂਦੇ ਨੇ। ਫੋਕੀਆਂ ਤੇ ਝੂਠੀਆਂ ਸਲਾਹਾਂ ਦੇ ਕੇ ਦਿਹਾੜੀਆਂ ਪਾਉਂਦੇ ਨੇ।

ਪਰ ਵਕੀਲ ਵੀ ਕੀ ਕਰਨ। ਮੈਨੂੰ ਲੱਗਦੈ, ਲੋਕ ਹੀ ਕੁਝ ਇਹੋ ਜਿਹੇ ਹੋ ਗਏ ਨੇ। ਤੰਗ ਸੋਚਣੀ ਵਾਲੇ। ਇੱਕ-ਦੂਜੇ ਦੀਆਂ ਟੰਗਾਂ ਖਿੱਚਦੇ ਨੇ। ਲੋਕ ਜੱਜ ਤੋਂ ਤਰੀਕ ਲੈ ਕੇ ਇੰਜ ਘਰਾਂ ਨੂੰ ਚਲੇ ਜਾਂਦੇ ਨੇ, ਜਿਵੇਂ ਉਹਨਾਂ ਦੇ ਹੱਥ ਕੋਈ ਗਿੱਦੜਸਿੰਗੀ ਲੱਗ ਗਈ ਹੋਵੇ।

ਕਚਹਿਰੀ 'ਚ ਜਿਵੇਂ ਮੇਲਾ ਲੱਗਾ ਹੋਵੇ। ਸਾਰੇ ਪਾਸੇ ਕਾਂ-ਕਾਂ ਹੋ ਰਹੀ। ਸਾਹੋ-ਸਾਹੀ ਹੋਏ ਲੋਕ। ਕੁਝ ਵਕੀਲਾਂ ਦੇ ਖੋਖਿਆਂ 'ਚ ਤੁੰਨੇ ਹੋਏ। ਗਿੜਗਿੜਾ ਰਹੇ। ਜਿਵੇਂ ਵਕੀਲਾਂ ਕੋਲ ਬੈਠੇ ਚੂੜੀਆਂ ਚੜ੍ਹਾ ਕੇ ਉਹਨਾਂ ਦੀ ਕਠਪੁਤਲੀਆਂ ਬਣਨ ਲਈ ਤਿਆਰੀ ਕਰ ਰਹੇ ਹੋਣ।



ਕਚਹਿਰੀ ਭਰੀ ਪਈ। ਪਰ ਦਿਲਾਂ 'ਚ ਵੀਰਾਨੀ ਛਾਈ ਹੋਈ। ਦੇਖਣ ਨੂੰ ਇਨਸਾਨ ਜਾਪਦੇ, ਪਰ ਮੁਰਦਾ ਜਿਸਮ। ਪੱਥਰ ਦਿਲ ਹੋਏ ਪਏ ਤੇ ਮੁਰਦਾ ਹੋਇਆ ਪਿਆ ਜੋਸ਼। ਜੋ ਚਿਹਰਿਆਂ ਦੀਆਂ ਝੁਰੜੀਆਂ 'ਚੋਂ ਸਾਫ਼ ਝਲਕ ਰਿਹਾ। ਬਿਨ ਨਿਸ਼ਾਨੇ ਤੋਂ ਵਿਸ਼ਾਲ ਕਚਹਿਰੀ 'ਚ ਵਾਹਯਾਤ ਘੁੰਮ ਰਹੇ ਲੋਕ, ਮੂੰਹ ਲਟਕੇ ਹੋਏ। ਜਿਵੇਂ ਖੁਸ਼ੀ ਉਹਨਾਂ ਤੋਂ ਰੁਸਕੇ ਕਿਤੇ ਦੂਰ ਤੁਰ ਗਈ ਹੋਵੇ।

ਖੌਰੇ ਕੀ ਲੱਭਦੇ ਨੇ ਇੱਥੇਂ। ਖੌਰੇ ਕਿਸ ਰੱਬ ਨੂੰ ਪਾਉਣ ਦੀ ਤਲਾਸ਼ 'ਚ ਨੇ। ਇੱਥੇ ਕਿਹੋ ਜਿਹਾ ਆਬੇ-ਹਯਾਤ ਦਿੱਤਾ ਜਾਂਦੈ। ਜਿਸਨੂੰ ਪੀ ਕੇ ਲੋਕਾਂ ਨੂੰ ਮੁਕਤੀ ਵੀ ਨਹੀਂ ਮਿਲਦੀ। ਨਾ ਮਰਦੇ, ਨਾ ਇਹ ਕਚਹਿਰੀ ਨੂੰ ਛੱਡਦੇ, ਨਾ ਕਚਹਿਰੀ ਹੀ ਇਹਨਾਂ ਨੂੰ ਛੱਡਦੀ ਏ। ਬਸ ਇੱਥੇਂ ਜ਼ਹਿਰ ਪੀਵੀ ਜਾਂਦੇ ਨੇ ਤੇ ਉਮਰਾਂ ਲੰਘ ਕੇ ਇੱਥੇ ਹੀ ਪੱਥਰ ਬਣਕੇ ਰਹਿ ਜਾਂਦੇ ਨੇ ਤੇ ਆਪਣੇ ਵਿਰਸੇ 'ਚ ਦੇ ਜਾਂਦੇ ਪਰਿਵਾਰ ਨੂੰ, ਕਚਹਿਰੀ ਵਾਲੀ ਡੰਡੀ ।

"ਡਾਕਟਰ ਸਾਹਬ ...... ਗਵਾਹੀ ਠੋਕ ਵਜਾ ਕੇ ਦੇਣੀ ਏ ...... ਏਸੇ ਗਵਾਹੀ ਦੇ ਸਿਰ 'ਤੇ ਆਪਾਂ ਕੇਸ ਜਿੱਤਣੈ ...... ਤਲਾਕ ਲੈਣੈ...... ਭਾਜੜਾਂ ਪਾ ਦੇਣੀਐਂ, ਉਸ ਨੂੰ ....." ਨਾਲ ਹੀ ਥੋੜਾ ਰੁੱਖਾ ਹੁੰਦਾ ਬੋਲਿਆ, "ਜਾ ਉੱਥੇ ਖਲੋ ਜਾ ਕੇ ...... ਜਦੋਂ 'ਵਾਜ ਪਵੇਗੀ, ਮੈਨੂੰ ਆ ਕੇ ਬੁਲਾ ਲਵੀਂ .।" ਤੇ ਉਹ ਬਾਕੀਆਂ ਨੂੰ ਗਵਾਹੀਆਂ ਸਮਝਾਉਣ ਲੱਗ ਪਿਆ।

ਗਵਾਹੀ ਲਈ ਝੂਠੀਆਂ-ਸੱਚੀਆਂ ਗੱਲਾਂ ਜੱਜ ਸਾਹਮਣੇ ਬੋਲਣ ਲਈ ਸਮਝਾਉਂਦੈ। ਵਾਰ-ਵਾਰ ਉਹੋ ਹੀ ਗੱਲਾਂ। ਮੈਨੂੰ ਚੰਗੀਆਂ ਨਹੀਂ ਲੱਗਦੀਆਂ। ਹੁਣ ਤਾਂ ਬੇ-ਸੁਆਦੀਆਂ ਤੇ ਬੇ-ਅਰਥ ਲੱਗਣ ਲੱਗ ਪਈਐਂ।

ਸੈਸ਼ਨ ਜੱਜ ਦੀ ਕਚਹਿਰੀ ਦੇ ਬਾਹਰ ਪਏ ਬੈਂਚ ਭਰੇ ਪਏ। ਬਹੁਤ ਸਾਰੇ ਬੰਦੇ ਤੇ ਔਰਤਾਂ ਉੱਥੇ ਖੜੇ ਆਪੋ 'ਚ ਗੱਲਾਂ ਕਰ ਰਹੇ। ਕੁਝ ਪੁਲੀਸ ਵਾਲੇ ਦੋ-ਦੋ, ਤਿੰਨ-ਤਿੰਨ ਮੁਜਰਮਾਂ ਨੂੰ ਹੱਥਕੜੀਆਂ ਲਾ ਕੇ ਖਲੋਤੇ ਆਪੋ-ਆਪਣੀ ਵਾਰੀ ਦੀ ਉਡੀਕ 'ਚ। ਕਈ ਜੀਅ-ਭਿਆਣੇ, ਕੰਧਾਂ ਨਾਲ ਢੋ ਲਾਈ ਉਦਾਸ ਜਿਹੇ ਕਈਆਂ ਦੇ ਪੀਲੇ-ਭੂਕ ਤੇ ਬੇ-ਰੌਣਕੇ ਚਿਹਰੇ। ਜਿਵੇਂ ਅੱਜ ਜੱਜ ਨੇ ਉਹਨਾਂ ਦੇ ਖਿਲਾਫ਼ ਫੈਸਲਾ ਸੁਣਾ ਕੇ ਉਮਰ ਕੈਦ ਲਾ ਦੇਣੀ ਹੋਵੇ।

ਮੈਂ ਚੁੱਪ ਚਾਪ ਖੜਾ ਇਧਰ-ਉਧਰ ਝਾਕ ਰਿਹਾ। ਮੇਰੀ ਨਜ਼ਰ ਕਚਹਿਰੀ ਦੇ ਵਿਹੜੇ 'ਚ ਲੱਗੇ ਬੁੱਤ ਤੇ ਪੁਰਾਣੇ ਮੋਟੇ ਤਣਿਆਂ ਵਾਲੇ ਰੁੱਖਾਂ ਵੱਲ ਗਈ। ਮੈਨੂੰ ਇੰਜ ਲੱਗਾ ਜਿਵੇਂ ਉਹ ਇਸ਼ਾਰਿਆਂ ਨਾਲ ਸਮਝਾਉਣ ਦੀ ਕੋਸ਼ਿਸ਼ ਕਰ ਰਹੇ। ਆਪੋ-ਆਪਣੀਆਂ ਉਮਰਾਂ ਦੇ ਤਜਰਬੇ ਦੱਸਣਾ ਚਾਹ ਰਹੇ। ਜੋ ਉਹਨਾਂ ਇੱਥੇ-ਆਪਣੀਆਂ ਅੱਖਾਂ ਸਾਹਮਣੇ ਵਾਪਰੇ ਤੇ ਹੱਡਾਂ 'ਤੇ ਸਹਿੰਦੇ ਆ ਰਹੇ ਸਨ। ਟਾਹਰਾਂ ਮਾਰ-ਮਾਰ ਦੱਸ ਰਹੇ ਪਰ ਕੋਈ ਉਹਨਾਂ ਦੀ ਚੀਕ-ਪੁਕਾਰ ਸੁਣ ਨਹੀਂ ਰਿਹਾ। ਲੱਗਦੈ ਬੋਲ-ਬੋਲ ਉਹਨਾਂ ਦੇ ਗਲੇ ਹੀ ਬੈਠ ਗਏ ਨੇ। ਖੌਰੇ ਲੋਕ ਹੀ ਬੋਲ਼ੇ ਹੋ ਗਏ ਨੇ। ਪਰ ਕੁਝ ਲੋਕ ਇਹਨਾਂ ਰੁੱਖਾਂ ਤੇ ਬੁੱਤਾਂ ਨਾਲ ਢੋ ਲਾਈ ਝੁੰਡ ਬਣਾ ਕੇ ਉਦਾਸ ਖੜੇ ਨੇ।

ਪਤਾ ਨਹੀਂ ਇਹ ਲੋਕ ਇੱਥੋਂ ਕੀ ਲੱਭ ਰਹੇ। ਸ਼ਾਇਦ ਇਹ ਲੋਕ ਆਪਣੇ ਸਕੇ ਪਿਓ-ਦਾਦੇ ਵੱਲੋਂ ਦੱਬੀ ਗਾਗਰ ਲੱਭਣ ਆ ਜਾਂਦੇ ਨੇ। ਜਿਸ 'ਚੋਂ ਸੋਨੇ-ਚਾਂਦੀ ਦੀਆਂ ਮੋਹਰਾਂ ਮਿਲ ਜਾਂਦੀਆਂ ਹੁੰਦੀਐਂ।

ਤੇ ਮੈਂ ਵੀ ਕੀ ਲੱਭ ਰਿਹਾਂ ਇੱਥੋਂ। ਐਵੇਂ ਨਾ ਚਾਹੁੰਦਿਆਂ ਹੋਇਆਂ ਵੀ ਮਿੱਟੀ ਫਰੋਲ ਰਿਹਾਂ। ਕਿਉਂ ਇਹਨਾਂ ਝੰਜਟਾਂ 'ਚ ਫਸਿਆ ਬੈਠਾਂ। ਕਿਉਂ ਨਹੀਂ ਮੇਰੀ ਗ੍ਰਿਹਸਤੀ ਠੀਕ ਲੀਹ 'ਤੇ ਪੈ ਰਹੀ। ਕਿਉਂ ਮੈਂ ਵਾਰ-ਵਾਰ ਉੱਖੜ ਜਾਨਾਂ।

ਵਿਆਹੁਤਾ ਜੀਵਨ ਦੀ ਰੀਲ ਮੇਰੀਆਂ ਅੱਖਾਂ ਸਾਹਮਣੇ ਘੁੰਮਣ ਲੱਗ ਪਈ। ਨਵੇਂ-ਨਵੇਂ ਵਿਆਹ ਦੇ ਕਿੱਡੇ ਵਧੀਆ ਦਿਨ ਸ਼ੁਰੂ ਹੋਏ ਸਨ। ਉਦੋਂ ਤਾਂ ਦੁਨੀਆ ਹੀ ਭੁੱਲ ਗਿਆ ਸਾਂ। ਚਾਅ ਭੁੰਜੇ ਨਹੀਂ ਸਨ ਪੈ ਰਹੇ ਤੇ ਝੱਟਪੱਟ ਫਿਰ ਕੀ ਹੋ ਗਿਆ। ਮੈਨੂੰ ਉਸਦੀਆਂ ਕਈ ਹਰਕਤਾਂ ਤੋਂ ਖਿਝ ਜਿਹੀ ਆਉਣ ਲੱਗ ਪਈ ਸੀ। ਨਿੱਕੀ-ਨਿੱਕੀ ਗੱਲ ਤੋਂ ਹੀ ਉਹ ਗਲਮੇ ਨੂੰ ਆਉਂਦੀ। ਹਰ ਵੇਲੇ ਮੂੰਹ ਲਾਲ ਰੱਖਦੀ। ਝਗੜਾ ਹੋਣ ਲੱਗ ਪਿਆ। ਉਸ ਮਾਂ ਦੀ ਧੀ ਦਾ ਸੁਭਾਅ ਮੈਨੂੰ ਕਿਉਂ ਐਨਾ ਸੜਿਆ ਤੇ ਖਰ੍ਹਵਾ ਮਹਿਸੂਸ ਹੋਣ ਲੱਗ ਪਿਆ ਸੀ। ਕਿਉਂ ਉਸਦੇ ਪੈਰ ਮੇਰੇ ਘਰ 'ਚ ਨਹੀਂ ਸੀ ਲੱਗੇ। ਕਿਉਂ ਉਹ ਸਾਰੇ ਘਰਦੇ ਜੀਆਂ ਨਾਲ ਮਾੜਾ ਵਰਤਾਅ ਕਰਨ ਲੱਗ ਪਈ।

ਸ਼ੁਰੂ-ਸ਼ੁਰੂ ਦੇ ਚੰਗੇ ਦਿਨਾਂ 'ਚ ਗੱਲੀਂ-ਗੱਲੀਂ ਉਸਦੀ ਮਾਂ ਨੇ ਕਿਹਾ ਵੀ ਸੀ "ਇਹ ਬੜੇ ਗੁੱਸੇ ਵਾਲੇ ਸੁਭਾਅ ਦੀ ਏ........।"

"ਨਹੀਂ ਨਹੀਂ ..... ਇਹ ਕਿਵੇਂ ਹੋ ਸਕਦੈ ...... ਇਹ ਤਾਂ ਬਹੁਤ ਚੰਗੀ ਏ ..... ਅਸੀਂ ਬਹੁਤ ਪਿਆਰ ਕਰਦੇ ਆਂ ..... ਇਹਨੇ ਤਾਂ ਸਗੋਂ ਘਰ 'ਚ ਰੌਣਕ ਹੀ ਲਾ ਦਿੱਤੀ ਏ .....।" ਸਾਰਾ ਟੱਬਰ ਉਸਦੀਆਂ ਸਿਫ਼ਤਾਂ ਕਰਨੋਂ ਹੀ ਨਾ ਹਟਦਾ।

ਤੇ ਫਿਰ ਉਸ ਪਿੱਛੋਂ ਛੇਤੀ ਹੀ ਉਸਨੇ ਆਪਣਾ ਅਸਲ ਰੰਗ ਦਿਖਾ ਦਿੱਤਾ। ਨਜ਼ਰ ਹੀ ਲੱਗ ਗਈ ਕਿਸੇ ਦੀ। ਖੌਰੇ ਸਾਡੀ ਆਪਣੀ ਹੀ ਲੱਗ ਗਈ। ਮਾਰਖੰਡੀ ਗਾਂ ਸਾਬਤ ਹੋ ਗਈ। ਹੱਥ ਲਾਉਣ 'ਤੇ ਦੁਲੱਤਾ ਮਾਰਦੀ। ਆਪਣੇ ਵਲੋਂ ਬਥੇਰੀ ਕੋਸ਼ਿਸ਼ ਕਰਦਾ ਰਿਹਾ, ਉਸਦੀ ਕੰਡ 'ਤੇ ਹੱਥ ਫੇਰਦਾ। ਕਿਤੇ ਠੀਕ ਹੋ ਜਾਵੇ। ਰਾਸੇ ਪੈ ਜੇ, ਪਰ ਕਿੱਥੇ। ਉਲਝਦਾ ਹੀ ਗਿਆ। ਨਾ ਮੇਰੀਆਂ ਚੰਗੀਆਂ ਗੱਲਾਂ ਦਾ ਉਸਤੇ ਅਸਰ ਹੁੰਦਾ, ਨਾ ਵਾਰ-ਵਾਰ ਬੈਠਦੀਆਂ ਪੰਚਾਇਤਾਂ ਦਾ। ਪਾਣੀ ਤਾਂ ਹੁਣ ਪੁਲਾਂ ਉਪਰੋਂ ਹੀ ਵਗਣਾ ਸ਼ੁਰੂ ਹੋ ਗਿਆ। ਉਹ ਤਾਂ ਅੱਗੋਂ ਆਪਣੇ ਆਪ 'ਤੇ ਤੇਲ ਪਾ ਕੇ ਸੜ ਮਰਨ ਜਾਂ ਬਿਜਲੀ ਦੀ ਤਾਰ ਨੂੰ ਹੱਥ ਲਾ ਕੇ ਮਰ ਜਾਣ ਦੀਆਂ ਧਮਕੀਆਂ ਦੇਣ ਲੱਗ ਪਈ।

ਤੇ ਫੇਰ ਮੇਰੇ ਹੱਥ ਖੜੇ ਹੋ ਗਏ। ਮੈਂ ਉਸਨੂੰ ਗਲੋਂ ਲਾਹੁਣਾ ਹੀ ਠੀਕ ਸਮਝਿਆ। ਨਿੱਕਾ ਨਿਆਣਾ ਹੋਣ ਦੀ ਇਸ 'ਚੋਂ ਆਸ ਨਹੀਂ ਸੀ। ਨਾਲੇ ਰੋਜ਼-ਰੋਜ਼ ਦੀ ਘਿੱਚ-ਘਿੱਚ ਕਰਦੀ, ਜੰਗਾਲੀ ਹੋਈ ਜ਼ਿੰਦਗੀ। ਮੈਨੂੰ ਰਤਾ ਵੀ ਪਸੰਦ ਨਹੀਂ। ਮੈਨੂੰ ਘੁਟਨ ਮਹਿਸੂਸ ਹੁੰਦੀ ਏ। ਲੰਬਾ ਸਮਾਂ ਜ਼ਿੰਦਗੀ ਦਾ ਜੇ ਇਵੇਂ ਹੀ ਲੰਘਣੈਂ ਤਾਂ ਕੀ ਫਾਇਦਾ। ਸਭ ਕੁਝ ਕਿਰਕਿਰਾ ਹੋ ਗਿਆ। ਮੇਰਾ ਕੋਮਲ ਮਨ ਚਿਤ ਤਿਲਮਿਲਾ ਉੱਠਿਆ ਸੀ। ਇਸ ਤੋਂ ਤਾਂ ਮੈਂ ਇਕੱਲਾ ਹੀ



ਚੰਗਾ। ਇਹੋ ਜਿਹੇ ਕਲੇਸ਼ ਧੁਣੋਂ ਕੀ ਥੁੜਿਐ ਪਿਐ।

ਪੁਲਿਸ ਕੇਸਾਂ ਤੋਂ ਸ਼ੁਰੂ ਹੋ ਕੇ ਕਚਹਿਰੀਆਂ ਤੱਕ ਪਹੁੰਚਦਿਆਂ-ਪਹੁੰਚਦਿਆਂ, ਹੁਣ ਤੱਕ ਮੇਰਾ ਸਭ ਕੁਝ ਵਲੂੰਧਰਿਆ ਗਿਆ ਸੀ। ਥਾਂ-ਥਾਂ ਤੋਂ ਪੱਛਿਆ ਜਿਹਾ ਗਿਆ ਸਾਂ। ਮੈਂ ਬਾਂਸ ਦੀ ਪੋਰੀ ਵਾਂਗ ਖੋਖਲਾ ਜਿਹਾ ਤੇ ਖੋਖਲਾ ਜਿਹਾ ਹੀ ਮੇਰਾ ਵਜੂਦ ਰਹਿ ਗਿਆ ਸੀ। ਹੁਣ ਵਜੂਦ ਮੇਰੇ ਲਈ ਇੱਕ ਸ਼ਬਦ ਮਾਤਰ ਹੀ ਬਣਕੇ ਰਹਿ ਗਿਆ। ਤਨੋਂ-ਮਨੋਂ ਮੈਂ ਲਹੂ-ਲੁਹਾਨ ਹੋਇਆ ਪਿਆ ਸਾਂ। ਕੋਈ ਸਹਾਰਾ ਦੇਣ ਵਾਲਾ ਨਹੀਂ ਸੀ ਲੱਭ ਰਿਹਾ। ਕੋਈ ਮੈਨੂੰ ਆਪਣੀ ਹਿੱਕ ਨਾਲ ਲਾ ਕੇ ਠੰਡ ਪਾ ਦੇਵੇ। ਤਪਦੇ ਜਿਸਮ 'ਤੇ ਠੰਡੀ ਟਕੋਰ ਕਰ ਦੇਵੇ। ਪਰ ਇਹੋ ਜਿਹਾ ਸਾਥ ਮੇਰੇ ਕੋਲ ਹੈ ਕਿੱਥੇ ਸੀ। ਜਿਵੇਂ ਮੈਂ ਮਾਰੂਥਲ ਦੀ ਉੱਡਦੀ ਰੇਤ 'ਚ ਗੁਆਚ ਗਿਆ ਸਾਂ।

ਅਰਦਲੀ ਫਟੇ ਗਲੇ 'ਚੋਂ ਲੋਕਾਂ ਨੂੰ ਆਵਾਜ਼ਾਂ ਦੇਈ ਜਾ ਰਿਹਾ। ਜਿਵੇਂ ਕੋਈ ਪਟਾਕਾ ਚੱਲਕੇ ਠੁੱਸ ਹੋ ਜਾਂਦਾ ਹੋਵੇ। ਲੋਕਾਂ ਦੀ ਉਤਸੁਕਤਾ ਉਸ ਵੱਲ ਲੱਗੀ ਹੋਈ।

ਖਲੋਤਿਆਂ-ਖਲੋਤਿਆਂ ਸੋਚ-ਸੋਚ ਮੈਨੂੰ ਠੰਡ ਲੱਗਣ ਲੱਗ ਪਈ। ਬੈਠਣ ਨੂੰ ਅਜੇ ਵੀ ਜਗ੍ਹਾ ਨਹੀਂ ਸੀ ਮਿਲੀ। ਮੈਂ ਪਰ੍ਹੇ ਹਟਕੇ ਧੁੱਪੇ ਖਲੋ ਗਿਆ। ਜੀਅ ਭਿਆਣੇ ਖਲੋਤਿਆਂ ਬਾਰਾਂ ਵੱਜ ਗਏ। ਅਵਾਜ਼ ਪੈਣ ਦੇ ਅਜੇ ਆਸਾਰ ਨਜ਼ਰ ਨਹੀਂ ਆ ਰਹੇ।

ਲੋਕ ਅੰਦਰ ਜਾਂਦੇ। ਫਿਰ ਬਾਹਰ ਆ ਜਾਂਦੇ। ਇਨਸਾਫ਼ ਦਾ ਅਜੀਬ ਤਮਾਸ਼ਾ। ਜਿਵੇਂ ਜਾਨਵਰ ਚੋਗੇ ਦੀ ਚੁੰਝ ਲੈ ਕੇ ਬਾਹਰ ਆ ਕੇ ਉਡਾਰੀ ਮਾਰ ਜਾਂਦੇ।

ਭੀੜ ਘਟਨ 'ਤੇ ਨਹੀਂ ਆ ਰਹੀ। ਵਧਦੀ ਹੀ ਜਾ ਰਹੀ। ਖਲੋ-ਖਲੋ ਕੇ ਲੱਤਾਂ ਵੀ ਜੁਆਬ ਦੇ ਰਹੀਆਂ। ਜਿਵੇਂ ਟੁੱਟ ਚੱਲੀਆਂ ਹੋਣ। ਪੈਰਾਂ 'ਚੋਂ ਸੜਨ ਨਿਕਲ ਰਹੀ। ਧਿਆਨ ਬਦਲਣ ਲਈ ਲਾਗੇ ਖਲੋਤੇ ਅਜਨਬੀ ਨਾਲ ਗੱਲਾਂ ਕਰਨ ਲੱਗ ਪਿਆ। ਹਾਂ- ਜੀ ਹੂੰ-ਜੀ ਕੀਤੀ। ਕਚਹਿਰੀਆਂ ਦੀ ਢਿੱਲੀ ਕਾਰਗੁਜ਼ਾਰੀ ਦੀਆਂ ਗੱਲਾਂ ਕਰਨ ਲੱਗੇ। ਆਖਰ ਕਿੰਨੀਆਂ ਕੁ ਗੱਲਾਂ ਕਰਦੇ। ਉਹ ਵੀ ਝੱਟਪੱਟ ਮੁੱਕ ਗਈਆਂ। ਅਸੀਂ ਕਿਹੜੇ ਸੁਧਾਰ ਅਫ਼ਸਰ ਸਾਂ ਕਿ ਖਲੋਤੇ-ਖਲੋਤੇ ਗੱਲਾਂ ਨਾਲ ਹੀ ਕਚਹਿਰੀਆਂ ਦਾ ਪ੍ਰਸ਼ਾਸਨ ਠੀਕ ਕਰ ਦਿੰਦੇ। ਆਖ਼ਰ ਉਹ ਵੀ ਕਿਸੇ ਕੇਸ 'ਚ ਉਲਝਿਆ ਹੋਇਆ ਸੀ। ਗੱਲਾਂ ਦਾ ਸੁਆਦ ਸਾਨੂੰ ਦੋਹਾਂ ਨੂੰ ਨਹੀਂ ਸੀ ਆ ਰਿਹਾ। ਚੁੱਪ ਹੋ ਗਏ। ਕੋਈ ਗੱਲ ਹੀ ਨਹੀਂ ਸੀ ਅਹੁੜ ਰਹੀ। ਵਿੱਚ-ਵਿੱਚ ਫਿਰ ਇਕ ਦੂਜੇ ਵੱਲ ਉਦਾਸ ਜਿਹੇ ਝਾਕਦੇ। ਫਿਰ ਤਾਂ ਉਸਨੇ ਪਾਸਾ ਹੀ ਵੱਟ ਲਿਆ ਤੇ ਮੈਂ ਬੂਹੇ 'ਚ ਖੜੇ ਜੱਜ ਦੇ ਅਰਦਲੀ ਵੱਲ ਝਾਕਣ ਲੱਗ ਪਿਆ।

ਡੇਢ ਵੱਜ ਗਿਆ। ਲੰਚ ਟਾਈਮ ਹੋ ਗਿਆ। ਸਭ ਲੋਕ ਖਿੱਲਰ ਪੁੱਲਰ ਗਏ। ਕੋਈ ਚਾਹ ਦੀਆਂ ਰੇਹੜੀਆਂ ਵੱਲ। ਕੋਈ ਢਾਬਿਆਂ ਵੱਲ।

ਛੋਲੇ-ਭਟੂਰੇ ਖਾ ਕੇ ਅਸੀਂ ਵਾਪਸ ਆ ਗਏ। ਡੈਡੀ ਤੇ ਬਾਕੀ ਜਣੇ ਫੇਰ ਵਕੀਲ ਦੇ ਕੈਬਨ ਵੱਲ ਚਲੇ ਗਏ। ਮੈਂ ਖਾਲੀ ਪਿਆ ਇਕ ਬੈਂਚ ਜਾ ਮੱਲਿਆ।

ਕਾਰਵਾਈ ਦੁਬਾਰਾ ਸ਼ੁਰੂ ਹੋਈ। ਢਾਈ ਵੱਜ ਗਏ। ਫਿਰ ਚਾਰ ਵੱਜ ਗਏ। ਬਰਾਂਡਾ ਖਾਲੀ ਹੋ ਗਿਆ। ਮੇਰੇ ਸਮੇਤ ਅੱਠ-ਦਸ ਜਣੇ ਰਹਿ ਗਏ। ਹੁਣ ਤੱਕ ਤਾਂ ਸਿਰ ਪਾਟਣ 'ਤੇ

ਆ ਗਿਆ। ਲੋਹੇ ਦੇ ਬੈਂਚ 'ਤੇ ਬੈਠਣਾ ਵੀ ਔਖਾ ਹੋ ਗਿਆ। ਕੀ ਕੀਤਾ ਜਾਵੇ। ਬੇਵਸੀ ਬੁੱਲ੍ਹਾਂ 'ਤੇ ਸਿੱਕਰੀ ਜੰਮ ਆਈ ਸੀ। ਗਲਾ ਠੰਡ 'ਚ ਵੀ ਸੁੱਕ ਰਿਹਾ। ਪਿਸ਼ਾਬ ਬਹੁਤ ਆਇਆ ਹੋਇਆ। ਪਰ ਕਿਵੇਂ ਜਾਵਾਂ। ਕਿਤੇ ਪਿੱਛੋਂ ਆਵਾਜ਼ ਪੈ ਗਈ ਤਾਂ ਗੈਰ-ਹਾਜ਼ਰੀ ਲੱਗ ਜਾਊ। ਕਚਹਿਰੀਆਂ ਵਾਲੇ ਪਾਤਸ਼ਾਹਾਂ ਦੀ ਰਹਿਮਤ 'ਤੇ ਬੈਠਾ ਸਾਂ। ਇੱਕ ਆਵਾਜ਼ ਦੀ ਉਡੀਕ 'ਚ ਸ਼ਾਮ ਪੈ ਚੱਲੀ ਸੀ। ਇਹ ਆਵਾਜ਼ ਹੀ ਰੱਬ ਦਾ ਫੁਰਮਾਨ ਹੋਈ ਪਈ। ਪਤਾ ਨਹੀਂ ਕਦੋਂ ਇਹ ਧੁਰ ਦੀ ਬਾਣੀ ਕੰਨੀਂ ਪਵੇਗੀ। ਮੈਨੂੰ ਬੈਠੇ-ਬੈਠੇ ਨੂੰ ਹੋਰ ਜ਼ਿਆਦਾ ਕਾਹਲ ਜਿਹੀ ਪੈਣ ਲੱਗ ਪਈ। ਠੰਡ 'ਚ ਵੀ ਜਿਵੇਂ ਮੇਰੇ ਮੱਥੇ ਪਸੀਨਾ ਆ ਰਿਹਾ ਜਾਪਿਆ। ਮੈਂ ਆਪਣਾ ਖੱਬਾ ਹੱਥ ਮੱਥੇ 'ਤੇ ਫੇਰਿਆ। ਪਸੀਨੇ ਦਾ ਨਾਂ ਨਿਸ਼ਾਨ ਵੀ ਨਹੀਂ, ਪਰ ਮਨ-ਚਿੱਤ ਟਿਕ ਨਹੀਂ ਰਿਹਾ। ਸੋਚਾਂ 'ਚ ਹੋਰ ਡੂੰਘਾ ਲਹੀ ਜਾ ਰਿਹਾਂ।

ਕਦੋਂ ਮੁੱਕੇਗਾ ਇਹ ਕੇਸ ? ਕਦੋਂ ਇੱਥੋਂ ਖਲਾਸੀ ਹੋਵੇਗੀ ? ਕਦੋਂ ਗ੍ਰਹਿਸਥੀ ਦੀ ਗੱਡੀ ਦੁਬਾਰਾ ਚੱਲੇਗੀ ? ਕਿਤੇ ਇਵੇਂ ਹੀ ਨਾ ਉਮਰ ਲੰਘ ਜਾਵੇ। ਵਾਲ ਚਿੱਟੇ ਹੋ ਜਾਣ। ਝੁਰੜੀਆਂ ਪੈ ਜਾਣ। ਸਰੀਰ 'ਚ ਉਹ ਸਾਹ-ਸਤ ਹੀ ਨਾ ਰਹੇ। ਛੜੇ ਬੰਦੇ ਦੀ ਵੀ ਕੋਈ ਜੂਨ ਹੁੰਦੀ ਏ। ਤਾਅਨੇ-ਮਿਹਣੇ। ਨਾਲੇ ਲੋਕਾਂ ਦਾ ਮਖੌਲ ਬਣ ਜਾਵੇ।

ਪਰ੍ਹੇ ਕੁਝ ਹਟਵੇਂ ਬੈਂਚ 'ਤੇ ਪਤਨੀ ਬੈਠੀ ਹੋਈ। ਚਾਰ ਮੀਟਰ ਦੀ ਦੂਰੀ 'ਤੇ ਬੈਠੀ ਵੀ ਕਿੰਨੀ ਦੂਰ। ਹਜ਼ਾਰਾਂ ਮੀਲਾਂ ਦੀ ਦੂਰੀ। ਵੇਖ ਕੇ ਨਾ ਚਾਅ ਚੜ੍ਹਦੇ ਨਾ ਦਿਲ 'ਚ ਲੱਡੂ ਭੁਰਦੇ ਨੇ। ਕਦੇ ਸਭ ਕੁਝ ਹੁੰਦਾ ਸੀ। ਹੁਣ ਤਾਂ ਸੜਿਆ ਜਿਹਾ ਮੂੰਹ ਬਣਾਈ, ਮੱਥੇ 'ਤੇ ਤਿਊੜੀਆਂ ਪਈਆਂ ਸਾਂਵਲੇ ਮੱਥੇ ਤੋਂ ਸਾਫ਼ ਦਿਸ ਰਹੀਆਂ। ਮੁੱਠੀ ਦੇ ਮੁੱਕੇ ਦਾ ਢਾਸਨਾ ਜਿਹਾ ਬਣਾ ਕੇ ਗੱਲ੍ਹ ਨਾਲ ਲਾ ਕੇ ਉਸਤੇ ਸਿਰ ਟੇਢਾ ਕੀਤਾ ਹੋਇਆ। ਗੁੰਮ-ਸੁੰਮ ਤੇ ਪੱਥਰ ਦਾ ਬੁੱਤ ਬਣੀ ਹੋਈ। ਬੜੀ ਮਸਤ ਬੈਠੀ ਏ। ਅਡੋਲ, ਸ਼ਾਂਤ ਹੋਈ। ਜਿਵੇਂ ਸ਼ਾਂਤੀ ਦੀ ਪੂਜਨਯੋਗ ਦੇਵੀ ਹੋਵੇ। ਅੱਖਾਂ ਅੱਧ ਮੀਚੀਆਂ ਜਿਵੇਂ ਸੌਂ ਗਈ ਹੋਵੇ ਤੇ ਉਸਨੂੰ ਸਾਹ ਲੈਣ ਦਾ ਚੇਤਾ ਹੀ ਨਾ ਹੋਵੇ।

ਮੇਰੇ ਵਾਂਗੂੰ ਸਵੇਰ ਤੋਂ ਬੈਠੀ ਇੱਥੇ ਕੀ ਕਰ ਰਹੀ। ਮੇਰੇ ਲਈ ਤੇ ਆਪਣੇ ਲਈ ਗਿੱਲਾ ਪੀਹਣ ਪਾ ਕੇ ਬਹਿ ਗਈ ਏ। ਕੀ ਸੋਚ ਰਹੀ ਹੋਵੇਗੀ। ਜ਼ਿੰਦਗੀ ਦੀਆਂ ਇਹਨਾਂ ਗੁੰਝਲਾਂ 'ਚੋਂ ਨਿਕਲਣ ਦੀ ਕੋਸ਼ਿਸ਼ ਕਰ ਰਹੀ ਜਾਂ ਉਹਨਾਂ 'ਚ ਹੋਰ ਫਸਦੀ ਜਾ ਰਹੀ। ਕਈ ਸਾਲ ਹੋ ਗਏ ਦੂਰ-ਦੂਰ ਹੋਇਆਂ। ਖੌਰੇ ਉਹ ਵੀ ਮੇਰੀ ਤਰ੍ਹਾਂ ਅੱਕ-ਥੱਕ ਗਈ ਹੋਵੇ ਤੇ ਨਿਕਲਣ ਦਾ ਕੋਈ ਬਹਾਨਾ ਲੱਭ ਰਹੀ ਹੋਵੇ। ਖੌਰੇ ਸੋਚ ਰਹੀ ਹੋਵੇ ਮੈਂ ਕਿੱਥੇ ਆ ਫਸੀ ਆਂ ਤੇ ਇਹਨੂੰ ਵੀ ਨਾਲ ਹੀ ਲੁਬੇੜੀ ਬੈਠੀ ਆਂ। ਖੌਰੇ ਅੜੀ ਬੈਠੀ ਮੈਨੂੰ ਕੋਈ ਵੱਡੀ ਸਜ਼ਾ ਦਿਵਾਉਣ ਦੀ ਠਾਣੀ ਬੈਠੀ ਹੋਵੇ। ਮੈਨੂੰ ਤਬਾਹ ਕਰਕੇ ਉਸਦੇ ਕਲੇਜੇ ਨੂੰ ਠੰਡ ਪੈਂਦੀ ਹੋਵੇ।

ਪਰ ਉਹ ਤਾਂ ਹੁਣ ਮੇਰੇ ਵੱਲ ਅੱਖਾਂ ਪਾੜ-ਪਾੜ ਦੇਖ ਰਹੀ ਏ। ਜਿਵੇਂ ਮਿਰਚਾਂ ਖਾ ਕੇ ਹਟੀ ਹੋਵੇ। ਮੇਰਾ ਜੀਅ ਕਰਦੈ ਗੁੱਤੋਂ ਫੜ ਕੇ ਇਹਦੀਆਂ ਦੋ-ਚਾਰ ਭੁਆਟਣੀਆਂ ਦੇ ਦੇਵਾਂ। ਆਪਣਾ ਮਨ ਠੰਡਾ ਕਰ ਲਵਾਂ। ਪਰ ਕਿੱਥੇ ਇਹ ਕੁੱਤਾ ਕੰਮ ਤਾਂ ਮੈਂ ਉਦੋਂ ਨਹੀਂ ਸੀ ਕਰ ਸਕਿਆ ਜਦੋਂ ਇਹ ਮੇਰੇ ਕੋਲ ਹੁੰਦੀ ਸੀ। ਮੇਰੇ ਨਾਲ ਲੜਦਿਆਂ-ਝਗੜਦਿਆਂ, ਘਰ



ਨੂੰ ਆਂਢ-ਗੁਆਂਢ 'ਚ ਤਮਾਸ਼ਾ ਬਣਾ ਦਿੰਦੀ। ਤੇ ਮੇਰੇ ਵਰਗੇ ਰੁਤਬੇ ਵਾਲੇ ਬੰਦੇ ਦੇ ਘਰ ਨੂੰ ਕੰਜਰਖਾਨਾ ਬਣਾ ਧਰਦੀ। ਉਦੋਂ ਵੀ ਮੈਂ ਹੱਥ ਜੋੜ-ਜੋੜ ਉਹਨੂੰ ਮਨਾਉਣ ਤੇ ਸਮਝਾਉਣ ਦੀ ਅਸਫ਼ਲ ਕੋਸ਼ਿਸ਼ ਕਰਦਾ ਰਹਿੰਦਾ।

ਕਈ ਵਾਰ ਮੈਨੂੰ ਲੱਗਦਾ ਇਹਨੂੰ ਰੁੱਸੀ ਨੂੰ ਮਨਾਉਣਾ ਹੀ ਮੇਰਾ ਕੰਮ ਰਹਿ ਗਿਐਂ। ਇਹੋ ਕੁਝ ਹੀ ਇਹਦੇ ਮਾਪਿਆਂ ਨੇ ਮੈਨੂੰ ਦਾਜ 'ਚ ਦਿੱਤੇ। ਇਹ ਕੱਛੂ-ਮੱਤ ਮੇਰੇ ਗਲੇ ਮੜ੍ਹ ਦਿੱਤੀ ਏ। ਮੈਂ ਇਹਦੇ ਨਾਲ ਵਿਆਹ ਕਰਵਾ ਕੇ ਕੋਈ ਦਾਜ ਨਹੀਂ ਸੀ ਲਿਆ। ਬਹੁਤ ਸਾਰੀਆਂ ਅਗਾਂਹ-ਵਧੂ ਕਿਤਾਬਾਂ ਤੇ ਚੰਗਾ ਉੱਚ ਪਾਏ ਦਾ ਸਾਹਿਤ ਪੜ੍ਹਿਆ ਹੋਣ ਕਰਕੇ ਆਦਰਸ਼ਵਾਦ ਦਾ ਝੰਡਾ ਜੁ ਚੁੱਕੀ ਫਿਰਦਾ ਸਾਂ। ਜਿਵੇਂ ਮੇਰੇ ਇੰਝ ਕਰਨ ਨਾਲ ਸਾਰਾ ਸਮਾਜ ਸਹੀ ਲੀਹ 'ਤੇ ਆ ਜਾਵੇਗਾ। ਮੈਂ ਸਮਝਦਾ ਸਾਂ ਸਾਰੀਆਂ ਔਰਤਾਂ ਹੀ ਚੰਗੀਆਂ ਹੁੰਦੀਆਂ ਨੇ ਜਾਂ ਉਹਨਾਂ ਨੂੰ ਪਿਆਰ ਕਰਕੇ ਹੋਰ ਵਧੀਆ ਬਣਾਇਆ ਜਾ ਸਕਦੈ। ਮੈਨੂੰ ਕੀ ਪਤਾ ਸੀ ਇਹ ਮੇਰੇ ਹੀ ਗਲੇ ਦੀ ਹੱਡੀ ਸਾਬਤ ਹੋਵੇਗੀ। ਕਿੰਨਾ ਸੌਖਾ ਹੁੰਦੈ ਕਿਸੇ ਦੇ ਜਜ਼ਬਾਤਾਂ ਦੀ ਕਦਰ ਨਾ ਕਰਦਿਆਂ ਉਸਨੂੰ ਤਰੋੜ-ਮਰੋੜ ਕੇ ਸੁੱਟ ਦੇਣਾ।

ਮੈਂ ਆਪਣੀ ਸੋਚ ਨੂੰ ਬਦਲਦਿਆਂ ਮਨ 'ਚ ਸੋਚਿਆ ਹੋ ਸਕਦੈ ਮੇਰੇ ਸਾਹਮਣੇ ਬੈਠੀ ਤਿਊੜੀਆਂ ਪਾਉਂਦੀ ਹੋਵੇ ਤੇ ਅੰਦਰੋਂ ਬਦਲ ਗਈ ਹੋਵੇ। ਖੌਰੇ ਏਨੇ ਚਿਰ 'ਚ ਇਹਦੀ ਸੋਚ 'ਚ ਵੀ ਕੋਈ ਫ਼ਰਕ ਪੈ ਗਿਆ ਹੋਵੇ। ਘਸ-ਘਸ ਕੇ ਤਾਂ ਪੱਥਰ ਵੀ ਗੋਲ ਹੋ ਜਾਂਦੇ ਨੇ। ਜੇ ਉਹਨੇ ਏਨੇ ਚਿਰ ਤੋਂ ਨਰਮਾਈ ਨਹੀਂ ਦਿਖਾਈ ਤਾਂ ਮੈਂ ਵੀ ਤਾਂ ਏਨੇ ਚਿਰ ਤੋਂ ਉਸਨੂੰ ਕ[illegible] ਬੁਲਾਇਆ ਤੱਕ ਨਹੀਂ। ਸ਼ਾਇਦ ਸੋਚਦੀ ਹੋਵੇ ਮੈਂ ਪਹਿਲ ਕਿਉਂ ਕਰਾਂ, ਇਹ ਕਰੇ। ਇ[illegible] ਪਹਿਲਾਂ ਬੁਲਾਵੇ। ਮੈਨੂੰ ਯਾਦ ਆਉਂਦੈ, ਕਚਹਿਰੀ 'ਚ ਕਈ ਚਿਰ ਤੋਂ ਆਉਂਦੀ ਦੀ ਚੰਗੀ ਤਰ੍ਹਾਂ ਸ਼ਕਲ ਵੀ ਨਹੀਂ ਦੇਖੀ ਲੱਗਦੀ। ਨਫ਼ਰਤ ਜਿਹੀ ਹੋ ਗਈ ਏ ਏਸ ਸ਼ਕਲ ਤੋਂ ਬਹੁਤ ਬੁਰੀ ਤਰ੍ਹਾਂ, ਬੁਰੇ ਸੁਪਨੇ ਦੀ ਤਰ੍ਹਾਂ। ਬਸ ਤਰੀਕ ਭੁਗਤ ਕੇ ਆਪੋ-ਆਪਣੇ ਰਾਹੇ [illegible] ਜਾਈਦੈ। ਸਾਡੇ ਵਿਚ ਰਿਸ਼ਤਾ ਹੀ ਕੋਈ ਕਿੱਥੇ ਰਹਿ ਗਿਐ। ਨਾ ਸਰੀਰਕ, ਨਾ ਰੂਹਾਨੀ। ਬਸ ਕਚਹਿਰੀ ਦੇ ਕਾਗਜ਼ਾਂ 'ਚ ਨਾਂ ਦੇ ਹੀ ਪਤੀ-ਪਤਨੀ। ਹੁਣ ਤਾਂ ਦੁਸ਼ਮਣੀ ਦਾ ਰਿਸ਼ਤਾ ਰਹਿ ਗਿਐ।

ਆਪਣੀਆਂ ਸੋਚਾਂ ਦੇ ਚੱਕਰਵਿਊ 'ਚ ਫਸਿਆ ਹੋਇਆ, ਮੇਰੇ ਮਨ 'ਚ ਪਤਾ ਨਹੀਂ ਕੀ ਆਇਆ, ਕਈ ਵਿਚਾਰ ਬਣ ਰਹੇ ਨੇ ਟੁੱਟ ਰਹੇ। ਜੇ ਪਤੀ-ਪਤਨੀ ਦਾ ਰਿਸ਼ਤਾ ਨਹੀਂ ਰਿਹਾ ਤਾਂ ਫਿਰ ਦੁਸ਼ਮਣੀ ਦਾ ਰਿਸ਼ਤਾ ਵੀ ਕਿਉਂ? ਮੈਂ ਉੱਠ ਪਿਆ। ਮੈਨੂੰ ਕੋਈ ਹੋਸ਼ ਨਹੀਂ ਮੈਂ ਕੀ ਕਰਨ ਜਾ ਰਿਹਾ। ਪਰ ਉਸ ਵਲ ਉੱਠਕੇ ਤੁਰ ਪਿਆ। ਮੈਨੂੰ ਪਤਾ ਨਹੀਂ ਕੀ ਹੁੰਦਾ ਜਾ ਰਿਹਾ। ਆਪਣੇ ਆਪ ਨੂੰ ਤਾਕਤ ਵਿਚ ਲਿਆ ਰਿਹਾਂ। ਠੀਕ ਕੀ ਤੇ ਗਲਤ ਕੀ, ਮੈਨੂੰ ਕੋਈ ਪਤਾ ਨਹੀਂ। ਮੈਂ ਕੀ ਕਰਨ ਜਾ ਰਿਹਾਂ।

"ਜਸ ..... ਜਸਪਾਲ ..... ਮੈਂ ਤੇਰੇ ਨਾ ਗੱਲ ਕਰਨਾ ਚਾਹੁੰਦਾਂ .....।" ਮੈਂ ਬੜੀ ਨਿਮਰਤਾ ਜਿਹੀ ਨਾਲ ਉਸ ਸਾਹਮਣੇ ਹੁੰਦਿਆਂ ਕਿਹਾ।

"ਕੀ ਗੱਲ ਕਰਨੀ ਏ .....।" ਉਹ ਉੱਖੜੀ ਕੁਹਾੜੀ ਵਾਂਗ ਪਈ।

"ਦੱਸਦਾਂ ..... ਜ਼ਰਾ ਬੈਠ ਲੈਣ ਦੇ .....।"

"ਮੈਂ ਤੇਰੇ ਨਾ ਕੋਈ ਗੱਲ ਨਹੀਂ ਕਰਨੀ ..... ਤੇਰੀ ਹਿੰਮਤ ਕਿਵੇਂ ਪਈ ਮੇਰੇ ਕੋਲ ਆਉਣ ਦੀ .....।" ਉਹ ਅੱਖਾਂ 'ਚੋਂ ਅੰਗਿਆਰ ਸੁੱਟਦੀ ਮੈਨੂੰ ਘੂਰਨ ਲੱਗ ਪਈ। ਸਾਖਸ਼ਾਤ ਕਾਲੀ ਦੇਵੀ ਜਿਵੇਂ ਉਸ 'ਚੋਂ ਪ੍ਰਗਟ ਹੋ ਗਈ ਹੋਵੇ। ਜੋ ਮੈਨੂੰ ਖੜ੍ਹੇ-ਖੜੋਤੇ ਨੂੰ ਇੱਕ ਮਿੰਟ 'ਚ ਭਸਮ ਕਰ ਦੇਵੇਗੀ।

"ਦੇਖ ਜਸ ..... ਮੇਰੀ ਗੱਲ ਸੁਣ, ਆਪਣੇ ਗੁੱਸੇ 'ਤੇ ਕਾਬੂ ਪਾ ..... ਇਹ ਕਚਹਿਰੀ ਏ, ਕੋਈ ਘਰ ਨਹੀਂ ..... ਏਨੇ ਚਿਰ ਦੀ ਦੂਰੀ ਤੋਂ ਬਾਅਦ ਤਾਂ ਬੰਦਾ ਨਰਮ ਪੈ ਜਾਣਾ ਚਾਹੀਦੈ ..... ਸਿਆਣਾ ਹੋਣਾ ਚਾਹੀਦੈ ....।" ਮੈਂ ਉਸਦੇ ਕੋਲ ਬਹਿੰਦਿਆਂ ਹੌਲੀ ਜਿਹੀ ਬੋਲਿਆ।

"ਅੱਛਾ ..... ਮੇਰੀ ਜ਼ਿੰਦਗੀ ਬਰਬਾਦ ਕਰਕੇ, ਹੁਣ ਮੈਨੂੰ ਨਰਮ ਪੈਣ ਦੀਆਂ ਗੱਲਾਂ ਕਰਦੈਂ ..... ਤੂੰ ਕਿੰਨਾ ਕੁ ਸਿਆਣਾ ਹੋ ਗਿਐਂ .....।" ਨੱਕ 'ਚੋਂ ਠੂੰਹੇ ਸੁੱਟਣੇ ਜਾਰੀ ਸਨ। ਇਹ ਜ਼ਨਾਨੀ ਕੁਝ ਠੀਕ ਹੋ ਗਈ ਹੋਵੇਗੀ। ਸ਼ਾਇਦ ਇਹ ਮੇਰਾ ਵਹਿਮ ਹੀ ਸੀ। ਉਸਦੇ ਸੁਭਾਅ 'ਚ ਤਾਂ ਅਜੇ ਵੀ ਕੋਈ ਫ਼ਰਕ ਨਹੀਂ ਪਿਆ। ਜਿਵੇਂ ਸਾਢੇ ਤਿੰਨ ਸਾਲ ਪਹਿਲਾਂ ਵਾਲਾ ਕਾਟੋ-ਕਲੇਸ਼ ਫਿਰ ਸ਼ੁਰੂ ਹੋ ਗਿਆ ਹੋਵੇ। ਮੈਂ ਹੈਰਾਨ ਹੋਈ ਜਾ ਰਿਹਾ। ਦੁਚਿੱਤੀ 'ਚ ਪੈ ਗਿਆ। ਸਭ ਕੁਝ ਪਹਿਲਾਂ ਜਿਹਾ ਹੀ, ਕੋਈ ਰੱਤੀ ਭਰ ਵੀ ਫ਼ਰਕ ਨਹੀਂ। ਇਹ ਕਿਵੇਂ ਹੋ ਸਕਦੈ। ਏਨੇ ਚਿਰਾਂ ਬਾਅਦ ਵੀ ਮੀਲ ਪੱਥਰ ਬਣੀ ਬੈਠੀ ਏ। ਸਮਝ ਤੇ ਸਮਝਦਾਰੀ ਵਾਲੇ ਸ਼ਬਦ ਅਜੇ ਵੀ ਇਸਦੀ ਪਹੁੰਚ ਤੋਂ ਬਾਹਰ ਨੇ।

"ਦੇਖ ਜਸਪਾਲ ..... ਕੇਸ ਚੱਲਦਿਆਂ ਏਨੇ ਸਾਲ ਹੋ ਗਏ ..... ਕੁਝ ਬਣਿਆ ..... ਨਾ ਤੇਰਾ ਕੁਝ ਬਣਿਆ, ਨਾ ਮੇਰਾ ਕੁਝ ਸਰਿਆ ..... ਇਹਨਾਂ ਕਚਹਿਰੀਆਂ 'ਚ ਘੱਟਾ ਛਾਨਣ ਤੋਂ ਬਗੈਰ ਕੁਝ ਨਹੀਓਂ ਮਿਲਣਾ ..... ਐਵੇਂ ਸਮੇਂ ਦੀ ਬਰਬਾਦੀ ਨਾ ਕਰੀਏ ..... ਛੱਡੀਏ ਪਰ੍ਹਾਂ ..... ਉਮਰ ਲੰਘਦੀ ਜਾ ਰਹੀ ਏ ......।" ਮੈਂ ਉਹਦੇ ਮੋਢੇ 'ਤੇ ਹੱਥ ਰੱਖਦਿਆਂ ਲਾਡ ਜਿਹੇ ਨਾਲ ਕਿਹਾ। ਉਸਨੇ ਉਸੇ ਵੇਲੇ ਮੇਰਾ ਹੱਥ ਝਟਕ ਦਿੱਤਾ, "ਹੁਣ ਦਾਹੜੀ 'ਚ ਵਾਲ ਚਿੱਟੇ ਹੋਣ ਲੱਗ ਪਏ ..... ਤਾਂ ਹੀ ਮੇਰਾ ਚੇਤਾ ਆਇਐ ..... ਤੇਰੀ ਮਾਂ ਦੀ ਨੀਂਦ ਹਰਾਮ ਹੋਈ ਪਈ ਹੋਣੀ ਏ ..... ਪੁੱਤ ਕੱਲਾ ਠੋਕਰਾਂ ਖਾਂਦੈ ..... ਬੁੱਢੇ ਵਾਰੇ ਕੀ ਬਣੂ .....।"

"ਦੇਖ ਇਹੋ ਜਿਹੀ ਕੋਈ ਗੱਲ ਨਹੀਂ ..... ਜਾਂ ਤਾਂ ਆਪਣੇ ਸੁਭਾਅ ਨੂੰ ਨਰਮ ਕਰਕੇ, ਚੱਲ ਮੇਰੇ ਨਾਲ, ਨਹੀਂ ਤਾਂ ਇੱਕ ਦੂਜੇ ਦਾ ਖਹਿੜਾ ਛੱਡੀਏ ..... ਤੂੰ ਆਪਣਾ ਕਿਸੇ ਨਾਲ ਘਰ ਵਸਾ ..... ਮੈਂ ਆਪਣਾ .....।"

"ਅੱਛਾ ਇਹ ਗੱਲ ਐ ..... ਹੁਣ ਰਹਿ ਨੀਂ ਨਾ ਹੁੰਦਾ ਹੋਣਾ ..... ਨਵਾਂ ਸੁਆਦ ਦੇਖਣ ਦੀ ਅੱਗ ਲੱਗੀ ਹੋਣੀ ..... ਜੇ ਮੇਰਾ ਘਰ ਨਹੀਂ ਵਸਿਆ ਤਾਂ ਤੇਰੇ ਹੱਥ ਵੀ ਚੂੜੇ ਵਾਲੀ ਨਾ ਆਈ .....।" ਵਿਆਹ ਦੀ ਗੱਲ ਤੋਂ ਜਿਵੇਂ ਉਸਦਾ ਪਾਰਾ ਹੋਰ ਸੱਤ ਅਸਮਾਨੇ ਜਾ ਚੜ੍ਹਿਆ।

"ਦੱਸ ਮੈਨੂੰ, ਇਹਦੇ 'ਚ ਆਦ ਦੇਖਣ ਵਾਲੀ ਕਿਹੜੀ ਗੱਲ ਹੋਈ ..... ਜੇ ਆਪਣੇ



ਗ੍ਰਿਹਸਤੀ ਜੀਵਨ ਦੀ ਗੱਡੀ ਨਹੀਂ ਰਿੜ੍ਹਦੀ ਤਾਂ ਆਪਾਂ ਨੂੰ ਆਪੋ-ਆਪਣੇ ਸੁਭਾਵਾਂ ਨਾਲ ਮੇਲ ਖਾਂਦੇ ਸਾਥੀਆਂ ਨਾਲ ਜੀਵਨ ਜਿਊਣ 'ਚ ਕੀ ਹਰਜ ਏ ..... ਭਲੀਏ ਲੋਕੇ ਇਹ ਜ਼ਿੰਦਗੀ ਜਿਊਣ ਲਈ ਹੁੰਦੀ ਏ ..... ਐਵੇਂ ਕਚਹਿਰੀਆਂ 'ਚ ਰੋਲਣ ਨੂੰ ਨਹੀਂ ..... ਤੇਰੇ ਵਰਗੀਆਂ ਜ਼ਨਾਨੀਆਂ ਘਰਾਂ 'ਚ ਸ਼ੋਭਦੀਆਂ ਨੇ, ਕਚਹਿਰੀਆਂ-ਠਾਣਿਆਂ ਦੇ ਬੈਂਚਾਂ 'ਤੇ ਬੈਠੀਆਂ ਨਹੀਂ ..... ਏਥੇ ਰੋਜ਼ ਮਰਨ ਨਾਲੋਂ ਘਰ ਵਸਾ ਲੈਣਾ ਕੋਈ ਮਾੜੀ ਗੱਲ ਨਹੀਂ ..... ਜ਼ਿੰਦਗੀ ਜ਼ਿੰਦਾਦਿਲੀ ਦਾ ਨਾਂ ਹੁੰਦੈ .....।" ਮੈਂ ਆਪਣੀ ਫਲਾਸਫੀ ਘੋਟਦਿਆਂ ਉਸਦੇ ਖਾਨੇ ਪਾਉਣ ਦੀ ਕੋਸ਼ਿਸ਼ 'ਚ ਸਾਂ।

"ਇਹੋ ਜਿਹੀ ਅਕਲ ਮੈਨੂੰ ਦੇਣ ਦੀ ਲੋੜ ਨਹੀਂ, ਆਪਣੇ ਕੋਲ ਰੱਖ ..... ਮੇਰੇ ਕੋਲ ਬਥੇਰੀ ਏ, ਮੈਨੂੰ ਤਾਂ ਰੱਬ ਸਬਰ ਦੇਵੇ ..... ਮੈਨੂੰ ਹੋਰ ਚਸਕਿਆਂ ਦੀ ਲੋੜ ਨਹੀਂ ..... ਪਰ ਤੈਨੂੰ ਨਹੀਂ ਮੈਂ ਹੋਰ ਵਿਆਹ ਕਰਨ ਦਿੰਦੀ, ਭਾਵੇਂ ਇੱਥੇ ਸਾਰੀ ਉਮਰ ਲੰਘ ਜਾਵੇ.....। ਉਸਨੇ ਇਸੇ ਗੱਲ 'ਤੇ ਹੀ ਮੋਹੜੀ ਗੱਡ ਦਿੱਤੀ।

"ਦੱਸ ਇਹਦਾ ਕੀ ਮਤਲਬ ਹੋਇਆ ..... ਸਾਡਾ ਪਿਛਲੇ ਜਨਮ ਦਾ ਕੋਈ ਵੈਰ ਐ ..... ਆਪਾਂ ਵਿਆਹ ਕਰਵਾਇਆ ..... ਤੇਰੇ ਗੁਸੈਲੇ ਸੁਭਾਅ ਨੇ ਘਰ ਦਾ ਭੱਠਾ ਬਿਠਾ ਦਿੱਤਾ ..... ਤੇਰੇ 'ਚ ਸਬਰ ਏ ਤਾਂ ਠੀਕ ਏ ..... ਨਾ ਕਰਵਾ ..... ਮੇਰਾ ਖਹਿੜਾ ਤਾਂ ਛੱਡ ..... ਆਪਣੀ ਬਣ ਤਾਂ ਹੁਣ ਨਹੀਂ ਸਕਦੀ ਕਦੇ ..... ਚੁੱਪ ਕਰਕੇ ਰਾਜ਼ੀਨਾਮਾ ਕਰ ਲਈਏ ਤੇ ਆਪੋ-ਆਪਣੇ ਰਾਹੇ ਪਈਏ.....। ਮੈਂ ਵੀ ਥੋੜ੍ਹਾ ਤਲਖੀ 'ਚ ਆ ਗਿਆ ਸਾਂ।

"ਐਵੇਂ ਰਾਹੇ ਪੈ ਜਾਈਏ ..... ਇੰਝ ਨਾ ਤੈਨੂੰ ਬੱਚੂ ਜਾਣ ਦਿੱਤਾ ..... ਜੇ ਤੂੰ ਆਪਣੇ ਆਪ ਨੂੰ ਬਹੁਤ ਪੜ੍ਹਿਆ-ਲਿਖਿਆ ਸਮਝਦੈਂ, ਤਾਂ ਮੈਂ ਵੀ ਘੱਟ ਪੜ੍ਹੀ ਲਿਖੀ ਨਹੀਂ ..... ਸਾਰੇ ਕਾਨੂੰਨ ਜਾਣਦੀ ਆਂ ..... ਤੈਨੂੰ ਵੱਟੋ-ਵੱਟ ਭਜਾਵਾਂਗੀ ..... ਕਾਨੂੰਨ ਮੇਰੇ ਪੰਜੇ 'ਚ ਏ ..... ਤੈਨੂੰ ਨੀਂ ਛੱਡਦੀ, ਏਡੀ ਛੇਤੀ ..... ਜਿੰਨਾ ਚਿਰ ਮੈਂ ਨਹੀਂ ਕਹਿੰਦੀ, ਤਲਾਕ ਕਿਵੇਂ ਹੋ ਜੂ ..... ਜਾ ਲਾ ਲੈ ਜ਼ੋਰ ਜਿੰਨਾ ਲੱਗਦੈ .....।"

ਉਸਦੀਆਂ ਇਹੋ ਜਿਹੀਆਂ ਰੁੱਖੀਆਂ ਤੇ ਭੈੜੀਆਂ ਗੱਲਾਂ 'ਤੇ ਗੁੱਸਾ ਤਾਂ ਮੈਨੂੰ ਬਹੁਤ ਆ ਰਿਹਾ ਸੀ। ਪਰ ਫਿਰ ਵੀ ਮੈਂ ਆਪਣੇ ਗੁੱਸੇ ਨੂੰ ਵੱਸ 'ਚ ਕਰਦਿਆਂ, ਡਿਗਦਾ-ਢਹਿੰਦਾ ਫਿਰ ਸੰਭਲ ਗਿਆ।

"ਜਸ ..... ਦੇਖ ਇਹਨਾਂ ਗੱਲਾਂ ਦਾ ਹੁਣ ਕੋਈ ਮੁੱਲ ਨਹੀਂ ..... ਕੋਰਟ ਨੇ ਮੈਨੂੰ ਫਾਹੇ ਨੀਂ ਲਾ ਦੇਣਾ ..... ਬਸ ਐਵੇਂ ਸਮਾਂ ਤੇ ਉਮਰ ਖਰਾਬ ਕਰਨ ਵਾਲੀ ਗੱਲ ਏ ..... ਨਾਲੇ ਦੇਖ ਜ਼ਿੰਦਗੀ 'ਚ ਹੋਰ ਬੜੇ ਕੰਮ ਹੁੰਦੇ ਨੇ, ਇਕ ਇਹੋ ਤਾਂ ਕੰਮ ਨਹੀਂ ..... ਤੂੰ ਮੈਥੋਂ ਕੁਝ ਪੈਸੇ ਲੈ ਤੇ ਮੇਰਾ ਪਿੱਛਾ ਛੱਡ .....।"

"ਅੱਛਾ, ਮੇਰੀ ਇੱਜ਼ਤ ਦਾ ਮੁੱਲ ਰੁਪਈਆਂ ਨਾਲ ਪਾਉਨੈਂ ..... ਵੱਡਾ ਕਾਰੂ ਬਾਦਸ਼ਾਹ ..... ਜਾ ਆਪਣੀ ਭੈਣ ਭੇਜ ਦੇਵੀਂ, ਮੇਰੇ ਭਰਾਵਾਂ ਕੋਲ ..... ਫੇਰ ਤੈਨੂੰ ਪਤਾ ਲੱਗੂ ਬਿਗਾਨੀਆਂ ਧੀਆਂ ਦੀ ਇੱਜ਼ਤ ਦਾ ਮੁੱਲ ਕਿਵੇਂ ਪਾਈਦੈ .....।"

ਮੇਰਾ ਗੁੱਸਾ ਇਕਦਮ ਉਬਾਲੇ ਖਾਣ ਲੱਗ ਪਿਆ, "ਕੁੱਤੀਏ ਤੇਰਾ ਤਾਂ ਉਹੋ ਹਿਸਾਬ

ਹੋਇਆ, ਕੁੱਤੇ ਦੀ ਪੂਛ ਵਾਲਾ, ਤੂੰ ਨਾ ਕਦੇ ਸਿੱਧੀ ਹੋਈ ..... ਸਾਲੀ ਇੱਜ਼ਤ ਦੀ, ਜ਼ੁਬਾਨ ਤੇਰੀ 'ਤੇ ਤੇਰੇ ਕੋਲ ਲਗਾਮ ਨ੍ਹੀਂ ..... ਤੇਰੇ ਵਰਗੀ ਨੇ ਘਰ ਕੀ ਵਸਾਉਣੈਂ ..... ਇੱਥੇ ਕਚਹਿਰੀ ਦੇ ਬੈਂਚਾਂ 'ਤੇ ਬੈਠੀ-ਬੈਠੀ ਚਿੱਤੜ ਘਸਾ-ਘਸਾ ਕੇ ਰੁਲ ਜਾਵੇਂਗੀ ..... ਬੈਠੀ ਰਹਿ ਏਥੇ ਭੈਣ .....।" ਤੇ ਮੈਂ ਗੁੱਸੇ 'ਚ ਉੱਥੇ ਉੱਠ ਹੀ ਪਿਆ।

"ਮੈਂ ਤੈਨੂੰ ਸੱਦਿਆ ਨਹੀਂ ਸੀ ..... ਆ ਗਿਆ ਏਥੇ ਭੈਣ ਚੋ ..... ਭੈਣ ਚੋ ..... ਕਰਨ ..... ਘਰ ਜਾ ਕੇ ਭੈਣਾਂ ਨੂੰ ਕਹੀਂ .....।"

ਥੋੜੀ ਤਲਖੀ ਵਧਦਿਆਂ, ਆਉਂਦੇ-ਜਾਂਦੇ ਲੋਕ ਸਾਡੇ ਵੱਲ ਦੇਖਣ ਲੱਗ ਪਏ।

"ਜਸਪਾਲ ਕੌਰ ..... ਪਤਨੀ ਕਰਨੈਲ ਸਿੰਘ ..... ਹਾਜ਼ਰ ਹੋ .....।" ਅਰਦਲੀ ਨੇ ਉੱਚੀ ਆਵਾਜ਼ ਦਿੱਤੀ।

ਸਾਡੇ ਦੋਹਾਂ ਦੇ ਚੱਲਦੇ ਮੂੰਹ ਇਕਦਮ ਬੰਦ ਹੋ ਗਏ। ਘਰੇਲੂ ਜੰਗ 'ਚ ਉਲਝੇ ਜਿਵੇਂ ਅਸੀਂ ਵਾਪਿਸ ਕਚਹਿਰੀ 'ਚ ਆਪਣੀ ਆਨੇ ਵਾਲੀ ਜਗ੍ਹਾ 'ਤੇ ਆ ਗਏ ਹੋਈਏ। ਜਿਵੇਂ ਠਾਠਾਂ ਮਾਰਦੇ ਪਾਣੀਆਂ ਦਾ ਕਿਸੇ ਵਹਿਣ ਰੋਕ ਦਿੱਤਾ ਹੋਵੇ।

ਬੌਂਦਲੇ ਤੇ ਅੱਭੜਵਾਹੇ ਜਿਹੇਂ ਅਸੀਂ ਦੋਵੇਂ, ਅੱਗੜ-ਪਿੱਛੜ ਦਰਵਾਜ਼ੇ ਵੱਲ ਭੱਜ ਪਏ। ਜੱਜ ਸਾਹਮਣੇ ਸਿਰ ਹਿਲਾ ਕੇ ਆਰਾਮ ਨਾਲ ਸਾਹ ਰੋਕ ਕੇ ਖਲੋ ਗਏ।

ਦਿਲ ਮੇਰਾ ਧਕ-ਧਕ ਕਰ ਰਿਹਾ। ਜਿਵੇਂ ਸੀਨਾ ਪਾੜ ਕੇ ਬਾਹਰ ਆ ਡਿੱਗੇਗਾ। ਹੁਣ ਪਤਾ ਨਹੀਂ ਕੀ ਹੋ ਜਾਵੇਗਾ। ਮੈਂ ਸੋਚ-ਸੋਚ, ਡੂੰਘੇ ਸਮੁੰਦਰਾਂ 'ਚ ਗੋਤੇ ਖਾਣ ਲੱਗਾ। ਮੇਰੀ ਹਾਲਤ ਮੀਂਹ 'ਚ ਭਿੱਜੀ ਕੁਕੜੀ ਵਾਲੀ ਹੋਈ ਪਈ। ਸਰੀਰ ਝੂਠਾ ਪੈਂਦਾ ਜਾ ਰਿਹਾ।

"ਅਗਲੇ ਮਹੀਨੇ ਦੀ ਸੋਲਾਂ ਤਰੀਕ ਪੈ ਗਈ ਏ ..... ਚਲੇ ਜਾਓ .....।" ਜੱਜ ਲਾਪਰਵਾਹੀ ਨਾਲ ਬੋਲਿਆ।

"ਅੱਛਾ ਜੀ .....।" ਕਹਿੰਦੇ ਅਸੀਂ ਦੋਵੇਂ ਮੂੰਹ ਲਟਕਾ ਕੇ ਬਾਹਰ ਆ ਗਏ।

ਬਾਹਰ ਆਉਂਦਿਆਂ ਹੀ ਉਹਨੇ ਮੈਨੂੰ ਗੁੱਸੇ 'ਚ ਸੂਈ ਕੁੱਤੀ ਵਾਂਗ ਦੇਖਿਆ। ਜਿਵੇਂ ਪਾੜ ਖਾਣਾ ਹੋਵੇ ਤੇ ਫਿਰ ਮੈਂ ਵੀ ਉਸਨੂੰ ਭੁੱਖੇ ਬਘਿਆੜ ਵਾਂਗੂ ਦੇਖਦਿਆਂ ਦੰਦ ਪੀਸੇ। ਮਨ 'ਚ ਹਜ਼ਾਰ ਗਾਲ੍ਹਾਂ ਕੱਢਦਿਆਂ ਹਮੇਸ਼ਾ ਵਾਂਗ ਆਪੋ-ਆਪਣੇ ਰਾਹੇ ਪੈ ਗਏ।

**(ਗੁਰਬਖਸ਼ ਸਿੰਘ ਮੈਮੋਰੀਅਲ ਹਸਪਤਾਲ ਨਡਾਲਾ, ਕਪੂਰਥਲਾ))**

## ਸੋਗੀ ਸਮਾਚਾਰ

ਅਦਾਰਾ ਚਿਰਾਗ਼, ਸ੍ਰੇਸ਼ਠ ਪਾਕਿਸਤਾਨੀ ਕਹਾਣੀਕਾਰ ਅਤੇ ਉੱਘੇ ਅਦੀਬ ਅਹਿਮਦ ਨਦੀਮ ਕਾਸਮੀ ਦੀ ਮੌਤ ਉੱਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ ਤੇ ਲਹਿੰਦੇ ਪੰਜਾਬ ਦੇ ਅਦਬ ਪ੍ਰੇਮੀ ਦੋਸਤਾਂ ਨਾਲ ਆਪਣਾ ਗਹਿਰਾ ਦੁੱਖ ਸਾਂਝਾ ਕਰਦਾ ਹੈ।

ਅਦਾਰਾ ਚਿਰਾਗ਼ ਪ੍ਰਸਿੱਧ ਨਾਵਲਕਾਰ ਕੇਸਰ ਸਿੰਘ ਦੀ ਮੌਤ ਉੱਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ ਅਤੇ ਗਲਪ ਦੇ ਖੇਤਰ ਵਿਚ ਉਸਦੀ ਵਿਲੱਖਣ ਦੇਣ ਅੱਗੇ ਸਿਰ ਝੁਕਾਉਂਦਾ ਹੈ। •

– ਸੰਪਾਦਕੀ ਮੰਡਲ



ਮੁਲਾਂਕਣ

# ਦੋ ਸਭਿਆਚਾਰਾਂ ਦੇ ਭੇੜ ਤੇ ਸੰਵਾਦ ਦਾ ਦਸਤਾਵੇਜ਼: ਟਾਵਰਜ਼

**ਕਰਮਜੀਤ ਸਿੰਘ (ਡਾ.)***

ਜਰਨੈਲ ਸਿੰਘ 'ਮੈਨੂੰ ਕੀ', 'ਮਨੁੱਖ ਤੇ ਮਨੁੱਖ' ਅਤੇ 'ਸਮੇਂ ਦੇ ਹਾਣੀ' ਕਹਾਣੀ-ਸੰਗ੍ਰਹਿਆਂ ਨਾਲ ਪੰਜਾਬੀ ਕਹਾਣੀ ਸਾਹਿਤ ਵਿਚ ਆਪਣਾ ਥਾਂ ਬਣਾ ਚੁੱਕਾ ਸੀ, ਪਰੰਤੂ ਕੈਨੇਡਾ ਪਰਵਾਸ ਦੌਰਾਨ ਥੋੜ੍ਹੀ ਦੇਰ ਚੁੱਪ ਰਹਿ ਕੇ ਜਦੋਂ ਉਸਦਾ ਕਹਾਣੀ-ਸੰਗ੍ਰਹਿ 'ਦੋ ਟਾਪੂ' ਪ੍ਰਕਾਸ਼ਿਤ ਹੋਇਆ ਤਾਂ ਪੂਰੇ ਪੰਜਾਬੀ ਸਾਹਿਤਕ ਜਗਤ ਨੇ ਇਸ ਦਾ ਸਵਾਗਤ ਕੀਤਾ। ਜਿੰਨੀ ਡੂੰਘੀ ਨਜ਼ਰ ਨਾਲ ਜਰਨੈਲ ਸਿੰਘ ਨੇ ਪਰਵਾਸੀ ਪੰਜਾਬੀ ਨੂੰ ਦੇਖਿਆ ਅਤੇ ਜਿੰਨੀ ਪ੍ਰਮਾਣਿਕ ਬਿਰਤਾਂਤਕ ਸ਼ੈਲੀ ਨਾਲ ਉਸਨੇ ਇਸ ਜੀਵਨ ਨੂੰ ਪੇਸ਼ ਕੀਤਾ ਉਸ ਤੋਂ ਇਉਂ ਲੱਗਿਆ ਕਿ ਉਸ ਨੇ ਆਪਣੀ ਕਹਾਣੀ ਕਲਾ ਦੀ ਸਿਖਰ ਨੂੰ ਛੂਹ ਲਿਆ ਹੈ। ਪ੍ਰੰਤੂ ਟਾਵਰਜ਼ ਕਹਾਣੀ ਸੰਗ੍ਰਹਿ ਵਿਚ ਜਰਨੈਲ ਸਿੰਘ ਵਿਸ਼ਵ ਪੱਧਰ ਤੇ ਸੋਚਣ ਵਾਲਾ ਕਹਾਣੀਕਾਰ ਬਣ ਗਿਆ ਹੈ। ਵਿਦਵਾਨਾਂ ਨੇ ਇਸ ਕਹਾਣੀ-ਸੰਗ੍ਰਹਿ ਦਾ ਕਈ ਦ੍ਰਿਸ਼ਟੀਆਂ ਤੋਂ ਅਧਿਐਨ ਕੀਤਾ ਹੈ ਪ੍ਰੰਤੂ ਮੈਨੂੰ ਲੱਗਦਾ ਹੈ ਕਿ ਜਰਨੈਲ ਸਿੰਘ ਇਸ ਕਹਾਣੀ-ਸੰਗ੍ਰਹਿ ਵਿਚ ਗਤੀਸ਼ੀਲ ਪਰਵਾਸੀ ਜੀਵਨ ਦੀ ਡਾਇਲੈਕਟਿਕਸ ਨੂੰ ਫੜ੍ਹਨ ਵਿਚ ਕਾਮਯਾਬ ਹੋਇਆ ਹੈ, ਇਸ ਲਈ ਮੈਂ ਇਸ ਸੰਗ੍ਰਹਿ ਨੂੰ ਇਸੇ ਦ੍ਰਿਸ਼ਟੀ ਤੋਂ ਵਾਚਣ ਦਾ ਯਤਨ ਕੀਤਾ ਹੈ। ਪਹਿਲਾਂ ਪੰਜਾਬੀ ਜੀਵਨ ਨਾਲ ਜੁੜੀਆਂ ਕਹਾਣੀਆਂ ਨੂੰ ਵਿਚਾਰਿਆ ਗਿਆ ਹੈ ਕਿਉਂਕਿ ਬਹੁਤੇ ਵਿਦਵਾਨਾਂ ਦਾ ਧਿਆਨ ਵਿਦੇਸ਼ੀ ਪਾਤਰਾਂ ਦੀਆਂ ਕਹਾਣੀਆਂ ਵੱਲ ਵਧੇਰੇ ਗਿਆ ਹੈ।

'ਪਾਣੀ' ਕਹਾਣੀ ਦੇ ਅਖੀਰ ਤੇ ਸੁਖਜੀਤ ਆਪਣੇ ਚਾਚੇ ਦੇ ਪੁੱਤਰ ਦੇ ਫੋਨ ਤੋਂ ਬਾਅਦ ਸੁੱਤ-ਉਨੀਂਦਰੀ ਹਾਲਤ ਵਿਚ ਬੁੜਬੁੜਾਉਂਦੀ ਹੈ, "ਹੈਂ ਜ਼ਮੀਨ ਥੱਲਿਉਂ ਪਾਣੀ ਮੁੱਕ ਗਿਆ ........ ਪਾਣੀ ਮੁੱਕ ਗਿਆ।" ਇਹ ਇਕ ਵਾਕ ਸਾਰੀ ਕਹਾਣੀ ਦੀ ਮੂਲ ਧੁਨੀ ਬਣ ਜਾਂਦਾ ਹੈ ਤੇ ਸਾਰੀ ਕਹਾਣੀ ਨੂੰ ਦੁਬਾਰਾ ਪੜ੍ਹਨ ਤੇ ਵਿਚਾਰਨ ਲਈ ਮਜਬੂਰ ਕਰਦਾ ਹੈ। ਸੁਖਜੀਤ ਦਾ 'ਪਾਣੀ ਮੁੱਕ ਗਿਆ' ਦੇ ਵਾਕੰਸ਼ ਨੂੰ ਦੋ ਬਾਰ ਉਚਾਰਨਾ ਵੀ ਵਿਸ਼ੇਸ਼ ਬਲ ਦਾ ਲਖਾਇਕ ਹੈ ਅਤੇ ਦੂਹਰੇ ਅਰਥਾਂ ਦਾ ਧਾਰਨੀ ਵੀ ਹੈ। ਪਹਿਲਾਂ ਅਰਥ ਹੈ ਧਰਤੀ ਦੇ ਅੰਦਰ ਦਾ ਪਾਣੀ ਮੁੱਕਣਾ ਅਤੇ ਦੂਸਰਾ ਮੋਹ ਦੇ ਜਲ ਦੇ ਸਰੋਤਾਂ ਦਾ ਸੁੱਕ ਜਾਣਾ। ਸੁਖਜੀਤ ਮੂਲ ਰੂਪ ਵਿਚ ਮੋਹ ਖੋਰੀ ਹੈ। ਨਿੱਕੀ ਉਮਰ ਵਿਚ ਉਸ ਨੇ ਭੂੱਪੀ ਦੇ ਮੋਹ ਨੂੰ ਵੀ ਰੱਜ ਕੇ ਮਾਣਿਆ ਹੈ। ਮਾਂ ਬਾਪ ਤੇ ਚਾਚੇ ਦੇ ਮੋਹ ਨੂੰ ਉਸ ਨੇ ਕੀਮਤੀ ਸਰਮਾਏ ਵਾਂਗ ਸੰਭਾਲ ਕੇ ਰੱਖਿਆ ਹੋਇਆ ਹੈ। ਪਰੰਤੂ ਜਦੋਂ ਉਸ ਦਾ ਮੋਹ ਭੰਗ ਹੋਣਾ ਸ਼ੁਰੂ ਹੁੰਦਾ ਹੈ ਤਾਂ ਉਹ ਸੋਚਣ ਲੱਗਦੀ ਹੈ ਕਿ, "ਉਹ ਆਪਣੇ ਦਿਲ 'ਚ ਏਨਾ ਮੋਹ ਕਿਉਂ ਚੁੱਕੀ ਫਿਰਦੀ ਹੈ?" ਨਾਲ ਹੀ ਉਸ ਦੀ ਚਿੰਤਾ ਇਹ ਵੀ ਬਣ ਜਾਂਦੀ ਹੈ ਕਿ, "ਘਰ ਵਿਚੋਂ ਮੋਹ ਦਿਨੋਂ ਦਿਨ ਖੁਰਦਾ ਕਿਉਂ ਜਾ ਰਿਹਾ ਹੈ?" ਸੁਖਜੀਤ ਨੂੰ ਸ਼ੈਰਨ ਦੇ ਵਿਹਾਰ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਪ੍ਰਾਕਿਰਤਕ ਸੁੰਦਰਤਾ ਨਾਲ ਮਾਲਾ ਮਾਲ ਕੈਨੇਡਾ ਤੋਂ ਮੋਹ ਦੀ ਖੁਸ਼ਬੂ ਸਮਾਪਤ ਹੁੰਦੀ ਜਾ ਰਹੀ ਹੈ। ਤਾਂ ਹੀ ਤਾਂ ਉਹ ਸ਼ੈਰਨ ਨੂੰ ਟੋਕਦਿਆਂ ਕਹਿੰਦੀ ਹੈ ਕਿ,

"ਮੰਨਦੇ ਆਂ ਪਈ ਏਥੋਂ ਦੇ ਸਮੁੰਦਰਾਂ, ਝੀਲਾਂ ਅਤੇ ਦਰਿਆਵਾਂ ਵਿਚ ਅਥਾਹ ਪਾਣੀ ਏਂ ਪਰ ਏਥੋਂ ਦੇ ਲੋਕਾਂ ਦੀਆਂ ਰੂਹਾਂ ਵਿਚ ਤਾਂ ਭੋਰਾ ਵੀ ਪਾਣੀ ਨਹੀਂ ਦੀਂਹਦਾ। ....... ਬਸ ਖੁਸ਼ਕੀ ਹੀ ਖੁਸ਼ਕੀ ਏ।" ਜਰਨੈਲ ਸਿੰਘ ਦੋ ਟਾਪੂ ਕਹਾਣੀ-ਸੰਗ੍ਰਹਿ ਵਾਂਗ ਉਸ ਸਮਾਜਿਕ ਪਰਿਪੇਖ ਦਾ ਵਿਸ਼ਲੇਸ਼ਣ ਤਾਂ ਨਹੀਂ ਕਰਦਾ ਜੋ ਇਸ ਖੁਸ਼ਕੀ ਦਾ ਕਾਰਨ ਹਨ ਪਰ ਪਾਤਰਾਂ ਦੇ ਵਿਹਾਰ ਤੋਂ ਗੱਲ ਸਪੱਸ਼ਟ ਹੁੰਦੀ ਜਾਂਦੀ ਹੈ। ਹੁਣ ਜਦੋਂ ਅਸੀਂ ਸੁਖਜੀਤ ਦੀ ਬੁੜਬੁੜਾਹਟ ਵੱਲ ਦੁਬਾਰਾ ਪਰਤਦੇ ਹਾਂ ਤਾਂ ਸਪੱਸ਼ਟ ਹੁੰਦਾ ਹੈ ਕਿ ਉਸ ਦਾ ਇਹ ਪ੍ਰਤੀਕਰਮ ਭੂਪੀ ਵਲੋਂ ਜ਼ਮੀਨ ਦਾ ਮੁਖ਼ਤਾਰਨਾਮਾ ਮੰਗੇ ਜਾਣ ਤੋਂ ਬਾਅਦ ਦਾ ਹੈ, ਜਿਸ ਨੇ ਪੰਜਾਬ ਦੀ ਧਰਤੀ ਹੇਠੋਂ ਪਾਣੀ ਮੁੱਕਣ ਕਾਰਨ ਕੋਈ ਹੋਰ 'ਜੁਗਾੜ' ਫਿੱਟ ਕਰਨਾ ਹੈ। ਇਥੋਂ ਇਹ ਸਾਧਾਰਨੀਕ੍ਰਿਤ ਵਿਚਾਰ ਵੀ ਸਾਹਮਣੇ ਆਉਂਦਾ ਹੈ ਕਿ ਮੋਹ ਦਾ ਪਾਣੀ ਸਾਰੀ ਧਰਤੀ ਤੋਂ ਹੀ ਗਾਇਬ ਹੋ ਰਿਹਾ ਹੈ। ਦੇਸ਼ ਭਾਵੇਂ ਭਾਰਤ/ਪੰਜਾਬ ਹੋਵੇ ਤੇ ਭਾਵੇਂ ਕੈਨੇਡਾ, ਇਹ ਮੋਹ ਖ਼ਤਮ ਹੋ ਰਿਹਾ ਹੈ। 'ਟਾਵਰਜ਼' ਕਹਾਣੀ ਵਾਂਗ ਹੀ ਇੱਥੇ ਵੀ ਜਰਨੈਲ ਸਿੰਘ ਵਿਸ਼ਵ ਪੱਧਰ ਉੱਪਰ ਸੋਚਦਾ ਨਜ਼ਰ ਆਉਂਦਾ ਹੈ।

ਭਾਵੇਂ ਕਹਾਣੀ ਦੀ ਮੂਲ ਵਸਤੂ ਸਪੱਸ਼ਟ ਹੈ ਪਰੰਤੂ ਕਹਾਣੀ ਦੇ ਬਿਰਤਾਂਤ ਵਿਚ ਇਕ ਹੋਰ ਮਹੱਤਵਪੂਰਨ ਪੱਖ ਵੀ ਉੱਭਰ ਕੇ ਸਾਡੇ ਸਾਹਮਣੇ ਆਉਂਦਾ ਹੈ ਤੇ ਉਹ ਹੈ ਦੋ ਸਭਿਆਚਾਰਾਂ ਦੀ ਡਾਇਲੈਕਟਿਕਸ ਦਾ। ਇਹ ਡਾਇਲੈਕਟਿਕਸ ਪਰਵਾਸੀ ਜੀਵਨ ਦੇ ਨਸਲਪ੍ਰਸਤੀ ਤੱਕ ਹੀ ਸੀਮਿਤ ਨਹੀਂ ਰਹੀ ਸਗੋਂ ਇਹ ਤਾਂ ਘਰ ਦੇ ਰਿਸ਼ਤਿਆਂ ਤੱਕ ਵੀ ਪ੍ਰਵੇਸ਼ ਕਰ ਗਈ ਹੈ। ਰਾਜੂ ਦਾ ਸ਼ੈਰਨ ਨਾਲ ਵਿਆਹ ਘਰ ਅੰਦਰ ਦੋ ਸਭਿਆਚਾਰਾਂ ਦੇ ਟਕਰਾਉ ਦੀ ਸ਼ੁਰੂਆਤ ਹੈ। ਸ਼ੈਰਨ ਕੈਨੇਡਾ ਦਾ ਸਭਿਆਚਾਰ ਨਾਲ ਲੈ ਕੇ ਆਉਂਦੀ ਹੈ। ਪੰਜਾਬੀ ਸੱਸ ਸੁਖਜੀਤ ਇਹ ਚਾਹੁੰਦੀ ਹੈ ਕਿ ਸ਼ੈਰਨ ਪੰਜਾਬੀ ਜੀਵਨ ਦੇ ਤੌਰ-ਤਰੀਕੇ ਸਿੱਖੇ। ਪੰਜਾਬੀ ਸਭਿਆਚਾਰ ਦੀ ਪ੍ਰਤੀਨਿਧ ਭਾਸ਼ਾ ਪੰਜਾਬੀ ਦਾ ਇਸਤੇਮਾਲ ਕਰੇ। ਵਿਅੰਗ ਇਹ ਹੈ ਕਿ ਆਪ ਉਹ ਅੰਗਰੇਜ਼ੀ ਲੱਦੀ ਮਿਲਗੋਭਾ ਪੰਜਾਬੀ ਦੀ ਵਰਤੋਂ ਕਰਦੀ ਹੈ। ਉਹ ਸ਼ੈਰਨ ਨੂੰ ਸੰਬੋਧਿਤ ਹੁੰਦੀ ਹੋਈ ਕਹਿੰਦੀ ਹੈ, " ਤੁਸੀਂ ਗੋਰੇ ਲੋਕ ਸਾਨੂੰ ਇਮੀਗਰਾਂਟਾਂ ਨੂੰ ਤਾਂ ਇਹ ਕਹਿੰਦੇ ਓ ਪਈ ਅਸੀਂ ਤੁਹਾਡੇ ਕਲਚਰ ਵਿਚ ਭਿੱਜਦੇ ਨਹੀਂ, ਪਰ ਤੁਸੀਂ ਸਾਡੀਆਂ ਕਲਚਰਾਂ ਵਿਚ ਕਿੰਨੀ ਕੁ ਦਿਲਚਸਪੀ ਲੈਂਨੇ ਆਂ ....... ਤੈਨੂੰ ਮੈਂ ਪੰਜਾਬੀ ਦੇ ਲਫਜ਼ ਸਿਖਾ ਥੱਕ ਗਈ ਆਂ ਪਰ ਤੂੰ .... (ਪੰਨਾ 38) "ਲੈ ਮਾਮਾ ਮੈਂ ਕਿੰਨੇ ਲਫਜ਼ ਤਾਂ ਸਿੱਖੇ ਆ, ਸੈਟ ਸ੍ਰੀ ਅਕਾਲ, ਅਛਾ ਕੀ ਹਾਲ ਏ ...... ਰੋਟੀ, ਪਰੌਂਥੇ, ਦਾਲ ਸਮੋਸੇ ...... ਪਾਨੀ, ਸਮੁੰਦਰ, ਦਰਿਯਾ...... ਕਦੀ-ਕਦੀ ਪੰਜਾਬੀ ਸੂਟ ਪੀ ਪਾਉਂਨੀ ਆਂ।"

ਇੱਥੇ ਇਕ ਹੋਰ ਤੱਥ ਵੀ ਪਾਠਕ ਨੂੰ ਭੰਬਲਭੂਸੇ ਵਿਚ ਪਾਉਂਦਾ ਹੈ ਕਿ ਸ਼ੈਰਨ ਪੰਜਾਬੀ ਸ਼ਬਦਾਂ ਦਾ ਉਚਾਰਣ ਤੱਕ ਸਹੀ ਨਹੀਂ ਕਰ ਸਕਦੀ ਪਰ ਉਸ ਦੇ ਵਾਰਤਾਲਾਪ ਪੰਜਾਬੀ ਵਿਚ ਹਨ। ਇਹ ਵਿਰੋਧਾਭਾਸ ਜਰਨੈਲ ਸਿੰਘ ਦੇ ਸਾਰੇ ਕਹਾਣੀ-ਸੰਗ੍ਰਹਿ ਵਿਚ ਦੇਖਿਆ ਜਾ ਸਕਦਾ ਹੈ। ਅਸਲ ਵਿਚ ਜਰਨੈਲ ਸਿੰਘ ਦੇ ਪਾਠਕ ਪੰਜਾਬੀ ਹਨ ਪਰ ਪਾਤਰ ਅੰਗਰੇਜ਼ੀ-ਭਾਸ਼ੀ। ਅਜਿਹੀ ਸਥਿਤੀ ਵਿਚ ਅੰਗਰੇਜ਼ੀ-ਭਾਸ਼ੀ ਪਾਤਰਾਂ ਦੇ ਮਨਾਂ ਦੀ ਭਾਸ਼ਾ ਨੂੰ ਲੇਖਕ ਪੰਜਾਬੀ ਵਿਚ ਅਨੁਵਾਦਿਕ ਕਰ ਰਿਹਾ ਹੈ। ਪਾਤਰ ਤੇ ਪਾਠਕ ਵਿਚਲੇ



ਅੰਤਰ ਨੂੰ ਕੇਵਲ ਇਸੇ ਤਰ੍ਹਾਂ ਹੀ ਮੇਟਿਆ ਜਾ ਸਕਦਾ ਹੈ। ਇਹ ਦੋ ਸਭਿਆਚਾਰਾਂ ਦੀ ਡਾਇਆਲੈਕਟਿਕਸ ਦਾ ਇਕ ਪੱਖ ਹੀ ਹੈ। ਦੂਸਰਾ ਪੱਖ ਹੈ ਖਾਣ-ਪੀਣ ਦਾ। ਇਕ ਪਾਸੇ ਸਰੋਂ ਦਾ ਸਾਗ ਹੈ ਤੇ ਦੂਸਰੇ ਪਾਸੇ ਬੀਫ। 'ਨਾ ਖਾਣ ਪੀਣ ਦੀ ਸਾਂਝ ਤੇ ਨਾ ਬੋਲੀ ਦੀ।' ਇਸ ਦੁਆਲੇ ਘੁੰਮਦੀ ਤਕਰਾਰ ਘਰ ਦਾ ਮੂੰਹ ਮੱਥਾ ਹੀ ਵਿਗਾੜ ਦਿੰਦੀ ਹੈ। "ਉਸ ਨੂੰ ਇੰਜ ਲੱਗਣ ਲੱਗ ਪੈਂਦਾ ਹੈ ਜਿਵੇਂ ਰਾਜੂ ਨੇ ਕਿਤਿਉਂ ਉਨ੍ਹਾਂ ਸ਼ੀਸ਼ਿਆਂ ਵਰਗਾ ਪਾਣੀ ਲਿਆ ਕੇ ਉਨ੍ਹਾਂ ਦੀਆਂ ਕੰਧਾਂ ਤੇ ਚੜ੍ਹਾ ਦਿੱਤਾ ਹੋਵੇ ......... ਜਿਹੜੇ ਸ਼ੀਸ਼ੇ ਬੰਦੇ ਦੇ ਚਿਹਰੇ ਅਤੇ ਕੱਦ ਬੁੱਤ ਨੂੰ ਵਿੰਗਾ ਟੇਢਾ ਤੇ ਕਾਣਸੂਤਾ ਜਿਹਾ ਬਣਾ ਕੇ ਬੇਪਛਾਣਾ ਜਿਹਾ ਬਣਾ ਕੇ ਬੇਪਛਾਣ ਕਰ ਦਿੰਦੇ ਹਨ।"

ਵਿਆਹ ਦੀਆਂ ਰੀਤਾਂ-ਰਸਮਾਂ ਦਾ ਪਾੜਾ ਹੋਰ ਵੀ ਸਪੱਸ਼ਟ ਹੈ। ਪੰਜਾਬੀ, ਗੋਰਿਆਂ ਨਾਲ ਵਿਆਹ ਸਬੰਧ ਵੀ ਬਣਾਈ ਜਾ ਰਹੇ ਹਨ ਤੇ ਉਨ੍ਹਾਂ ਦੇ ਅਜੋੜ ਹੋਣ ਦਾ ਰੋਣਾ ਵੀ ਰੋਈ ਜਾ ਰਹੇ ਹਨ। ਸਾਦੇ ਢੰਗ ਨਾਲ ਹੋਏ ਰਾਜੂ ਦੇ ਵਿਆਹ ਦਾ ਸੁਖਜੀਤ ਨੂੰ ਕੋਈ ਹੁਲਾਰਾ ਨਹੀਂ ਮਿਲਦਾ। ਉਸ ਦੀਆਂ ਨਜ਼ਰਾਂ ਵਿਚ, "ਕਿਹੋ ਜਿਹਾ ਵਿਆਹ ਸੀ ਇਹ? ਨਾ ਮਾਈਆ ਲੱਗਾ, ਨਾ ਘੋੜੀਆਂ ਗਾਈਆਂ, ਨਾ ਪਾਣੀ ਵਾਰਿਆ.........।" (ਪੰਨਾ 48) ਸ਼ੈਰਨ ਗੋਰੇ ਲੋਕਾਂ ਦੇ ਸੱਭਿਆਚਾਰ ਦੀ ਪ੍ਰਤੀਨਿਧਤਾ ਕਰਦੀ ਹੈ। ਉਹ ਔਰਤ ਦੀ ਆਜ਼ਾਦੀ ਚਾਹੁੰਦੀ ਹੈ। ਉਹ ਨਹੀਂ ਚਾਹੁੰਦੀ ਕਿ ਸੁਖਜੀਤ ਸਵੇਰੇ ਉੱਠ ਕੇ ਆਪਣੀ ਨੀਂਦ ਹਰਾਮ ਕਰਕੇ ਖਾਣਾ ਬਣਾਉਣ ਦਾ ਵਾਧੂ ਭਾਰ ਆਪਣੇ ਉੱਤੇ ਲਵੇ। ਉਹ ਪ੍ਰਕਿਰਤੀ ਨੂੰ ਮਾਨਣਾ ਚਾਹੁੰਦੀ ਹੈ। ਅੱਜ ਨੂੰ ਜਿਉਣਾ ਚਾਹੁੰਦੀ ਹੈ। ਜ਼ਿੰਦਗੀ ਵਿਚ ਫ਼ਨ ਪੈਦਾ ਕਰਨ ਲਈ ਘਰ ਸਵਿੰਮਿੰਗ ਪੂਲ ਬਣਾਉਣਾ ਚਾਹੁੰਦੀ ਹੈ। ਬੱਚਿਆਂ ਦੇ ਜੰਮਣ ਤੋਂ ਪਹਿਲਾਂ ਹੀ ਵਿਗਿਆਨਿਕ ਨਜ਼ਰੀਆ ਅਪਣਾਉਂਦੀ ਹੈ। ਪਰੰਤੂ ਸੁਖਜੀਤ ਦਾ ਵਿਹਾਰ ਸ਼ੈਰਨ ਦੇ ਮੇਚ ਦਾ ਨਹੀਂ। ਫਿਰ ਵੀ ਉਸ ਦਾ ਰਵੱਈਆ ਨਿਖੇਧਾਤਮਕ ਹੈ। ਇੱਥੋਂ ਤੱਕ ਪਹੁੰਚ ਚੁੱਕਾ ਹੈ ਸਭਿਆਚਾਰਾਂ ਦਾ ਭੇੜ। ਕਹਿਣ ਦੀ ਜ਼ਰੂਰਤ ਨਹੀਂ ਕਿ ਇਸੇ ਹੀ ਸੰਵਾਦੀ ਸਥਿਤੀਆਂ ਵੀ ਪੈਦਾ ਹੋ ਰਹੀਆਂ ਹਨ।

ਟਰੱਕਾਂ ਅਤੇ ਸੜਕਾਂ ਨਾਲ ਜੁੜੇ ਸੁੱਖ ਦੀ ਬਾਤ ਪਾਉਂਦੀ ਹੈ ਕਹਾਣੀ 'ਸੜਕਾਂ'। ਸੜਕਾਂ ਹਰ ਤਬਕੇ ਲਈ ਵੱਖਰਾ ਮਹੱਤਵ ਰੱਖਦੀਆਂ ਹਨ। ਪਰ ਵਪਾਰੀ ਲਈ ਇਨ੍ਹਾਂ ਦਾ ਸਭ ਤੋਂ ਵਧੇਰੇ ਮਹੱਤਵ ਹੈ। ਇਨ੍ਹਾਂ ਉੱਪਰ ਸਮੁੱਚੇ ਵਪਾਰ ਨੇ ਦੌੜਨਾ ਹੁੰਦਾ ਹੈ। ਬਦਲੇ ਵਿਚ ਮੁਨਾਫ਼ੇ ਨੇ ਕਈ ਗੁਣਾ ਵਧਣਾ ਹੁੰਦਾ ਹੈ। ਸਰਮਾਏਦਾਰੀ ਨੇ ਹੋਰ ਪੱਕੇ ਪੈਰੀਂ ਹੋਣਾ ਹੁੰਦਾ ਹੈ। "ਸੜਕਾਂ ਦਾ ਕਿਸੇ ਨਾਲ ਕੋਈ ਹਿੱਤ ਨਹੀਂ ਹੁੰਦਾ। ਇਨ੍ਹਾਂ ਦਾ ਆਪਣਾ ਮਕਸਦ ਹੁੰਦਾ ਹੈ। ਇਹ ਲੋਕਾਂ ਨੂੰ ਦੁੜਾਈ ਰੱਖਣਾ ਚਾਹੁੰਦੀਆਂ ਨੇ, ਇਕ ਦੂਜੇ ਤੋਂ ਮੂਹਰੇ ਨਿਕਲ ਜਾਣ ਨੂੰ ਹੀ ਜ਼ਿੰਦਗੀ ਦਾ ਮਨੋਰਥ ਬਣਾ ਦਿੰਦੀਆਂ ਹਨ।" (ਪੰਨਾ 122) ਸਰਮਾਏਦਾਰੀ ਦੇ ਦੌੜਨ ਅਤੇ ਰਿਸ਼ਤਿਆਂ ਦਾ ਦੌੜ ਵਿਚ ਟੁੱਟ-ਭੱਜ ਆਪਸ ਵਿਚ ਜੁੜੇ ਹੋਏ ਹਨ।

ਸਾਹਿਤਕਾਰ ਦੇ ਸਰੋਕਾਰ ਮਾਨਵੀ ਹਨ। ਅਜੀਤ ਦਾ ਭਰਾ ਉਸ ਨਾਲ ਜੋ ਕੁਝ ਪੰਜਾਬ ਵਿਚ ਕਰਦਾ ਹੈ ਉਹ ਕੁਝ ਪੱਛਮੀ ਸਮਾਜ ਵਿਚ ਵੀ ਸੱਚ ਹੈ ਤੇ ਪੱਛਮ ਵਿਚ

ਪੰਜਾਬੀ ਸਮਾਜ ਵਿਚ ਤਾਂ ਸੱਚ ਹੈ ਹੀ। ਮਨੁੱਖੀ ਸੁਪਨੇ ਸਭਿਆਤਾਵਾਂ ਦੇ ਵਿਕਾਸ ਦੀ ਜਾਮਨੀ ਭਰਦੇ ਹਨ। ਪੰਰਤੂ ਸਰਮਾਏਦਾਰੀ ਮਨੁੱਖ ਦਾ ਸੁਪਨਾ ਆਪਣਾ ਵੱਖਰਾ ਹੈ। "ਅਜੀਤ! ਮੈਨੂੰ ਤੇਰੇ ਵਿਚ ਅਮੇਰਿਕਨ ਡਰੀਮ ਨਜ਼ਰ ਆਉਂਦੈ.... ਯਾਅਨੀ ਕੋਈ ਵੀ ਬੰਦਾ ਅਮੀਰ ਬਣ ਸਕਦੈ, ਬਿਜ਼ਨੈਸ 'ਚ ਆਪਣੀ ਧਾਂਕ ਜਮਾ ਸਕਦਾ।" (ਪੰਨਾ116) ਇਸ ਬਿਜ਼ਨੈਸ ਦੇ ਹਾਂ ਪੱਖੀ ਵੀ ਹਨ। ਇਹ ਬਿਜ਼ਨੈਸ ਹੀ ਹੈ ਜੋ ਨਸਲਾਂ-ਜਾਤਾਂ-ਗੋਤਾਂ ਦੀਆਂ ਦੀਵਾਰਾਂ ਤੋੜ ਰਿਹਾ ਹੈ। ਭਾਵੇਂ ਮੂਲਵਾਦੀ ਜਾਂ ਏਸ਼ੀਆਈ ਸੰਸਕਾਰ ਇਸ ਦੇ ਰਾਹ ਵਿਚ ਬਾਰ-ਬਾਰ ਰੋੜੇ ਅਟਕਾਉਂਦੇ ਹਨ। ਜਰਨੈਲ ਸਿੰਘ ਕੈਨੇਡਾ ਦੇ ਸਾਂਝੇ ਸਭਿਆਚਾਰ ਦੇ ਗਤੀਸ਼ੀਲ ਸਮਾਜਿਕ ਯਥਾਰਥ ਦਾ ਗਵਾਹ ਬਣ ਕੇ ਸਾਹਮਣੇ ਆਉਂਦਾ ਹੈ। ਸੜਕਾਂ ਕਹਾਣੀ ਵਿਚ ਦੂਸਰੀਆਂ ਕਹਾਣੀਆਂ ਵਾਂਗ ਹੀ ਪੰਜਾਬੀ ਕੈਨੇਡੀਅਨ ਜ਼ਿੰਦਗੀ ਨਾਲ, ਦੂਸਰੀਆਂ ਕੌਮਾਂ ਨਾਲ ਰਲ ਕੇ ਦੋ ਚਾਰ ਹੋ ਰਹੇ ਹਨ। ਸਭਿਆਚਾਰਾਂ ਦੀਆਂ ਵੱਖਰਤਾਵਾਂ ਦੇ ਨਾਲ-ਨਾਲ ਜਰਨੈਲ ਸਿੰਘ ਸਾਂਝੇ ਸੂਤਰ ਵੀ ਤਲਾਸ਼ ਰਿਹਾ ਹੈ। ਜੈਕ ਹੈਰੀਸਨ ਦਾ ਅਜੀਤ ਨਾਲ ਰਿਸ਼ਤਾ ਦੋ ਸਭਿਆਚਾਰਾਂ ਦੀ ਨੇੜਤਾ ਦਾ ਪ੍ਰਤੀਕ.ਹੈ। ਇਹ ਰਿਸ਼ਤਾ ਵਪਾਰ ਤੋਂ ਤੁਰ ਕੇ ਪਰਿਵਾਰਕ ਦੁੱਖ-ਸੁੱਖ ਵਿਚ ਸ਼ਰੀਕ ਹੋਣ ਤੱਕ ਨਿਭਦਾ ਹੈ। ਇਹੀ ਸਾਂਝ ਕੈਨੇਡਾ ਦੇ ਇਕ ਸਾਂਝੇ ਹੀਰੋ 'ਕਰਨ' ਨੂੰ ਜਨਮ ਦਿੰਦੀ ਹੈ। ਇਹ ਉਹ ਹੀ ਕਰਨ ਹੈ ਜੋ ਆਪਣੇ ਪੈਰਾਂ ਤੇ ਖੜ੍ਹਨਾ ਚਾਹੁੰਦੇ ਹੈ, ਵੇਲ ਵਾਂਗ ਦੂਸਰੇ ਦਾ ਸਹਾਰਾ ਲੈਣਾ ਉਸ ਨੂੰ ਮੰਜ਼ੂਰ ਨਹੀਂ। ਕਰਨ ਦੀ ਇਹ ਸੋਚ ਕੈਨੇਡੀਅਨ ਸੋਚ ਦਾ ਹਿੱਸਾ ਹੈ। "ਮੈਨੂੰ ਤਾਂ ਵੇਲਾਂ ਨਾਲੋਂ ਦਰੱਖਤ ਵਧੀਆ ਲੱਗਦੇ ਐ। ਕੋਈ ਸਪੋਰਟ ਨਹੀਂ ਮੰਗਦੇ, ਆਪਣੀਆਂ ਜੜ੍ਹਾਂ ਅਤੇ ਤਣੇ ਤੇ ਖੜ੍ਹਦੇ ਆ।" (ਪੰਨਾ 118) ਪਿਆਰ ਰੱਬ ਹੈ, ਵੰਡ ਛਕਣਾ, ਸੇਵਾ, ਧਰਮ ਅਤੇ ਚੈਰਿਟੀ ਦੀ ਸਿੱਖ-ਇਸਾਈ ਸਾਂਝ, ਅਜੀਤ-ਜੈਕ ਦੀ ਸਾਂਝ ਵਿਚ ਪ੍ਰਗਟ ਹੁੰਦੀ ਹੈ। ਪਰ ਇਹ ਵੀ ਸੱਚ ਹੈ ਕਿ ਇਨ੍ਹਾਂ ਸਾਰੇ ਸੰਕਲਪਾਂ ਉਪਰ 'ਮੰਡੀ' ਭਾਰੂ ਹੋ ਰਹੀ ਹੈ। "ਤੇ ਫਿਰ ਗੱਲ ਚੱਲ ਪਈ ਸੀ ਅਜੋਕੇ ਨਿਘਾਰਾਂ ਦੀ ..... ਗਿਰਜਾ ਘਰਾਂ ਤੇ ਗੁਰਦੁਆਰਿਆਂ ਦੇ ਧੁਰ ਅੰਦਰ ਤੱਕ ਪਹੁੰਚ ਚੁੱਕੀਆਂ ਮੰਡੀ ਦੀਆਂ ਸੜਕਾਂ ਦੀ ...... ਰਾਜਨੀਤੀ ਦੀਆਂ ਸੜਕਾਂ ਦੀ।" (ਪੰਨਾ 123)

ਦੋਹਾਂ ਸਭਿਆਚਾਰਾਂ ਦੇ ਭੇੜ ਵਿਚ 'ਲਾਈਫ਼ ਸਟਾਈਲ' ਦੇ ਭੇੜ ਵੀ ਸ਼ਾਮਿਲ ਹਨ। ਇਹ ਭੇੜ ਇਕ ਪਰਿਵਾਰ ਦੇ ਦੋ ਜੀਆਂ ਵਿਚ ਵੀ ਹੋ ਸਕਦਾ ਹੈ ਤੇ ਪੱਛਮੀ ਤਰਜ਼ ਦੇ ਪਰਿਵਾਰਾਂ ਨਾਲ ਵੀ। ਦੋਨਾਂ ਵਿਚ ਸਾਂਝੇ ਸੂਤਰ ਵੀ ਲੱਭੇ ਜਾ ਸਕਦੇ ਹਨ। ਪੰਜਾਬੀ ਬਚਤ ਕਲਚਰ ਤੇ ਪੱਛਮੀ ਵਰਕ ਕਲਚਰ ਇਕੋ ਹੀ ਸਿੱਕੇ ਦੇ ਦੋ ਪਾਸੇ ਹਨ। ਪਰ ਇਨ੍ਹਾਂ ਦੇ ਫਲ ਨੂੰ ਮਾਨਣਾ ਇਕੋ ਜਿਹਾ ਨਹੀਂ। ਏਸ਼ੀਆਈ/ਪੰਜਾਬੀ ਅਜੇ ਵੀ ਸਾਂਝੇ ਪਰਿਵਾਰਾਂ ਨੂੰ ਬਚਾਉਂਦੇ-ਬਚਾਉਂਦੇ ਮਾਨਸਿਕ ਪੀੜਾਂ ਦਾ ਸ਼ਿਕਾਰ ਹੁੰਦੇ ਹਨ। ਜਦ ਕਿ ਛੋਟੇ ਪਰਿਵਾਰਾਂ ਦਾ ਸਮਰਥੱਕ ਜੈਕ ਆਰਾਮ ਨਾਲ ਵੱਖ ਹੋਣ ਨੂੰ ਤਰਜੀਹ ਦਿਦਾ ਹੈ। ਅਜੀਤ ਅਤੇ ਉਸ ਦੀ ਨੂੰਹ ਦੇ ਚੰਗਿਆੜੇ ਛੱਡਦੇ ਵਾਰਤਾਲਾਪ ਇਸ ਜੀਵਨ ਜਾਂਚ ਦੀ ਡਾਈਲੈਕਟਿਕਸ ਦਾ ਹੀ ਪ੍ਰਗਟਾਅ ਹਨ। "ਮੈਨੂੰ ਤੂੰ ਸ਼ਾਇਦ ਬੇ-ਹਿਸਾਬੇ ਖਰਚ ਨੂੰ ਹੀ ਲਾਈਫ਼ ਸਟਾਈਲ ਸਮਝ ਰਹੀ ਏਂ। ਲਾਈਫ਼ ਸਟਾਈਲ ਵਿਚ ਬੜਾ ਕੁਝ ਹੁੰਦਾ ਏ...... ਇਸ ਵਿਚ ਆਪਣੇ ਤੇ



ਪਰਿਵਾਰ ਦੇ ਗੋਲ ਵੀ ਹੁੰਦੇ ਨੇ ਜਿਨ੍ਹਾਂ ਨੂੰ ਅਚੀਵ ਕਰਨਾ ਹੁੰਦੈ।" ਅਜੀਤ ਸਿੰਘ ਨੇ ਕਿਹਾ। "ਮੈਂ ਤੁਹਾਡੇ ਗੋਲਾਂ ਨਾਲ ਐਗਰੀ ਨਹੀਂ ਕਰਦੀ। ਜ਼ਿੰਦਗੀ ਦੀ ਕੁਐਲਟੀ ਵੀ ਕੋਈ ਚੀਜ਼ ਹੁੰਦੀ ਏ..... ਫਾਰ ਯੂ ਦ ਲਾਈਫ਼ ਇਜ਼ ਈਟ, ਸਲੀਪ ਐਂਡ ਗੋ ਟੂ ਵਰਕ। ਬਟ ਫਾਰ ਮੀ ਦੇਅਰ ਇਜ਼ ਮੋਰ ਟੂ ਲਾਈਫ਼।" (ਪੰਨਾ 126)

ਇਸ ਸਾਰੇ ਵਰਤਾਰੇ ਦੇ ਸੰਦਰਭ ਵਿਚ ਜਰਨੈਲ ਸਿੰਘ ਨੇ ਮਾਨਵੀ ਦੁਖਾਂਤ ਨੂੰ ਬੜੇ ਸੰਘਣੇ ਰੂਪ ਵਿਚ ਬੁਣਿਆ ਹੈ। ਕਹਾਣੀ ਵਿਚ ਆਰੰਭ ਤੋਂ ਅੰਤ ਤੱਕ ਕਰਨ ਪ੍ਰਤੀ ਚਿੰਤਾਵਾਂ ਅਤੇ ਮੋਹ ਦੀਆਂ ਤੰਦਾਂ ਲਗਾਤਾਰ ਤਣੀਆਂ ਰਹਿੰਦੀਆਂ ਹਨ। ਕਰਨ ਨਾਲ ਹੋਣੀ ਕੀ ਵਾਪਰੀ ਇਸ ਦਾ ਖੁਲਾਸਾ ਕਹਾਣੀ ਦੇ ਅੰਤਿਮ ਪੰਨਿਆਂ ਤੇ ਹੁੰਦਾ ਹੈ। ਤਿੰਨ ਜਾਨਾਂ ਬਚਾ ਕੇ ਕਰਨ ਆਪਣੇ ਆਪ ਨੂੰ ਨਹੀਂ ਬਚਾ ਸਕਿਆ। ਉਸ ਦਾ ਜਾਨ ਵਾਰ ਕੇ ਦੂਸਰਿਆਂ ਦੇ ਕੰਮ ਆਉਣ ਦਾ ਕਾਰਨਾਮਾ ਹੀ ਉਸ ਨੂੰ ਸਾਂਝੇ ਸਭਿਆਚਾਰ ਦਾ ਹੀਰੋ ਬਣਾਉਂਦਾ ਹੈ। ਜੈਕ ਅਤੇ ਅਜੀਤ ਦੇ ਰਿਸ਼ਤੇ ਭਾਵੁਕਤਾ ਦੀ ਹੱਦ ਤੱਕ ਪਹੁੰਚਦੇ ਹਨ ਅਤੇ ਕਹਾਣੀ ਆਸ਼ਾ ਦੀ ਸੁਰ ਵਿਚ ਸਮਾਪਤ ਹੁੰਦੀ ਹੈ। "ਹਨੇਰੇ ਵਿਚ ਲੋਅ ਹੁੰਦੀ ਏ ...... ਤਾਰਿਆਂ ਦੀ ਲੋਅ।"

'ਗੁਆਚੇ ਲੋਕ' ਕਹਾਣੀ ਵਿਚ ਇਕ ਪਾਸੇ ਪਹਿਲੀ ਪੀੜ੍ਹੀ ਦੇ ਪਰਵਾਸ ਸਮੇਂ ਕੀਤੇ ਸੰਘਰਸ਼ ਦਾ ਬਿਰਤਾਂਤ ਹੈ ਤਾਂ ਦੂਜੇ ਪਾਸੇ ਨਵੀਂ ਪੀੜ੍ਹੀ ਦੇ ਕੈਨੇਡਾ ਵਰਗੇ ਵਿਕਸਿਤ ਦੇਸ਼ ਵਿਚ ਵੀ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਦੀ ਨਿਘਾਰ-ਗ੍ਰਸਤ ਰਾਜਨੀਤੀ ਅਪਣਾ ਕੇ ਸਥਾਪਿਤ ਹੋਣ ਦਾ ਵਿਸਥਾਰ ਸਾਹਿਤ ਚਿੱਤਰ ਹੈ। ਇਸੇ ਦੌੜ ਦੌਰਾਨ ਮਨੁੱਖ ਦੇ ਗੁਆਚਣ ਦੀ ਪ੍ਰਕਿਰਿਆ ਵੀ ਲਗਾਤਾਰ ਚਲਦੀ ਹੈ। ਸ਼ਮਸ਼ੇਰ ਕਹਿੰਦੀ ਹੈ, "... ਦੌੜ ਨੁਕਸਾਨ ਕਰਦੀ ਹੈ ਪਰ ਬੰਦਾ ਸੋਚ ਨਹੀਂ ਰਿਹਾ।" ਜ਼ੇਮਜ ਦਾ ਜਵਾਬ ਹੈ, "ਸੋਚੇ ਤਾਂ ਜੇ ਉਹ ਆਪਣੇ ਆਪ ਵਿਚ ਹੋਵੇ। ਉਹ ਤਾਂ ਗੁਆਚ ਚੁੱਕੇ ....... ਆਪਣੇ ਕੇਂਦਰੀ ਧੁਰੇ ਨਾਲੋਂ, ਟੁੱਟ ਚੁੱਕੈ।" ਇਹ ਟੁੱਟਣਾ ਹੈ 'ਪ੍ਰੇਮ ਪਿਆਰ ਦੇ ਧੁਰੇ ਤੋਂ।'

ਇਸ ਪ੍ਰਮੁੱਖ ਥੀਮ ਦੇ ਦੁਆਲੇ ਪੰਜਾਬੀਆਂ ਦੇ ਗੁਆਚਣ ਦੀ ਪ੍ਰਕਿਰਿਆ ਨੂੰ ਜਰਨੈਲ ਸਿੰਘ ਬੜੀ ਬਾਰੀਕੀ ਨਾਲ ਪੇਸ਼ ਕਰਦਾ ਹੈ। ਸ਼ਮਸ਼ੇਰ ਵਰਗਾ ਲੋਕ ਇਸ ਲਈ ਪਰਵਾਸ ਕਰਦੇ ਹਨ ਕਿਉਂਕਿ ਉਹ ਸਮਾਜ ਨਾਲ ਜੁੜੇ ਕੰਮਾਂ ਨਾਲ ਜੁੜੇ ਹੋਣ ਦੇ ਬਾਵਜੂਦ 'ਜੁਗਾੜੀਆਂ' ਤੋਂ ਮਾਤ ਖਾ ਜਾਂਦੇ ਹਨ। ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਅਤੇ ਆਪਣੀ ਆਰਥਿਕਤਾ ਨੂੰ ਪੱਕੇ ਪੈਰੀਂ ਕਰਨ ਦੀ ਇੱਛਾ ਨਾਲ ਉਹ ਪਰਵਾਸ ਹੰਢਾਉਣ ਲਈ ਤਿਆਰ ਹੁੰਦੇ ਹਨ। ਸੁਰਿੰਦਰ-ਪਾਲ, ਮਨਜਿੰਦਰ-ਸ਼ੈਂਡੀ, ਜੂਲੀ-ਸ਼ਮਸ਼ੇਰ ਅਤੇ ਸ਼ਮਸ਼ੇਰ-ਜੂਲੀ ਦੇ ਰਿਸ਼ਤਿਆਂ ਦੇ ਤਾਣੇ-ਬਾਣੇ ਵਿਚੋਂ ਸਭਿਆਚਾਰ ਅੰਤਰ ਦਵੰਦ ਉਭਰਦੇ, ਗੁੰਝਲਦਾਰ ਸਥਿਤੀਆਂ ਪੈਦਾ ਕਰਦੇ ਹਨ। ਇਹ ਦਵੰਦ ਅਰਧ-ਜਗੀਰਦਾਰੀ ਮਾਨਸਿਕਤਾ ਅਤੇ ਉੱਤਰਆਧੁਨਿਕਤਾਵਾਦੀ ਸਥਿਤੀਆਂ ਦਾ ਦਵੰਦ ਵੀ ਹੈ। ਪ੍ਰਧਾਨ ਸ਼ੈਂਡੀ ਦੇ ਪੇਕੇ ਜਾਣ ਉੱਪਰ ਸ਼ਮਸ਼ੇਰ ਦੇ ਜਵਾਬ ਵਿਚ ਜੋ ਕਹਿੰਦਾ ਹੈ ਉਸ ਤੋਂ ਪੰਜਾਬੀ ਮਰਦ ਦੀ ਔਰਤ ਪ੍ਰਤੀ ਜਾਗੀਰਦਾਰੀ ਮਾਨਸਿਕਤਾ ਸਾਹਮਣੇ ਆ ਜਾਂਦੀ ਹੈ। "ਜਿਵੇਂ ਗਈ ਐ, ਓਵੇਂ ਹੀ ਆ ਜਾਵੇ। ਇਹ ਤੀਵੀਂ ਜਾਤ ਨੂੰ ਜਿੰਨਾਂ ਥੱਲੇ ਲਾ ਕੇ ਰੱਖੋ ਓਨਾ ਹੀ ਸੂਤ ਰਹਿੰਦੀ ਏ।"

ਮਨੁੱਖ ਹਰ ਸਮਾਜ ਵਿਚ ਚੰਗੇ ਜਾਂ ਮਾੜੇ ਹੋ ਸਕਦੇ ਹਨ। ਉਹ ਜ਼ਿੰਦਗੀ ਪ੍ਰਤੀ ਵਿਭਿੰਨ ਵਿਚਾਰ ਉਵੇਂ ਹੀ ਰੱਖ ਸਕਦੇ ਹਨ ਜਿਵੇਂ ਭਾਰਤੀ ਰੱਖਦੇ ਹਨ। ਇਨ੍ਹਾਂ ਵਿਚੋਂ ਇਕ ਉਹ ਹਨ ਜੋ ਆਪਣੀ ਪਛਾਣ ਪੈਸੇ ਨਾਲ ਹੀ ਤੋਲਦੇ ਹਨ। ਇਨ੍ਹਾਂ ਲੋਕਾਂ ਦੀ ਪ੍ਰਤੀਨਿਧਤਾ ਜੂਲੀ ਕਰਦੀ ਹੈ। ਉਸ ਦੀ ਸੋਚ ਇਨ੍ਹਾਂ ਸ਼ਬਦਾਂ ਵਿਚ ਜ਼ਾਹਿਰ ਹੁੰਦੀ ਹੈ ਕਿ, "ਅੱਜ ਲੋਕੀਂ ਤੁਹਾਡੀ ਪਛਾਣ ਤਾਂ ਹੀ ਕਬੂਲਦੇ ਹਨ ਜੇ ਸ਼ੁਹਰਤ ਦੇ ਨਾਲ ਤੁਹਾਡੇ ਕੋਲ ਢੇਰ ਸਾਰੇ ਡਾਲਰ ਵੀ ਹੋਣ .... ਡਾਲਰਾਂ ਬਿਨਾਂ ਲੋਕੀਂ ਤਾਂ ਕੀ ਘਰ ਦੇ ਬੰਦੇ ਤੁਹਾਨੂੰ ਕਿਸੇ ਗਿਣਤੀ ਵਿਚ ਨਹੀਂ ਰੱਖਦੇ।" (ਪੰਨਾ 71) ਜ਼ਿੰਦਗੀ ਪ੍ਰਤੀ ਦੂਸਰੀ ਤਰ੍ਹਾਂ ਦੇ ਵਿਚਾਰਾਂ ਦੀ ਪ੍ਰਤੀਨਿਧਤਾ ਜੇਮਜ਼ ਕਰਦਾ ਹੈ। ਉਸ ਲਈ ਪਛਾਣ ਦੂਸਰਿਆਂ ਦੇ ਕੰਮ ਆ ਕੇ ਬਣਾਈ ਜਾਂਦੀ ਹੈ। ਜੇਮਜ਼ ਮਰਨ ਉਪਰੰਤ ਵੀ ਆਪਣੇ ਅੰਗ ਦਾਨ ਕਰ ਜਾਂਦਾ ਹੈ। ਉਸੇ ਦੇ ਲੀਵਰ ਨਾਲ ਸ਼ਮਸ਼ੇਰ ਨੂੰ ਨਵਾਂ ਜੀਵਨ ਮਿਲਦਾ ਹੈ। ਜਿੱਥੋਂ ਤੱਕ ਜੂਲੀ ਤੇ ਜੇਮਜ਼ ਦੀ ਨੇੜਤਾ ਤੇ ਦੂਰੀ ਦਾ ਸਬੰਧ ਹੈ ਉਸ ਦਾ ਅਧਾਰ ਜੀਵਨ ਪ੍ਰਤੀ ਉਨ੍ਹਾਂ ਦਾ ਵੱਖਰਾ ਦ੍ਰਿਸ਼ਟੀਕੋਣ ਹੈ। ਜੂਲੀ ਸਵੈ ਕੇਂਦਰਤ ਹੈ ਪਰੰਤੂ ਜੇਮਜ਼ ਦੇ ਮਰਨ ਤੋਂ ਬਾਅਦ ਉਹ ਉਸ ਦੇ ਵਿਚਾਰਾਂ ਨੂੰ ਸਮਰਪਿਤ ਹੋ ਜਾਂਦੀ ਹੈ। ਕਹਾਣੀ ਦਾ ਇਹ ਸੁਝਾਉ ਮੋੜ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਚਾਰਧਾਰਾ ਦੇ ਹੱਕ ਵਿਚ ਭੁਗਤਦਾ ਹੈ।

'ਬਰਫ਼ ਦੇ ਦਰਿਆ' ਇਕ ਅਜਿਹੀ ਕਹਾਣੀ ਹੈ ਜਿਸ ਦੇ 'ਟਾਵਰਜ਼' ਵਾਂਗ ਸਾਰੇ ਪਾਤਰ ਵਿਦੇਸ਼ੀ ਧਰਤੀ ਦੇ ਹਨ। ਇਨ੍ਹਾਂ ਪਾਤਰਾਂ ਰਾਹੀਂ ਜਰਨੈਲ ਸਿੰਘ ਵਿਸ਼ਵ ਪੱਧਰੀ ਮਾਨਵੀ ਚਿੰਤਾਵਾਂ ਨਾਲ ਜੁੜਿਆ ਨਜ਼ਰ ਆਉਂਦਾ ਹੈ। ਇਹ ਕਹਾਣੀ ਆਪਣੇ ਆਪ ਨੂੰ ਪ੍ਰਦੂਸ਼ਣ ਦੀ ਸਮੱਸਿਆ ਤੱਕ ਹੀ ਸੀਮਿਤ ਨਹੀਂ ਰੱਖਦੀ ਜਿਵੇਂ ਕਿ ਸੋਚਿਆ ਗਿਆ ਹੈ ਸਗੋਂ ਇਹ ਬਿਜ਼ਨੈਸ ਲਈ ਹੁੰਦੇ ਪ੍ਰਕਿਰਤਿਕ ਪ੍ਰਦੂਸ਼ਣ ਤੋਂ ਅਗਾਂਹ ਸਭਿਆਚਾਰ ਪ੍ਰਦੂਸ਼ਣ ਤੱਕ ਦੇ ਕਾਰਨਾਂ ਨੂੰ ਸਿਰਜਣਾਤਮਿਕ ਪੱਧਰ ਤੇ ਵਿਸ਼ਲੇਸ਼ਣ ਕਰਨ ਲਈ ਯਤਨਸ਼ੀਲ ਹੈ। ਵਪਾਰਕ ਅਦਾਰਿਆਂ ਲਈ ਮੁਨਾਫ਼ੇ ਨੂੰ ਪਹਿਲ ਹੈ। ਉਨ੍ਹਾਂ ਦੇ ਪ੍ਰਾਜੈਕਟਾਂ ਦਾ ਸਭਿਆਚਾਰਕ ਤਾਣੇ-ਬਾਣੇ ਉੱਪਰ ਕੀ ਪ੍ਰਭਾਵ ਪੈਂਦਾ ਹੈ ਇਹ ਉਨ੍ਹਾਂ ਦੀ ਸੋਚ ਦਾ ਹਿੱਸਾ ਨਹੀਂ। ਦੁਨੀਆਂ ਦਾ ਰਾਜਨੀਤਿਕ 'ਦਾਦਾ' ਅਮਰੀਕਾ ਜੇ ਚਿੰਤਾ ਨਹੀਂ ਕਰਦਾ ਤਾਂ ਹੋਰ ਕਿਸੇ ਨੂੰ ਇਸ ਤਰ੍ਹਾਂ ਦੀ ਚਿੰਤਾ ਕਰਨ ਦੀ ਕੀ ਜ਼ਰੂਰਤ ਹੈ? ਇਸ ਚਿੰਤਾ ਦਾ ਜ਼ਿੰਮਾ ਕੁਝ ਇਕ ਵਾਲੰਟੀਅਰ ਸੰਸਥਾਵਾਂ ਨੇ ਓਟਿਆ ਹੋਇਆ ਹੈ। ਕੇਵਲ ਉਹ ਹੀ ਇਸ ਪਾਸੇ ਵੱਲ ਚਿੰਤਤ ਨਜ਼ਰ ਆਉਂਦੀਆਂ। "ਸਾਡੀ ਉੱਤਰਵਾਸੀਆਂ ਦੀ ਕਲਚਰ ਵੀ ਪ੍ਰਦੂਸ਼ਣ ਦੀ ਮਾਰ ਥੱਲੇ ਆ ਜਾਵੇਗੀ।" (ਪੰਨਾ 109) ਜਾਂ "ਸਾਨੂੰ ਨਹੀਂ ਲੋੜ ਅਜਿਹੇ ਧੰਧਿਆਂ ਦੀ ਜੋ ਸਾਡੀ ਉੱਤਰਵਾਸੀਆਂ ਦੀ ਕਲਚਰ ਨੂੰ ਸਾਡੇ ਸਾਫ ਸੁਥਰੇ ਵਰਤਾਰੇ ਨੂੰ ਪ੍ਰਦੂਸ਼ਿਤ ਕਰਦੇ ਹਨ।" (ਪੰਨਾ 110)

ਇਸ ਪ੍ਰਕਿਰਤਕ-ਸਭਿਆਚਾਰ ਪ੍ਰਦੂਸ਼ਣ ਵਿਰੁੱਧ ਲੜਾਈ ਸੋਫੀਆ ਲਈ ਵਿਅਕਤੀਗਤ ਬਦਲੇ ਦਾ ਰੂਪ ਬਣ ਜਾਂਦੀ ਹੈ ਜੋ ਸੰਸਥਾ ਦੇ ਦੂਸਰੇ ਮੈਂਬਰ ਬਣਨ ਨਹੀਂ ਦੇਣਾ ਚਾਹੁੰਦੇ। ਸੰਘਰਸ਼ ਵਿਚ ਅਜਿਹੇ ਅੰਤਰ-ਦਵੰਦਾਂ ਦਾ ਉਭਰਨਾ ਸਹਾਇਕ ਹੈ ਪਰ ਕਹਾਣੀ ਵਿਚ ਸੰਘਰਸ਼ ਦਾ ਅਨਿਰਣਾਇਕ ਰਹਿਣਾ ਕਈ ਪ੍ਰਸ਼ਨ ਖੜੇ ਕਰ ਦਿੰਦਾ ਹੈ। ਕਿਤੇ ਨਾ ਕਿਤੇ ਕਹਾਣੀਕਾਰ ਦੀ ਦੁਬਿਧਾ ਵੀ ਇਸ ਨੂੰ ਅਨਿਰਣਾਇਕ ਰੱਖਦੀ ਹੈ। ਇਸੇ



ਲਈ ਇਹ ਕਹਾਣੀ ਅਧੂਰੇਪਣ ਦਾ ਅਹਿਸਾਸ ਕਰਵਾਉਂਦੀ ਹੈ।

ਕਹਾਣੀ 'ਟਾਵਰਜ਼' ਸਮਕਾਲੀ ਸਮਿਆਂ ਵਿਚ ਰਚੀ ਪੰਜਾਬੀ ਸਾਹਿਤ ਦੀ ਇਕ ਸ਼ਕਤੀਸ਼ਾਲੀ ਕਹਾਣੀ ਹੈ ਜੋ ਟਾਵਰਜ਼ ਦੇ ਢੱਠਣ ਦੇ ਮਹੱਤਵ ਨੂੰ ਅੰਤਰਰਾਸ਼ਟਰੀ ਮਸਲਿਆਂ ਤੇ ਪਰਿਪੇਖ ਵਿਚ ਦੇਖਦੀ ਹੈ। 11 ਸਤੰਬਰ 2001 ਨੂੰ ਟਾਵਰਾਂ ਉੱਪਰ ਹੋਇਆ ਹਮਲਾ ਅਸਲ ਵਿਚ ਅਮਰੀਕਨ ਹਉਂ ਉੱਪਰ ਸਿੱਧਾ ਹਮਲਾ ਸਿੱਧ ਹੋਇਆ। ਅਮਰੀਕਨਾਂ ਨੇ ਇਸ ਨੂੰ ਨੱਕ ਦਾ ਸਵਾਲ ਬਣਾਇਆ। ਪਰ ਅਮਰੀਕਾ ਵਿਰੋਧੀ ਭਾਵਨਾਵਾਂ ਨੇ ਇਸ ਹਮਲੇ ਨੂੰ ਉਸ ਦੀ ਹੈਂਕੜ ਭੰਨਣ ਵਾਲਾ ਮੰਨ ਕੇ ਕੱਛਾਂ ਵਜਾਈਆਂ। ਇਨ੍ਹਾਂ ਵਿਰੋਧੀ ਵਤੀਰਿਆਂ ਵਿਚ ਅਤਿਵਾਦ ਨਾਲ ਜੁੜੇ ਅਨੇਕਾਂ ਸਵਾਲ ਦੂਜੇ ਨੰਬਰ ਤੇ ਚਲੇ ਗਏ। ਅਮਰੀਕਾ ਦੀ ਨੀਤੀ ਦੀ ਜੋ ਆਲੋਚਨਾ ਹੋਣੀ ਚਾਹੀਦੀ ਸੀ ਤੇ ਉਸ ਦੀਆਂ ਜ਼ਿਆਦਤੀਆਂ ਉੱਪਰ ਜੋ ਵਾਰ ਹੋਣੇ ਚਾਹੀਦੇ ਸਨ ਉਹ ਸਾਰੇ ਖੁੰਢੇ ਹੋ ਗਏ। ਟਾਵਰਜ਼ ਕਹਾਣੀ ਦਾ ਮੁੱਖ ਪਾਤਰ ਵਿਲੀਅਮ ਆਪਣੇ ਘੋਰ ਨਿਜੀ ਦੁੱਖ ਸਮੇਂ ਵੀ ਅਮਰੀਕੀ ਅਭਿਮਾਨ ਦੀ ਚਾਦਰ ਨੂੰ ਨਹੀਂ ਉਤਾਰ ਸਕਦਾ। ਉਹ ਸੋਚਦਾ ਹੈ, "ਇਨ੍ਹਾਂ ਫੌਜੀਆਂ 'ਚ ਜੇ ਅੱਜ ਡੈਨਿਸ ਵੀ ਸ਼ਾਮਿਲ ਹੁੰਦਾ ਤਾਂ ਬਗਦਾਦ ਦੀਆਂ ਸੜਕਾਂ ਤੇ ਮੇਲ੍ਹਦੇ ਟੈਂਕ ਵੇਖਦਿਆਂ ਮੇਰੀਆਂ ਅੱਖਾਂ ਵਿਚ ਤਾਰੇ ਚਮਕ ਪੈਣੇ ਸਨ। ਮੈਂ ਐਂਜਲਾ ਨਾਲ ਆਪਣੇ ਫੌਜੀਆਂ ਦੀਆਂ ...... ਡੈਨਿਸ ਦੀਆਂ ਸਿਫ਼ਤਾਂ ਕਰਦੇ ਨਹੀਂ ਸੀ ਥੱਕਣਾ।" (ਪੰਨਾ 8) ਅਸਲ ਵਿਚ ਵਿਲੀਅਤ ਦਾ ਮੁੱਖ ਨਿਜੀ ਹੈ ਪਰ ਅਭਿਮਾਨ ਅਮਰੀਕੀ। ਕਹਾਣੀ ਦੇ ਅਖ਼ੀਰ ਤੇ ਜਾ ਕੇ ਉਹ ਥੋੜ੍ਹੀ ਦੇਰ ਲਈ ਅਭਿਮਾਨ ਤੋਂ ਪਾਰ ਜਾ ਕੇ ਦੁਖਾਂਤ ਕਾਰਨ ਵੱਖਰੀ ਤਰ੍ਹਾਂ ਮਹਿਸੂਸ ਕਰਦਾ ਹੈ। "ਜਹਾਜ਼ ਵੱਲ ਤਕ ਤੱਕਦਿਆਂ ਮੇਰੀਆਂ ਅੱਖਾਂ ਬਲ਼ ਉਠਦੀਆਂ ਨੇ। ਮੇਰੇ ਅੰਦਰ ਤੂਫ਼ਾਨ ਝੁੱਲ ਪੈਂਦਾ ਏ।' ਇਹ ਭਾਵੁਕਤਾ ਵਿਚਾਰ ਵਿਚ ਵੱਟਦੀ ਹੈ ਕਿ ਨਹੀਂ ਇਸ ਉੱਪਰ ਸਵਾਲੀਆ ਨਿਸ਼ਾਨ ਲੱਗਿਆ ਰਹਿਣਾ ਚਾਹੀਦਾ ਹੈ।

ਕਹਾਣੀ ਵਿਚ ਦੂਸਰੇ ਥਾਈਂ ਵੀ ਅਮਰੀਕਨ ਸੁਪਰਮੇਸੀ /ਅਭਿਮਾਨ ਵੱਖ-ਵੱਖ ਰੂਪਾਂ ਵਿਚ ਹਾਜ਼ਰ ਦਿਖਾਈ ਦਿੰਦੇ ਹਨ। ਟਾਵਰਾਂ ਉੱਪਰ ਹਮਲੇ ਦੀ ਖਬਰ ਸਮੇਂ ਡੈਨਿਸ ਦਾ ਪ੍ਰਤੀਕਰਮ ਹੈ। "ਸਾਡੇ ਦੇਸ਼ ਦੀ ਸੁਪਰਮੇਸੀ, ਸਾਡੀ ਮਹਾਨਤਾ ਘੱਟੇ ਵਿਚ ਰੋਲ ਦਿੱਤੀ ਗਈ ਏ।" (ਪੰਨਾ 15) ਵਿਲੀਅਮ ਕਸਟਮ ਅਧਿਕਾਰੀ ਦੇ ਤੌਰ ਤੇ ਅਮਰੀਕਨ ਸੱਤਾ ਦ ਗਰੂਰ ਵਿਚ ਮਦਮਸਤ ਦਿਖਾਈ ਦਿੰਦਾ ਹੈ ਜੋ ਤੀਜੀ ਦੁਨੀਆਂ ਦੇ ਲੋਕਾਂ ਨੂੰ ਸਤਾ ਕੇ ਵਿਸ਼ੇਸ਼ ਆਨੰਦ ਪ੍ਰਾਪਤ ਕਰਦਾ ਹੈ। ਕਸਟਮ ਅਧਿਕਾਰੀ ਦੇ ਤੌਰ ਤੇ ਉਸ ਵਿਚ ਅਮਰੀਕਨ ਹਉਂ ਇਉਂ ਬੋਲਦੀ ਹੈ। "ਕਹਿੰਦੇ ਕਹਾਉਂਦੇ ਵਪਾਰੀਆਂ ਅਤੇ ਜਹਾਜ਼ ਕਪਤਾਨਾਂ ਦੇ ਪਸੀਨੇ ਛੁਡਾ ਦੇਈਏ ਸੀ। ਤੀਜੀ ਦੁਨੀਆਂ ਦੇ ਬੰਦੇ ਤਾਂ ਵਿਚਾਰੇ ਉਂਜ ਹੀ ਸੁੰਗੜੇ ਰਹਿੰਦੇ। ਕਈ ਵਾਰ ਐਵੇਂ ਫੰਨ ਖਾਤਰ ਹੀ ਉਨ੍ਹਾਂ ਨੂੰ ਹੱਥਾਂ ਪੈਰਾਂ ਦੀ ਪੁਆ ਦੇਈਦੀ ਸੀ।" (ਪੰਨਾ 20) ਵਿਲੀਅਮ ਅਨੁਸਾਰ ਡੈਨਿਸ ਜਦੋਂ "ਅਮਰੀਕੀ ਸ਼ਕਤੀ ਦੇ ਕਿੱਸੇ ਸੁਣਾਉਂਦਾ ਤਾਂ ਸਾਡਾ ਅਮਰੀਕੀ ਗੌਰਵ ਹੋਰ ਉੱਚਾ ਉੱਠ ਜਾਂਦਾ।" ਇੱਕ ਰਾਸ਼ਟਰ ਦੇ ਤੌਰ ਤੇ ਇਸ ਗੌਰਵ/ਅਭਿਮਾਨ/ਸੁਪਰਮੇਸੀ ਨੂੰ ਲੱਗੀ ਠੇਸ ਵਿਲੀਅਤ ਤੇ ਪਰਿਵਾਰ ਨੂੰ ਵੀ ਧੁਰ ਅੰਦਰੋਂ ਮਹਿਸੂਸ ਹੁੰਦੀ ਹੈ ਪ੍ਰੰਤੂ ਧੀ-ਪੁੱਤਰ ਦੀ ਅਮਰੀਕਾ ਦੁਆਰਾ ਛੇੜੀਆਂ ਜੰਗਾਂ ਵਿਚ ਤਬਾਹੀ ਮਾਨਵੀਂ ਦੁਖਾਂਤ ਦੀ ਕਹਾਣੀ ਨੂੰ ਗਹਿਰਾਉਂਦੀ ਹੈ। ਅਖੀਰ ਤੇ ਸੁਪਰਮੇਸੀ ਅਤੇ ਨਿਜੀ

ਤਬਾਹੀ ਭਾਵੁਕ ਪੱਧਰ ਤੇ ਇਕ ਦੂਜੇ ਦੇ ਵਿਰੋਧ ਵਿਚ ਵੀ ਆ ਖੜ੍ਹੀਆਂ ਹੁੰਦੀਆਂ ਹਨ।

ਜਰਨੈਲ ਸਿੰਘ ਜਦੋਂ ਇਸ ਸਾਰੇ ਵਰਤਾਰੇ ਨੂੰ ਮਾਨਵੀਂ ਪੱਧਰ ਤੇ ਵਿਚਾਰਦਾ ਹੈ ਤਾਂ ਉਹ ਵਿਸ਼ਵ ਪੱਧਰ ਤੇ ਚਲ ਰਹੀ ਜੰਗ ਦੇ ਕਿਰਦਾਰਾਂ ਨੂੰ ਸਾਂਵੀਆਂ ਧਿਰਾਂ ਬਣਾ ਕੇ ਤੁਰਦਾ ਹੈ, ਭਾਵੇਂ ਅਖੀਰ ਤੇ ਅਮਰੀਕਾ ਦਾ ਪਲੜਾ ਹਲਕਾ ਦਿਖਾਈ ਦੇਣ ਲੱਗ ਜਾਂਦਾ ਹੈ। ਇਕ ਪਾਸੇ ਹੈ ਰਾਜਨੀਤਿਕ ਮਦਮਸਤ ਰਾਜ ਸੱਤਾ ਤੇ ਦੂਜੇ ਪਾਸੇ ਹੈ ਮਜ਼ਹਬੀ ਜਨੂੰਨ। "ਬੇੜੀਆਂ 'ਚ ਵੱਟੇ ਪੈ ਗਏ ਹਾਕਮਾਂ ਦੇ, ਧਰਮ ਰੱਖਿਅਕਾਂ ਦੇ।" (ਪੰਨਾ 16) ਰਾਜਨੀਤਿਕ ਸੱਤਾ ਅਹੰਕਾਰ ਨੂੰ ਪੱਠੇ ਪਾਉਂਦੀ ਹੈ ਅਤੇ ਜਨੂੰਨੀ ਅੱਗ ਵਰ੍ਹਾਉਂਦੇ ਹਨ। ਨੁਕਸਾਨ ਕਿਸ ਦਾ ਹੁੰਦਾ ਹੈ? ਇਨ੍ਹਾਂ ਦੋਹਾਂ ਵਿਚੋਂ ਕਿਸੇ ਦਾ ਵੀ ਨਹੀਂ। "ਹਾਕਮਾਂ ਦਾ ਕੀ ਗਿਆ? ਉਨ੍ਹਾਂ ਆਪਣੇ ਤਾਜ ਚਮਕਾ ਲਏ ਤੇ ਧਰਮ ਰੱਖਿਅਕਾਂ ਨੇ ਆਪਣੀ ਅੱਗ ਉੱਗਲ ਲਈ।" (ਪੰਨਾ 17) ਜਰਨੈਲ ਸਿੰਘ ਮੂਲਵਾਦੀ ਆਤੰਕਵਾਦੀ ਵਿਚਾਰਧਾਰਾ ਦਾ ਜੋ ਵਿਸ਼ਲੇਸ਼ਣ ਕਰਦਾ ਹੈ ਉਹ ਸੰਖੇਪ ਜਿਹਾ ਹੈ ਪਰ ਹੈ ਮਹੱਤਵਪੂਰਨ। ਉਸ ਅਨੁਸਾਰ ਮੂਲਵਾਦੀ ਅਤਿਵਾਦੀ ਜਨੂੰਨ 'ਇਕ ਨਸ਼ਾ' ਹੈ ਜਿਸ ਦੇ ਪ੍ਰਭਾਵ ਹੇਠ 'ਆਹੂਤੀ ਸਿਧਾਂਤ' ਨੂੰ (ਸ਼ਹਾਦਤ ਦੇ ਸਿਧਾਂਤ ਨੂੰ) ਸਾਹਮਣੇ ਲਿਆਂਦਾ ਜਾਂਦਾ ਹੈ। ਨਾਅਰਾ 'ਅਕੀਦੇ ਉੱਤੇ ਅਨੇਕਾਂ ਖ਼ਤਰੇ' (ਧਰਮ ਉੱਪਰ ਖ਼ਤਰੇ) ਮੰਡਰਾਉਣ ਦਾ ਲਾਇਆ ਜਾਂਦਾ ਹੈ। ਅੰਤਿਮ ਤੌਰ ਤੇ ਆਪਣੇ ਲਈ ਸ਼ਹੀਦੀ ਦਾ ਜਾਮ ਪੀਤਾ ਜਾਂਦਾ ਹੈ ਪਰ ਦੂਜਿਆਂ ਲਈ? "ਆਪਣੇ ਲਈ ਸਦੀਵੀਂ ਚਾਨਣ ਤੇ ਦੂਜਿਆਂ ਲਈ ਕਦੀ ਨਾ ਮੁੱਕਣ ਵਾਲੀਆਂ ਘੁੱਪ ਹਨ੍ਹੇਰੀਆਂ ਰਾਤਾਂ।" ਦਾ ਪ੍ਰਬੰਧ ਕੀਤਾ ਜਾਂਦਾ ਹੈ।

ਜਰਨੈਲ ਸਿੰਘ ਟਾਵਰਾਂ ਦੀ ਉੱਚਾਈ ਪਿੱਛੇ ਬੌਣੇਪਣ ਨੂੰ ਵੀ ਦੇਖ ਰਿਹਾ ਹੈ। ਟਾਵਰਾਂ ਨਾਲੋਂ ਮਨੁੱਖੀ ਜ਼ਿੰਦਗੀ ਉਸ ਲਈ ਅਣਮੁੱਲੀ ਹੈ। ਇਸ ਲਈ ਉਹ ਵਿਲੀਅਮ ਦੇ ਨਿੱਜੀ ਦੁੱਖ ਨੂੰ ਆਮ ਲੋਕਾਂ ਦੇ ਦੁੱਖਾਂ ਨਾਲ ਜੋੜ ਕੇ ਦੇਖਦਾ ਹੋਇਆ ਇਸ ਸਿੱਟੇ ਤੇ ਪਹੁੰਚਦਾ ਹੈ ਕਿ ਟਾਵਰਾਂ ਵਿਚ ਤਬਾਹ ਹੋਈਆਂ ਜ਼ਿੰਦਗੀਆਂ ਜੀਊਣ ਦੀਆਂ ਹੱਕਦਾਰ ਸਨ। "ਟਾਵਰਾਂ ਦਾ ਕੀ ਸੀ, ਬੰਦੇ ਨਾ ਜਾਂਦੇ। ਟਾਵਰਾਂ ਬਾਰੇ ਤਾਂ ਮੈਨੂੰ ਮੁੱਢ ਤੋਂ ਹੀ ਖ਼ਦਸ਼ਾ ਸੀ .... ਇਨ੍ਹਾਂ ਵਿਚਲੀ ਬੁਲੰਦੀ ਵਿਚਲੇ ਬੌਣੇਪਣ ਨੂੰ ਮੈਂ ਜਾਣਦਾ ਸੀ। ਜਿੰਨਾ ਚਿਰ ਸੋਚਾਂ ਉੱਚੀਆਂ ਨਹੀਂ ਹੁੰਦੀਆਂ ਉੱਚਤਾ ਦੀਆਂ ਇਹ ਕਲਗੀਆਂ ਇੰਜ ਹੀ ਕਿਰਦੀਆਂ ਰਹਿਣਗੀਆਂ। ਲਪੇਟ ਵਿਚ ਆ ਜਾਂਦੇ ਨੇ ਬੈਠੇ ਸੁੱਤੇ ਆਮ ਲੋਕ....... ਅਜਿਹੇ ਟਾਵਰਾਂ ਨਾਲੋਂ ਕਿਤੇ ਵੱਧ ਉੱਚੇ ਸੁੱਚੇ ਲੋਕ। ਸਟੇਸੀ ਤੇ ਉਸ ਵਰਗੇ ਜ਼ਹੀਨ ਮੇਰੇ ਹਜ਼ਾਰਾਂ ਧੀਆਂ ਪੁੱਤਰ ਮੌਤ ਦੇ ਨਹੀਂ ਜ਼ਿੰਦਗੀ ਦੇ ਹੱਕਦਾਰ ਸਨ।" (ਪੰਨਾ 23)

ਕਿਹਾ ਜਾ ਸਕਦਾ ਹੈ ਕਿ 'ਟਾਵਰਜ਼' ਕਹਾਣੀ-ਸੰਗ੍ਰਹਿ ਨੇ ਇਕ ਵਾਰ ਫੇਰ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬੀ ਕਹਾਣੀ ਵਿਸ਼ਵ ਪੱਧਰ ਦੀ ਕਹਾਣੀ ਨਾਲ ਵਰ ਮੇਚ ਰਹੀ ਹੈ। ਮਾਨਵੀ ਚਿੰਤਾਵਾਂ ਕਰਕੇ ਵੀ, ਮਾਨਵੀ ਦ੍ਰਿਸ਼ਟੀ ਕਰਕੇ ਵੀ ਅਤੇ ਕਹਾਣੀ ਦੀ ਸ਼ਿਲਪ ਕਰਕੇ ਵੀ। ਹੁਣ ਇਹ ਵੀ ਕਿਹਾ ਜਾ ਸਕਦਾ ਹੈ ਕਿ ਅਗਲੀਆਂ ਕਹਾਣੀਆਂ ਵਿਚ ਜਰਨੈਲ ਸਿੰਘ ਪੰਜਾਬੀ ਕਹਾਣੀ ਦੇ ਹੁਣ ਵਾਲੇ ਦਿਸਹੱਦਿਆਂ ਤੋਂ ਵੀ ਪਾਰ ਜਾਵੇਗਾ। •

(ਮੁਖੀ, ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ ਹਰਿਆਣਾ)





# ਹੀਰ ਦਾ ਮਰਸੀਆ /ਨਦੀਮ ਭਾਬਾ

ਹੀਰੇ! ਤੂੰ ਤਾਂ ਹੁਣ ਉੱਜੜੀ ਹੈਂ
ਕਿਉਂਕਿ ਤੇਰੇ ਸ਼ਹਿਰ 'ਚ ਮੈਂ
ਖ਼ੂਨ ਦੀ ਹੋਲੀ ਖੇਡਦੇ
ਕੈਦੋਂ, ਖੇੜੇ ਵੇਖੇ ਨੇ।

ਹੀਰੇ! ਜਿਸ ਥਾਂ 'ਤੇ ਤੂੰ
ਪਿਆਰ ਦੀ ਸੇਜ ਵਿਛਾਈ ਸੀ
ਹੁਣ ਉਸ ਥਾਂ ਤੇ ਵੀਰਾਨੀ ਹੈ
ਤੇਰਾ ਦੇਸ਼ ਤੇਰੇ ਤੋਂ 'ਹੀਰ'
ਹੈ ਕਿੰਨਾ ਬੇਗਾਨਾ।

ਹੀਰੇ! ਤੂੰ ਤਾਂ ਹੁਣ ਹੈ ਉਜੜੀ ਹੋਈ
ਹੀਰੇ! ਤੇਰੇ ਵੇਲੇ, ਤੇਰੀ ਧਰਤੀ ਤੇ
ਇੱਕੋ ਹੀ ਕੈਦੀ ਸਉ
ਐਪਰ ਹੁਣ ਤਾਂ ਲੱਖਾਂ ਕੈਦੋਂ
ਤੇਰੇ ਸ਼ਹਿਰ 'ਚ ਰਹਿੰਦੇ ਨੇ
ਤੇਰੇ ਰਾਂਝੇ ਦੀ ਬੰਸਰੀ ਦੀਆਂ ਧੁਨਾਂ
ਵੀ ਗੂੰਜਦੀਆਂ ਨੇ
ਪਰ ਰਾਤ ਦੇ ਅਖ਼ੀਰ ਉੱਤੇ।
ਕਿਉਂਕਿ
ਰਾਤ ਦੇ ਆਰੰਭ ਵੇਲੇ
ਤੇਰੀਆਂ ਸਾਰੀਆਂ ਸਖੀਆਂ ਦੀਆਂ
ਚੀਖਾਂ ਗੂੰਜਦੀਆਂ ਰਹਿੰਦੀਆਂ ਨੇ।

ਹੀਰੇ! ਤੇਰੇ ਸ਼ਹਿਰ ਦੇ ਸਾਰੇ ਬੇਲੇ
ਹੁਣ ਵੀਰਾਨ ਪਏ ਨੇ
ਤੇਰੇ ਸਾਰੇ ਬੇਲਿਆਂ ਦੀ ਹਰਿਆਲੀ
ਸੜ ਕੇ ਰਾਖ਼ ਬਣੀ ਹੈ।

ਹੀਰੇ, ਤੂੰ ਜਿਹੜੀ ਫੁਲਵਾੜੀ
ਆਪਣੇ ਲਹੂ ਨਾਲ ਸਿੰਜੀ ਸੀ
ਉਸ ਤੇ ਰੁੱਤ ਬਹਾਰ ਵੀ ਆਈ
ਸਾਰੇ ਫੁੱਲ ਵੀ ਮਹਿਕੇ
ਪਰ ਦੂਰ ਕਿਤਿਓਂ
ਖੇੜੇ, ਕੈਦੋਂ ਆਏ
ਤੇ ਫਿਰ ਸਾਰੇ ਫੁੱਲ ਤੋੜ ਕੇ ਲੈ ਗਏ
ਤੈਨੂੰ ਕੱਲਾ ਛੱਡ ਗਏ।

ਹੀਰੇ! ਤੇਰੀ ਕਬਰ 'ਤੇ
ਹੁਣ ਵੀ ਕੁਝ ਮਜਾਵਰ ਐਸੇ ਨੇ
ਉਹ ਜੋ ਤੇਰੇ ਦੁਸ਼ਮਣ ਨੇ

ਹੀਰੇ!
ਤੂੰ ਪਹਿਲਾਂ ਕਦ ਉੱਜੜੀ ਸੀ
ਤੂੰ ਪਹਿਲਾਂ ਕੁਰਬਾਨੀ ਦੇ ਕੇ
ਆਪਣਾ ਨਾਂ ਸੁਨਹਿਰੀ ਅੱਖਰਾਂ ਵਿਚ
ਲ਼ਿਖਵਾਇਆ ਸੀ
ਤੇ ਦੁਨੀਆ ਨੂੰ ਦੱਸਿਆ ਸੀ
ਪਿਆਰ ਜਨੂੰਨ ਹੈ ਕਿਸ ਨੂੰ ਕਹਿੰਦੇ

ਹੀਰੇ!
ਤੂੰ ਤਾਂ ਹੁਣ ਉਜੜੀ ਹੈਂ,
ਵੇਖ ਕਿ ਤੇਰੇ ਅਤੇ ਪਾਕ-ਵਤਨ ਵਿਚ
ਕੋਈ ਫ਼ਰਕ ਨਹੀਂ ਹੈ
ਦੋਵਾਂ ਦੇ ਕਿੱਸੇ ਨੇ ਇਕੋ ਜਿਹੇ।

(ਬਿਆਜ਼, ਲਾਹੌਰ ਵਿਚੋਂ)

●●●

ਤੁਲਨਾਤਮਕ ਅਧਿਐਨ

# ਪਾਕਿਸਤਾਨ ਬਾਰੇ ਪੰਜਾਬੀ ਸਫ਼ਰਨਾਮਾ ਸਾਹਿਤ : ਪਛਾਣ ਦੀ ਸਮੱਸਿਆ

ਡਾ. ਗੁਰਨਾਇਬ ਸਿੰਘ

ਇਹ ਖੋਜ ਪੱਤਰ ਹਰਭਜਨ ਸਿੰਘ ਹੁੰਦਲ ਦੇ **ਮੁਹੱਬਤ ਦਾ ਸਫ਼ਰਨਾਮਾ**, ਵਰਿਆਮ ਸਿੰਘ ਸੰਧੂ ਦੇ **ਵਗਦੀ ਏ ਰਾਵੀ** ਅਤੇ ਬਲਰਾਜ ਸਾਹਨੀ ਦੇ **ਮੇਰਾ ਪਾਕਿਸਤਾਨੀ ਸਫ਼ਰਨਾਮਾ** ਦੇ ਵਿਸ਼ੇਸ਼ ਸੰਦਰਭ ਵਿਚ ਲਿਖਿਆ ਗਿਆ ਹੈ।

ਪਦਾਰਥ ਨੇ ਜਦੋਂ ਚੇਤਨਾਸ਼ੀਲ ਹੋ ਮਾਨਵ ਦਾ ਰੂਪ ਧਾਰਿਆ ਤਾਂ ਉਸ ਨੇ ਇਕੋ ਥਾਂ ਟਿਕੇ ਰਹਿਣ ਦੀ ਮਜਬੂਰੀ ਤੋਂ ਸੁਤੰਤਰਤਾ ਹਾਸਲ ਕੀਤੀ। ਸਰੀਰ ਨਾਲ ਉੱਗੇ ਪੈਰਾਂ ਦੇ ਸਹਾਰੇ ਉਸ ਨੇ ਅਨੰਤ ਸਫ਼ਰ ਦਾ ਆਗ਼ਾਜ਼ ਕੀਤਾ। ਉਹ ਸਫ਼ਰਸ਼ੀਲ ਪ੍ਰਾਣੀ ਦਾ ਰੂਪ ਧਾਰ ਗਿਆ। ਉਸ ਨੇ ਬਹੁਤ ਕੁਝ ਨਵਾਂ ਦੇਖਿਆ ਤੇ ਬਹੁਤ ਕੁਝ ਪੁਰਾਣਾ ਵੇਖਦਿਆਂ ਨਵਾਂ ਅਨੁਭਵ ਕੀਤਾ। ਪੁਰਾਣੇ ਨੂੰ ਵਾਰ-ਵਾਰ ਵੇਖਦਿਆਂ ਉਸ ਨੇ ਹਰ ਵਾਰ ਕੁਝ ਨਵਾਂ ਤੱਕਿਆ। ਮੁੱਢ ਵਿਚ ਉਸ ਨੇ ਇਸ 'ਨਵੇਂ' ਨੂੰ ਭਾਸ਼ਾ ਵਿਚ ਬੰਨ੍ਹਿਆ ਜਿਹੜਾ ਕਥਾ-ਕਹਾਣੀ ਦੇ ਰੂਪ ਵਿਚ ਸਮਾਜ ਅੰਦਰ ਪੀੜ੍ਹੀ-ਦਰ-ਪੀੜ੍ਹੀ ਤੁਰਦਾ ਰਿਹਾ ਹੈ। ਫਿਰ ਉਸਨੇ ਇਸ ਨੂੰ ਲਿੱਪੀਬੱਧ ਕੀਤਾ ਜਿਹੜਾ ਕਿਤਾਬਾਂ ਦੀ ਸ਼ਕਲ ਵਿਚ ਸਾਂਭਿਆ ਗਿਆ। ਇਸ ਤਰ੍ਹਾਂ ਭਾਸ਼ਾ ਤੇ ਲਿੱਪੀ ਦੁਆਰਾ ਸਾਂਭੇ ਅਨੁਭਵ ਦਾ ਸਾਹਿਤਕ ਨਾਮ ਸਫ਼ਰਨਾਮਾ ਰੱਖਿਆ ਗਿਆ। ਇਸ ਦਾ ਮੁੱਖ ਲੱਛਣ ਹੈ ਤੁਰਦਿਆਂ ਫਿਰਦਿਆਂ ਹਾਸਲ ਕੀਤਾ ਅਨੁਭਵ ਜਿਹੜਾ ਸਬੰਧਤ ਸਥਾਨਾਂ ਨਾਲ ਜੁੜੇ ਹਰ ਪੱਖ ਬਾਰੇ ਨਵੀਂ ਤੋਂ ਨਵੀਂ ਸੂਝ ਤੇ ਜਾਣਕਾਰੀ ਪ੍ਰਦਾਨ ਕਰਾਵੇ। ਇਥੇ ਸਥਾਨ ਦਾ ਨਵਾਂ ਹੋਣਾ ਲਾਜ਼ਮੀ ਸ਼ਰਤ ਨਹੀਂ, ਉਸ ਨੂੰ ਵੇਖਦਿਆਂ ਨਵਾਂ ਅਨੁਭਵ ਹੋਣਾ ਜ਼ਰੂਰੀ ਤੱਤ ਹੈ।

ਸਮੁੱਚਾ ਸਾਹਿਤ ਇਕ ਸਫ਼ਰਨਾਮਾ ਸਾਹਿਤ ਵੀ ਹੁੰਦਾ ਹੈ। ਇਸ ਵਿਚ ਸਫ਼ਰ ਕਿਸੇ ਸਥਾਨ ਨਾਲ ਸੰਬੰਧਤ ਹੁੰਦਾ ਹੋਇਆ ਕਦੇ ਪੈਰਾਂ ਨਾਲ, ਕਦੇ ਸਫ਼ਰ ਸਾਧਨਾ ਨਾਲ ਤੇ ਕਦੇ ਮਨ ਨਾਲ ਕੀਤਾ ਜਾਂਦਾ ਹੈ। ਇਸ ਦੌਰਾਨ ਹਾਸਲ ਕੀਤਾ ਨਵਾਂ ਅਨੁਭਵ ਕਦੇ ਸਥਾਨ ਦੀ ਭੌਤਿਕ ਬਣਤਰ ਬਾਰੇ ਹੁੰਦਾ ਹੈ ਤੇ ਕਦੇ ਉਸ ਦੇ ਚੇਤਨਾ ਰੂਪ ਦੇ ਦਰਸ਼ਨ ਦੀਦਾਰ ਕਰਵਾਉਂਦਾ ਹੈ। ਇਹ ਸਫ਼ਰਨਾਮਾ ਸਾਹਿਤ ਦੀ ਵਿਸ਼ਾਲ ਪਰਿਭਾਸ਼ਾ ਹੈ। ਇਸ ਨੂੰ ਸੀਮਤ ਅਰਥਾਂ ਵਿਚ ਬੰਨ੍ਹਣ ਵਾਸਤੇ ਕਿਸੇ ਕਾਲ ਵਿਚ, ਕਿਸੇ ਦੇਸ਼-ਸਥਾਨ ਦੀ ਯਾਤਰਾ ਦੌਰਾਨ ਪ੍ਰਾਪਤ ਹੋਏ ਅਨੁਭਵ ਨੂੰ ਲਿੱਪੀਬੱਧ ਕਰਨ ਉਪਰੰਤ ਤਿਆਰ ਹੋਏ ਸਾਹਿਤ-ਪਾਠ ਨੂੰ ਸਫ਼ਰਨਾਮਾ ਸਾਹਿਤ ਆਖਿਆ ਜਾਂਦਾ ਹੈ।

ਪੰਜਾਬੀ ਵਿਚ ਸੁਚੇਤ ਪੱਧਰ ਉੱਤੇ ਸਫ਼ਰਨਾਮਾ ਸਾਹਿਤ ਲਗਪਗ ਪਿਛਲੇ ਇਕ ਸੌ ਸਾਲ ਤੋਂ ਲਿਖਿਆ ਜਾ ਰਿਹਾ ਹੈ। ਪੰਜਾਬ ਦੇ ਲੋਕਾਂ ਨੇ ਕਈ ਕਾਰਨਾਂ ਕਰਕੇ ਦੂਜੇ ਦੇਸ਼ਾਂ ਵੱਲ ਪਰਵਾਸ ਕੀਤਾ। ਉਨ੍ਹਾਂ ਨੇ ਆਪਣੇ-ਆਪਣੇ ਯਾਤਰਾ ਅਨੁਭਵਾਂ ਨੂੰ ਸਾਹਿਤ ਦੇ ਇਸ ਰੂਪ ਵਿਚ ਲਿੱਪੀਬੱਧ ਕੀਤਾ। ਵੀਹਵੀਂ ਸਦੀ ਦੀ ਅਖੀਰਲੀ ਚੌਥਾਈ ਵਿਚ ਪੰਜਾਬ ਦੇ



ਪੜ੍ਹੇ ਲਿਖੇ ਲੋਕਾਂ ਖਾਸ ਕਰਕੇ ਲਿਖਾਰੀਆਂ ਨੂੰ ਵਿਭਿੰਨ ਤਰ੍ਹਾਂ ਦੀਆਂ ਸਾਹਿਤਕ ਤੇ ਸੱਭਿਆਚਾਰਕ ਗਤੀਵਿਧੀਆਂ ਦੇ ਸਬੱਬ ਵਿਦੇਸ਼ ਜਾਣ ਦੇ ਮੌਕੇ ਮਿਲੇ। ਪੰਜਾਬੀ ਵਿਚ ਇਨ੍ਹਾਂ ਸਾਹਿਤ ਉਦਾਸੀਆਂ ਦੇ ਨਤੀਜੇ ਵਜੋਂ ਵੱਡੀ ਗਿਣਤੀ ਵਿਚ ਸਫ਼ਰਨਾਮਾ ਸਾਹਿਤ ਹੋਂਦ ਵਿਚ ਆਇਆ। ਪਰ ਪੰਜਾਬੀ ਸਫ਼ਰਨਾਮਾ ਸਾਹਿਤ ਅੰਦਰ ਪਾਕਿਸਤਾਨ ਬਾਰੇ ਰਚੇ ਸਫ਼ਰਨਾਮਾ ਸਾਹਿਤ ਦੀ ਵੱਖਰੀ ਪਛਾਣ ਹੈ। ਇਸ ਨੂੰ ਵਿਲੱਖਣਤਾ ਬਖ਼ਸ਼ਣ ਵਾਲੇ ਦੋ ਪਹਿਲੂ ਹਨ। ਪਹਿਲਾ ਹੈ ਕਿ ਇਹ ਸਾਹਿਤ ਉਨ੍ਹਾਂ ਲੇਖਕਾਂ ਵਲੋਂ ਰਚਿਆ ਗਿਆ ਜਿਹੜੇ 1947 ਦੀ ਦੇਸ ਵੰਡ ਵੇਲੇ ਪਾਕਿਸਤਾਨ ਦੇ ਹਿੱਸੇ ਆਏ ਪੰਜਾਬ ਦੇ ਵਾਸੀ ਸਨ ਤੇ ਉਨ੍ਹਾਂ ਨੂੰ ਉਥੋਂ ਸਿੱਖ ਜਾਂ ਹਿੰਦੂ ਪਛਾਣ ਹੋਣ ਕਾਰਨ ਉੱਜੜ ਕੇ ਭਾਰਤ ਵਿਚ ਰਹਿ ਗਏ ਪੰਜਾਬ ਵਿਚ ਆ ਕੇ ਵਸਣਾ ਪਿਆ। ਦੂਜਾ ਪਹਿਲੂ ਇਹ ਹੈ ਕਿ ਇਸ ਸਫ਼ਰਨਾਮਾ ਸਾਹਿਤ ਦਾ ਵਿਸ਼ਾ ਵਿਛੜੇ, ਗੁਆਚੇ, ਜ਼ਬਰਦਸਤੀ ਖੋਹੇ ਜਾਂ ਮਜਬੂਰਨ ਛੱਡੇ ਪਿਛਲੇ ਪਿੰਡ, ਘਰ ਨੂੰ ਮੁੜ ਵੇਖਣ ਦੀ ਬੰਦੀ ਤਾਂਘ ਜਾਂ ਹਸਰਤ ਹੈ ਜਿਸ ਨੂੰ ਪੂਰਾ ਕਰਨ ਲਈ ਕੀਤੇ ਯਤਨਾਂ ਨੂੰ ਭਾਵੁਕ ਜੁਗਤ ਨਾਲ ਚਿਤਰਿਆ ਗਿਆ ਹੈ। ਇੱਥੇ ਘਰ, ਪਿੰਡ, ਸ਼ਹਿਰ, ਕਸਬਾ ਇਕੋ ਹੀ ਅਰਥ ਵਿਚ ਪੇਸ਼ ਹੋਏ ਹਨ। ਇੱਥੇ ਮੁੱਖ ਉਦੇਸ਼ 'ਵਿਛੜੇ ਆਪੇ' ਨੂੰ ਹਾਸਲ ਕਰਨਾ ਨਹੀਂ ਸਗੋਂ ਇਸ 'ਹਾਸਲ' ਨੂੰ ਨਾ ਪ੍ਰਾਪਤ ਕਰ ਸਕਣ ਦਾ ਅਹਿਸਾਸ ਇਸ ਸਫ਼ਰਨਾਮਾ ਸਾਹਿਤ ਦੀ ਰਚਨਾ ਸ਼ਕਤੀ ਦਾ ਮੂਲ ਹੈ। ਇਹ ਅਹਿਸਾਸ ਇਸ ਦੀ ਪ੍ਰੇਰਨਾ ਤੇ ਪਛਾਣ ਵੀ ਹੈ। ਇਕ ਲੰਬੀ ਆਗਿਆ ਪ੍ਰਕਿਰਿਆ ਵਿਚੋਂ ਗੁਜ਼ਰਕੇ ਇਸ ਨੂੰ ਵੇਖਿਆ ਹੀ ਜਾ ਸਕਦਾ ਹੈ, ਕੁਝ ਪਲਾਂ ਲਈ, ਕੁਝ ਛਿਣਾਂ ਲਈ। ਇਨ੍ਹਾਂ ਰਚਨਾਵਾਂ ਅੰਦਰ ਉਸਰਿਆ ਬੇਬਸੀ ਦਾ ਇਹ ਆਲਮ ਮਾਨਵ ਮਨ ਨੂੰ ਝੰਜੋੜ ਸੁੱਟਦਾ ਹੈ। ਉਸ ਨੂੰ ਉਸ ਦੀ ਹੋਂਦ ਦੀ ਤੁੱਛਤਾ ਦੀ ਯਾਦ ਨਿਰੰਤਰ ਦਿਵਾਉਂਦਾ ਰਹਿੰਦਾ ਹੈ। ਮਾਨਵ ਐਨਾ ਲਾਚਾਰ ਵੀ ਹੋ ਸਕਦਾ ਹੈ ਅਤੇ ਤੁਹਾਨੂੰ ਆਪਣੇ ਹੀ ਘਰਾਂ ਤੋਂ ਕੱਢਣ ਵਾਲਾ ਪੁਰਖ ਐਨਾ ਮਹਾਬਲੀ, ਜਾਬਰ ਤੇ ਕਮੀਨਾ ਵੀ ਹੋ ਸਕਦਾ ਹੈ। ਇਨ੍ਹਾਂ ਸਫ਼ਰਨਾਮਿਆਂ ਨੂੰ ਪੜ੍ਹਦਿਆਂ ਦਿਮਾਗ ਅੰਦਰ ਮਾਨਵ ਦੇ ਇਹ ਦੋ ਵਿਰੋਧੀ ਰੂਪ ਬਿੰਬਤ ਹੁੰਦੇ ਹਨ ਜਿਹੜੇ ਆਮ ਆਦਮੀ ਦੀ ਤ੍ਰਾਸਦਿਕ ਸਥਿਤੀ ਨੂੰ ਉਜਾਗਰ ਕਰਦੇ ਹਨ। ਘਰ ਗੁਆਚਣ, ਖੋਹੇ ਜਾਣ, ਵਿਛੜਣ ਜਾਂ ਉਜੜਣ ਦਾ ਦੁੱਖ ਕਿੱਡਾ ਵੱਡਾ ਹੁੰਦਾ ਹੈ ਇਸ ਦਾ ਅੰਦਾਜ਼ਾ ਉੱਜੜਿਆ ਸ਼ਖ਼ਸ ਹੀ ਲਗਾ ਸਕਦਾ ਹੈ। ਇਸੇ ਲਈ ਪਾਕਿਸਤਾਨ ਬਾਰੇ ਸਫ਼ਰਨਾਮਾ ਸਾਹਿਤ ਪੰਜਾਬੀ ਦੇ ਉਨ੍ਹਾਂ ਲੇਖਕਾਂ ਵਲੋਂ ਲਿਖਿਆ ਗਿਆ ਹੈ ਜਿਹੜੇ ਉਧਰੋਂ ਉੱਜੜ ਕੇ ਆਏ ਸਨ। ਉਧਰ ਤੋਂ ਉੱਜੜ ਕੇ ਆਏ ਲਿਖਾਰੀਆਂ ਵਲੋਂ ਲਿਖੇ ਸਫ਼ਰਨਾਮੇ ਦੀ ਧੁਨੀ ਵਿਲੱਖਣ ਹੁੰਦੀ ਹੈ। ਉੱਜੜਨ ਵੇਲੇ ਪੈਦਾ ਹੁੰਦੇ ਦਰਦ ਦੀ ਧੁਨੀ ਇਨ੍ਹਾਂ ਸਫ਼ਰਨਾਮਿਆਂ ਦੀ ਵਿਸ਼ੇਸ਼ ਪਛਾਣ ਹੈ। ਇਹ ਦਰਦ ਧੁਨੀ ਬਣ ਕੇ ਸਮੁੱਚੀ ਰਚਨਾ ਅੰਦਰ ਗੂੰਜਦਾ ਹੈ। ਧੁਨੀ ਦੀ ਇਹ ਗੂੰਜ ਪਾਠਕ ਦੇ ਮਨ ਨੂੰ ਤਰਲ ਬਣਾਉਂਦੀ ਹੈ। ਧੁਨੀ ਦੀ ਇਹ ਵਿਲੱਖਣਤਾ ਇਸ ਸਫ਼ਰਨਾਮਾ ਸਾਹਿਤ ਨੂੰ ਦੂਜੇ ਪੰਜਾਬੀ ਸਫ਼ਰਨਾਮਾ ਸਾਹਿਤ ਤੋਂ ਵੱਖਰੀ ਪਛਾਣ ਦਿੰਦੀ ਹੈ। ਇਸ ਤਰ੍ਹਾਂ ਇਹ ਸਾਹਿਤ ਸਾਧਾਰਨ ਸਫ਼ਰਨਾਮਾ ਸਾਹਿਤ ਨਹੀਂ ਰਹਿੰਦਾ ਤੇ ਨਾ ਹੀ ਕਲਪਨਾ ਤੇ ਯਥਾਰਥ ਦੇ ਸੁਮੇਲ 'ਚੋਂ ਉਪਜਿਆ ਗਾਲਪਨਿਕ ਚਿਤਰਨ ਹੁੰਦਾ ਹੈ ਸਗੋਂ ਇਹ ਮਾਨਵ ਦੇ ਹਿਰਦੈ ਅੰਦਰ ਟਿਕੇ ਆਪੇ ਦੇ ਗੁਆਚ ਜਾਣ ਦੀ ਤਲਾਸ਼ ਦਾ ਸਾਹਿਤ ਬਣ, ਬੰਦੇ ਨੂੰ ਸ੍ਵੈ-ਪਛਾਣ ਲਈ ਪ੍ਰੇਰਨਾ ਦੇਣ

ਵਾਲੀ ਕਲਾਤਮਕ ਰਚਨਾ ਦਾ ਰੂਪ ਧਾਰ ਜਾਂਦਾ ਹੈ।

ਪਾਕਿਸਤਾਨ ਬਾਰੇ ਲਿਖੇ ਤਿੰਨ ਸਫ਼ਰਨਾਮਿਆਂ, ਬਲਰਾਜ ਸਾਹਨੀ ਦਾ ਮੇਰਾ ਪਾਕਿਸਤਾਨੀ ਸਫ਼ਰਨਾਮਾ, ਵਰਿਆਮ ਸਿੰਘ ਸੰਧੂ ਦਾ ਵਗਦੀ ਏ ਰਾਵੀ ਅਤੇ ਹਰਭਜਨ ਸਿੰਘ ਹੁੰਦਲ ਦਾ 'ਮੁਹੱਬਤ ਦਾ ਸਫ਼ਰਨਾਮਾ', ਵਿਚ ਇਸ ਪਛਾਣ ਨੂੰ ਨਿਸਚਤ ਕਰਨ ਲਈ ਲੇਖਕ ਸ੍ਵੈ ਨਾਲ, ਇਤਿਹਾਸ ਨਾਲ ਸੰਵਾਦਮੁਖੀ ਹੋ ਵਿਚਰਦੇ ਹਨ। ਬੰਦਾ ਕੀ ਹੈ? 'ਬੁੱਲ੍ਹਿਆ ਕੀ ਜਾਣਾ ਮੈਂ ਕੌਣ' ਵਾਲਾ ਪ੍ਰਸ਼ਨ ਉਨ੍ਹਾਂ ਦੀ ਕਲਮ ਅੱਗੇ ਸਦੀਵੀ ਤੌਰ ਉੱਤੇ ਖੜ੍ਹ ਜਾਂਦਾ ਹੈ। ਉਹ ਇਸ ਦੇ ਭੈਅ ਅਧੀਨ ਲਿਖਦੇ ਹਨ, ਇਸ ਦੇ ਹੁਕਮ ਨੂੰ ਪਛਾਨਣ ਲਈ ਯਤਨਸ਼ੀਲ ਹਨ। ਇਹ ਪ੍ਰਸ਼ਨ ਹੀ ਕੁਝ ਐਸਾ ਹੈ। ਇਸ ਅੱਗੇ ਸਿਰ ਝੁਕਾਉਂਦਿਆਂ ਸੰਧੂ ਨੇ ਇਕ ਪੂਰਾ ਚੈਪਟਰ ਹੀ 'ਬੰਦਾ ਸਭ ਤੋਂ ਵੱਡਾ ਗੋਰਖ ਧੰਦਾ' ਇਸ ਦੇ ਲੇਖੇ ਲਾਇਆ ਹੈ।

ਇਨ੍ਹਾਂ ਸਫ਼ਰਨਾਮਿਆਂ ਵਿਚ ਇਹ ਲੇਖਕ ਬੰਦੇ ਦੀਆਂ ਪਛਾਣਾਂ ਨਿਸਚਤ ਕਰਦੇ ਨਜ਼ਰੀਂ ਪੈਂਦੇ ਹਨ। ਪਹਿਲੀ ਗੋਤ ਜਾਂ ਜਾਤ, ਦੂਜੀ ਪਿੰਡ ਜਾਂ ਖਿੱਤਾ, ਤੀਜਾ ਭਾਸ਼ਾ ਜਾਂ ਸੱਭਿਆਚਾਰ, ਚੌਥੀ ਧਰਮ ਅਤੇ ਪੰਜਵੀਂ ਦੇਸ਼। ਇਨ੍ਹਾਂ ਪੰਜ ਪਛਾਣਾਂ ਵਿਚੋਂ ਪ੍ਰਸਥਿਤੀਆਂ ਅਤੇ ਪ੍ਰਸੰਗ ਅਨੁਸਾਰ ਕਦੇ ਕੋਈ-ਕਦੇ ਕੋਈ ਪਛਾਣ ਭਾਰੂ ਹੋ ਬੰਦੇ ਦੁਆਲੇ ਇਕ ਘੇਰਾ ਉਸਾਰ ਦਿੰਦੀ ਹੈ। ਵਰਿਆਮ ਸਿੰਘ ਦੇ 'ਸੰਧੂ' ਹੋਣ ਦੀ ਪਛਾਣ ਕਿੰਨੇ ਹੀ ਲੋਕਾਂ ਅੰਦਰ ਉਸ ਨੂੰ ਆਪਣਾ ਸਮਝਣ ਦੀ ਭੁੱਲ ਕਰਵਾਉਂਦੀ ਹੈ, ਇਸੇ ਤਰ੍ਹਾਂ ਬਲਰਾਜ ਦਾ ਸਾਹਨੀ ਹੋਣ ਵਾਲਾ ਤੱਥ ਹੈ। ਜਦੋਂ ਇਹ ਪਛਾਣ ਖੁਰਨ ਲੱਗਦੀ ਹੈ ਤਾਂ ਖਿੱਤੇ ਦੀ, ਪਿੰਡ ਦੀ ਪਛਾਣ ਉੱਭਰਦੀ ਹੈ। ਇਨ੍ਹਾਂ ਰਚਨਾਵਾਂ ਅੰਦਰ ਇਹ ਪਛਾਣ ਬਹੁਤ ਪ੍ਰਬਲ ਰੂਪ ਧਾਰਦੀ ਹੈ। ਇਹ ਪਛਾਣ ਹੁੰਦਲ ਤੇ ਸਾਹਨੀ ਨੂੰ ਲਗਾਤਾਰ ਤੜਫਾਉਂਦੀ ਹੈ, ਸੰਧੂ ਅੰਦਰ ਤਰੰਗਾਂ ਉਤਪੰਨ ਕਰਦੀ ਹੈ, ਉਨ੍ਹਾਂ ਦੇ ਪਾਤਰ ਪ੍ਰੇਮ ਸਿੰਘ, ਗੁਲਾਮ ਨਬੀ, ਬੀਬੀ ਫਜ਼ਲਾਂ, ਮੋਹਨ ਲਾਲ, ਖੁਰਸ਼ੀਦ, ਜੁੰਮਾ ਮੋਚੀ, ਗੁਰਮੀਤ ਸਿੰਘ ਢੱਡਾ, ਬੁੱਢਾ ਬਾਬਾ ਕਰਮ ਸਿੰਘ ਆਦਿ ਇਸ ਪਛਾਣ ਨੂੰ ਉਸਾਰਦੇ-ਉਸਾਰਦੇ ਗੁਆਚ ਜਿਹੇ ਜਾਂਦੇ ਹਨ। ਇਹ ਪਛਾਣ ਸਦੀਵੀ ਨਜ਼ਰ ਆ ਰਹੀ ਰਾਜਨੀਤਿਕ ਹੱਦਬੰਦੀ ਦੇ ਪ੍ਰਸੰਗ ਵਿਚ ਆਖਰੀ ਸਾਹਾਂ ਉੱਤੇ ਹੋਣ ਕਾਰਨ ਬਸ ਸਹਿਕ ਰਹੀ ਹੈ। ਪੀੜ੍ਹੀਆਂ ਦਾ, ਕਾਲ ਦਾ ਫ਼ਾਸਲਾ ਇਸ ਨੂੰ ਨਿਰੰਤਰ ਧੁੰਦਲੀ ਕਰਦਾ ਜਾ ਰਿਹਾ ਹੈ ਪਰ ਇਹ ਵੀ ਹਕੀਕਤ ਹੈ ਕਿ ਇਨ੍ਹਾਂ ਸਫ਼ਰਨਾਮਿਆਂ ਦੀ ਪ੍ਰੇਰਨਾ ਤੇ ਰਚਨਾਤਮਕ ਸ਼ਕਤੀ ਦਾ ਸੋਮਾ ਮੁੱਖ ਰੂਪ ਵਿਚ ਇਹੋ ਪਛਾਣ ਬਣਦੀ ਹੈ। ਇਸੇ ਲਈ ਇਨ੍ਹਾਂ ਸਫ਼ਰਨਾਮਿਆਂ ਨੂੰ ਪੜ੍ਹਦਿਆਂ ਕਈ ਵਾਰ ਇਹ ਭਰਮ ਜਿਹਾ ਪੈਦਾ ਹੁੰਦਾ ਹੈ ਕਿ ਸ਼ਾਇਦ ਇਹ ਰਚਨਾਵਾਂ ਬੰਦੇ ਦੀ ਇਸ ਪਛਾਣ ਨੂੰ ਹੀ ਸਦੀਵੀ ਮੰਨਦੀਆਂ ਹਨ।

ਪਿਛਲੇ ਸਮਿਆਂ ਦੌਰਾਨ ਰਾਜਨੀਤਿਕ ਹੱਦਬੰਦੀ ਦੇ ਸਦੀਵੀ ਬਣ ਜਾਣ ਦੇ ਵਿਚਾਰ ਨੇ ਇਨ੍ਹਾਂ ਪਛਾਣਾਂ ਤੋਂ ਉੱਪਰ ਭਾਸ਼ਾ ਤੇ ਸੱਭਿਆਚਾਰ ਦੀ ਪਛਾਣ ਨੂੰ ਸ਼ਕਤੀਸ਼ਾਲੀ ਰੂਪ ਵਿਚ ਉੱਭਰ ਕੇ ਸਾਹਮਣੇ ਲਿਆਂਦਾ। ਇਸ ਪਛਾਣ ਨੇ ਆਪਣੇ ਆਪ ਨੂੰ ਪੰਜਾਬੀ ਹੋਣ ਦੀ ਜਾਂ ਪੰਜਾਬੀਅਤ ਦੇ ਨਾਮ ਨਾਲ ਪੇਸ਼ ਕੀਤਾ ਹੈ। ਇਹ ਪਛਾਣ ਦੋ ਦੇਸ਼ਾਂ ਦੀ ਹੋਂਦ ਦਾ ਆਧਾਰ ਬਣੇ ਵਿਚਾਰ 'ਧਰਮ' ਨਾਲ ਟਕਰਾ ਜਾਂਦੀ ਹੈ। ਇਸ ਦਾ ਹੱਲ ਸੰਧੂ ਨੇ ਬੌਧਿਕ ਪੱਧਰ ਉੱਤੇ ਪਾਕਿਸਤਾਨ ਨੂੰ ਸੁਤੰਤਰ ਮੁਲਕ ਮੰਨ ਲੈਣ ਵਿਚ ਪੇਸ਼ ਕੀਤਾ ਹੈ ਪਰ ਉਸ ਦੇ



ਸਫ਼ਰਨਾਮੇ ਅੰਦਰ ਪੇਸ਼ ਹੋਏ ਨਿੱਕੇ-ਨਿੱਕੇ ਵੇਰਵੇ, ਸਾਦਾ ਲੋਕਾਂ ਦੇ ਪ੍ਰਤੀਕਰਮ, ਸਰਕਾਰੀ ਪ੍ਰਚਾਰ ਦੀ ਜ਼ਹਿਰ ਦੇ ਉਤਰ ਜਾਣ ਤੋਂ ਬਾਅਦ ਸਾਹਮਣੇ ਆਉਂਦੇ ਮਾਨਵੀ ਭਾਵ ਇਸ ਬੌਧਿਕ ਤਰਕ ਨੂੰ, ਹਕੀਕਤ ਨੂੰ ਨਕਾਰਦੇ ਚਲੇ ਜਾਂਦੇ ਹਨ ਤੇ **ਵਗਦੀ ਏ ਰਾਵੀ** ਇਕ ਸੁਹਿਰਦ ਰਚਨਾ ਦੇ ਰੂਪ ਵਿਚ, ਲੇਖਕ ਵਲੋਂ ਸੁਚੇਤ ਪੱਧਰ ਉੱਤੇ ਉਪਰੋਕਤ ਬੌਧਿਕ ਤਰਕ ਨੂੰ ਉਸਾਰਨ ਦੇ ਸਾਰੇ ਯਤਨ ਅਵਚੇਤਨ ਰੂਪ ਵਿਚ ਨਾਕਾਮ ਸਿੱਧ ਕਰ ਦਿੰਦੀ ਹੈ। ਇਸ ਰਚਨਾ ਦੀ ਇਹ ਖ਼ੂਬੀ ਹੈ। ਲੇਖਕ ਸੱਚ ਦਾ ਭਾਸ਼ਾਈ ਰੂਪ ਹੁੰਦਾ ਹੈ, ਉਸ ਦਾ ਹੀ ਕਲਾਤਮਕ ਮਾਧਿਅਮ ਹੁੰਦਾ ਹੈ ਉਸ ਦਾ ਹੀ ਅਵਤਾਰ, ਪੈਗੰਬਰ ਹੁੰਦਾ ਹੈ। ਇਸ ਲਈ ਉਸ ਦੀ ਕਲਮ ਝੂਠ ਨਹੀਂ ਲਿਖਦੀ। ਉਹ ਸਿਆਹੀ ਨਾਲ ਨਹੀਂ ਚੱਲਦੀ। ਉਹ ਹੰਝੂਆਂ ਨਾਲ, ਲਹੂ ਨਾਲ ਤੁਰਦੀ ਹੈ, ਇਸੇ ਲਈ ਉਪਰੋਕਤ ਪੰਜੇ ਪਛਾਣਾਂ ਨੂੰ ਰੱਦ ਕੇ ਇਕੋ ਪਛਾਣ 'ਲਹੂ' ਦੀ ਪਛਾਣ ਨੂੰ ਇਨ੍ਹਾਂ ਸਫ਼ਰਨਾਮਿਆਂ ਅੰਦਰ ਉਸਾਰਦੀ ਹੈ। ਇਹ ਤਿੰਨੇ ਲੇਖਕ ਧਰਮ ਨੂੰ ਬਹੁਤ ਹੀ ਕਮਜ਼ੋਰ ਪਛਾਣ ਮੰਨਦੇ ਹਨ ਭਾਵੇਂ ਇਹ ਪਛਾਣ ਹਕੀਕਤ ਵਿਚ ਬਹੁਤਾ ਖ਼ਤਰਨਾਕ ਰੂਪ ਧਾਰ ਲੈਂਦੀ ਹੈ ਜਿਸ ਦਾ ਪ੍ਰਮਾਣ 1947 ਦੀ ਵੰਡ ਹੈ ਪਰ ਤ੍ਰਾਸਦਿਕ ਵਿਅੰਗ ਇਹ ਹੈ ਕਿ ਸਫ਼ਰਨਾਮੇ ਇਸ ਵੰਡ ਨੂੰ ਰੱਦਣ ਦਾ, ਨਾ ਮੰਨਣ ਦਾ, ਗਲਤ ਹੋਣ ਦਾ ਹੀ ਫਲ ਹਨ ਨਹੀਂ ਤਾਂ ਕਿਸ ਨੇ ਜਾਣਾ ਸੀ ਆਪਣਾ ਪਿਛਲਾ ਪਿੰਡ ਵੇਖਣ। ਜੁੰਮੇ ਮੋਚੀ ਨੂੰ, ਬੀਬੀ ਫਜ਼ਲਾਂ ਨੂੰ, ਭੇਰੇ ਨੂੰ, ਰਾਵਲਪਿੰਡੀ ਨੂੰ, ਲਾਇਲਪੁਰ ਨੂੰ, ਲਾਹੌਰ ਨੂੰ ਵੇਖਣ ਦੀ ਤਾਂਘ ਕਦੋਂ ਕਿਸੇ ਦੇ ਦਿਲ ਅੰਦਰ ਪੁੰਗਰਨੀ ਸੀ।

ਹੁੰਦਲ ਆਪਣੇ ਪਿਛਲੇ ਪਿੰਡ ਨੂੰ ਵੇਖਣ ਦੀ ਹਸਰਤ ਨੂੰ ਪੂਰਾ ਕਰਨ ਵਾਸਤੇ ਧਾਰਮਿਕ ਯਾਤਰਾ ਦਾ ਆਸਰਾ ਲੈਂਦਾ ਹੈ ਪਰ ਇੱਥੇ ਉਹ ਨਾਨਕ ਨੂੰ ਯਾਦ ਕਰਦਿਆਂ ਉਸ ਦੇ ਵਰਤਮਾਨ ਪੈਰੋਕਾਰਾਂ ਵਲੋਂ ਉਸ ਦੇ ਨਾਮ ਦੀ ਆੜ ਵਿਚ ਸ਼ਾਲਾਂ, ਵਰੀਆਂ, ਮੇਵਿਆਂ ਦਾ ਵਪਾਰ ਕਰਨ ਦੇ ਕੀਤੇ ਜਾਂਦੇ ਕਰਮਾਂ ਨੂੰ ਕਮੀਨਾ ਆਖ ਨਿੰਦਦਾ ਹੈ। ਇਨ੍ਹਾਂ ਲੋਕਾਂ ਨੂੰ ਵੇਖ ਉਸ ਦਾ ਮਨ ਗਿਲਾਨੀ ਨਾਲ ਭਰ ਜਾਂਦਾ ਹੈ। ਜੇ ਇਹ ਨਾਨਕ ਦੇ ਸਿੱਖ ਹਨ ਤਾਂ ਨਾਨਕ ਕਿੱਥੇ ਹੈ? ਸੰਧੂ ਨਾਨਕ ਦੇ ਉਨ੍ਹਾਂ ਬੋਲਾਂ ਨੂੰ ਚੇਤੇ ਅੰਦਰੋਂ ਉਠਾਉਂਦਾ ਹੈ ਜਦੋਂ ਉਨ੍ਹਾਂ ਨੇ ਨਾ ਹਿੰਦੂ ਤੇ ਨਾ ਹੀ ਮੁਸਲਮਾਨ ਹੋਣ ਦਾ ਐਲਾਨ ਕਰਦਿਆਂ ਉਦਾਸੀਆਂ ਸ਼ੁਰੂ ਕੀਤੀਆਂ ਸਨ। ਨਾਨਕ ਨੇ ਇਕੋ ਸੱਚ, ਇਕੋ ਪਛਾਣ ਦਿੱਤੀ ਸੀ ਕੁਲ ਮਾਨਵ ਨੂੰ, ਇਕ ਜੋਤ ਦੀ ਗੱਲ ਕੀਤੀ ਸੀ ਆਪਣੀ ਬਾਣੀ ਅੰਦਰ ਪਰ ਅੱਜ ਉਸ ਵਲੋਂ ਕਰਾਈ ਪਛਾਣ ਨੂੰ ਭੁੱਲ ਕੇ ਉਸ ਨੂੰ ਇਕ ਭੇਖ, ਇਕ ਬਾਣੇ ਤੱਕ ਸੀਮਿਤ ਕਰ ਦਿੱਤਾ ਗਿਆ ਹੈ। ਇਸ ਉੱਤੇ ਹੁੰਦਲ ਤੇ ਸੰਧੂ ਦੇ ਮਨ ਅੰਦਰ ਰੋਸ ਜਾਗਦਾ ਹੈ ਜਿਹੜਾ ਅੱਗੋਂ ਉਨ੍ਹਾਂ ਦੀਆਂ ਇਨ੍ਹਾਂ ਰਚਨਾਵਾਂ ਦਾ ਸਿਰਜਣਾ ਸ੍ਰੋਤ ਬਣਦਾ ਹੈ। ਇਸ ਕਾਰਨ ਲਾਹੌਰ ਦੇ ਬਾਜ਼ਾਰ ਵਿਚ ਜਦੋਂ ਕੋਈ ਨੌਜਵਾਨ ਸੰਧੂ ਨੂੰ ਸਿੱਖ ਸਾਹਿਬ ਆਖਦਾ ਹੈ ਤਾਂ ਦੂਜਾ ਨੌਜਵਾਨ ਉਸ ਦੇ ਬੋਲਾਂ ਨੂੰ ਦਰੁੱਸਤ ਕਰਦਾ ਹੋਇਆ ਆਖਦਾ ਹੈ 'ਸਿੱਖ ਸਾਹਿਬ ਨਹੀਂ, ਸਰਦਾਰ ਸਾਹਿਬ ਆਖ।' ਇਹ ਪ੍ਰਤੀਕਰਮ ਬਣਾਉਟੀ ਨਹੀਂ ਸਗੋਂ ਮਾਨਵ ਮਨ ਵਲੋਂ ਆਪਣੀ ਪਛਾਣ ਨੂੰ ਵਿਸ਼ਾਲ ਤੋਂ ਵਿਸ਼ਾਲਤਰ ਤੇ ਹੋਰ ਵਿਸ਼ਾਲ ਕਰਨ ਦਾ ਯਤਨ ਹਨ ਕਿਉਂਕਿ ਜੇਕਰ ਪਛਾਣ ਦਾ ਤਰਕ ਧਰਮ ਹੀ ਹੁੰਦਾ ਤਾਂ ਬੰਗਲਾਦੇਸ਼ ਦੀ ਹੋਂਦ ਦਾ ਕੋਈ ਆਧਾਰ ਹੀ ਨਾ ਹੁੰਦਾ। ਇਸ ਤਰ੍ਹਾਂ ਇਹ ਰਚਨਾਵਾਂ ਮਾਨਵ ਦੇ ਮੂਲ ਪ੍ਰਸ਼ਨ ਉਸ ਦੀ ਇਕੋ ਇਕ ਪਛਾਣ, ਮਾਨਵ ਦੇ ਇਕੋ ਜੈਵਿਕ ਇਕਾਈ

ਵਿਚੋਂ ਹੋਂਦ ਧਾਰਨ ਦੇ, ਇਕੋ ਲਹੂ ਹੋਣ ਦੇ ਭਾਵੁਕ ਤੇ ਸੁੱਚੇ ਜਜ਼ਬੇ ਦਾ ਸਾਹਿਤਕ ਰੂਪ ਹਨ।

ਸਾਡੇ ਕੋਲ ਤਾਂ ਨਾਨਕ ਹੈ ਗੁਰੂ ਨਾਨਕ, ਅਸੀਂ ਤਾਂ ਉਸ ਦਾ ਨਾਮ ਲੈਂਦੇ ਲੈਂਦੇ ਪਹੁੰਚ ਜਾਵਾਂਗੇ ਪਾਕਿਸਤਾਨ ਵਿਚ ਰਹਿ ਗਏ ਆਪਣੇ ਪਿਛਲੇ ਪਿੰਡ ਵਿਚ ਪ੍ਰਦੇਸੀਆਂ ਵਾਂਗ, ਪਰ ਤੁਸੀਂ ਕਿਵੇਂ ਆਵੋਂਗੇ ਆਪਣੇ ਪਿੰਡ ਆਪਣੇ ਦੇਸ਼ ਪਾਕਿਸਤਾਨ ਤੋਂ ਜਲੰਧਰ, ਹੁਸ਼ਿਆਰਪੁਰ, ਰੋਪੜ, ਅੰਬਾਲੇ? ਤੁਸੀਂ ਵੀ ਆਵੋਂਗੇ ਨਾਨਕ ਦੀ ਬੋਲੀ ਦੇ ਮੋਢਿਆਂ ਉੱਤੇ, ਪੰਜਾਬੀ ਦੇ ਮੋਢਿਆਂ ਉੱਤੇ ਸਵਾਰ ਹੋ ਕੇ। ਹੁੰਦਲ ਦਾ ਹੁਨਰ ਹੈ ਪ੍ਰਸ਼ਨ ਨੂੰ ਹੱਲ ਕਰਨ ਵਿਚ। ਬਾਬੇ ਨਾਨਕ ਨੇ ਬੀਜਿਆ ਹੈ ਹੁੰਦਲ ਦੇ ਦਿਲ ਅੰਦਰ ਪਿਆਰ ਦਾ, ਮੁਹੱਬਤ ਦਾ ਬੀਜ। ਹੁੰਦਲ ਨਨਕਾਣੇ ਨਾਨਕ ਦੇ ਨਾਮ ਦੇ ਸਹਾਰੇ ਪਹੁੰਚਦਾ ਹੈ ਆਪਣੇ ਪਿੰਡ ਜਾ ਅੱਪੜਿਆ। **ਮੁਹੱਬਤ ਦਾ ਸਫ਼ਰਨਾਮਾ** ਉਸ ਦੀਆਂ ਚਾਰ ਉਦਾਸੀਆਂ ਹਨ, ਜਿਵੇਂ ਨਾਨਕ ਨੇ ਪੂਰੇ ਬ੍ਰਹਿਮੰਡ ਨੂੰ 'ਇਕ' ਵਿਚੋਂ ਲੱਭਣ ਦਾ ਗੁਰਮੰਤਰ ਸਮਝਾਇਆ, ਹੁੰਦਲ ਨੇ ਵੀ ਇਨ੍ਹਾਂ ਚਾਰ ਉਦਾਸੀਆਂ ਵਿਚ ਮਾਨਵ ਦੀ ਇਕੋ ਪਛਾਣ 'ਮੁਹੱਬਤ' ਨੂੰ ਖੋਜਿਆ ਤੇ ਪਸਾਰਿਆ ਹੈ। ਹੁੰਦਲ ਕਵੀ ਹੈ ਉਸ ਦਾ ਇਹ ਸਫ਼ਰਨਾਮਾ ਮੁਹੱਬਤ ਦੀ, ਪਿਆਰ ਦੀ ਕਵਿਤਾ ਹੈ, ਉਦਾਸੀ ਹੈ। ਉਸ ਨੂੰ ਬੰਜਰ ਧਰਤੀ ਤੇ ਪਿੰਡ ਵਿਚ ਵਸਦੇ ਲੋਕਾਂ ਦੇ ਘਰਾਂ ਦੀ ਚਿੰਤਾ ਹੈ। ਸੁੱਕਦੀ ਜਾਂਦੀ ਭੋਇੰ ਦਾ ਫ਼ਿਕਰ ਹੈ। ਉਹ ਤੁਲਨਾਤਮਕ ਦ੍ਰਿਸ਼ਟੀ ਨਾਲ ਜੀਵਨ ਦੇ ਹਰ ਪੱਖ ਨੂੰ ਵੇਖਣਾ ਚਾਹੁੰਦਾ ਹੈ, ਗਲੀਆਂ ਨੂੰ, ਘਰਾਂ ਨੂੰ, ਰਾਹਾਂ ਨੂੰ, ਪੈਰਾਂ ਨੂੰ, ਜਿਨ੍ਹਾਂ ਨੂੰ ਹਾਲੇ ਵੀ ਜੁੱਤੀਆਂ ਨਸੀਬ ਨਹੀਂ ਹੋਈਆਂ। ਉਸ ਦਾ ਆਪਣੇ ਪਿਛਲੇ ਪਿੰਡ ਨਾਲ ਮੋਹ ਹੈ। ਉਹ ਉਸ ਦੀ ਸੁੱਖ ਮੰਗਦਾ ਹੈ। ਇਸੇ ਲਈ ਉਸ ਦੇ ਦਿਲ ਅੰਦਰ ਉਸ ਦੇ ਵਿਕਾਸ ਤੇ ਖੁਸ਼ਹਾਲੀ ਬਾਰੇ ਜਾਨਣ ਦੀ ਤੀਬਰ ਇੱਛਾ ਪੈਦਾ ਹੁੰਦੀ ਹੈ। ਉਸ ਨੂੰ ਦੁੱਖ ਤਾਂ ਹੁੰਦਾ ਹੈ ਕਿਉਂਕਿ ਉਸ ਦੇ ਪਿੰਡ ਨੇ ਉੱਨੀ ਤਰੱਕੀ ਨਹੀਂ ਕੀਤੀ ਜਿੰਨੀ ਉਸ ਨੇ ਚਿਤਵੀ ਸੀ। ਉਹ ਉਸ ਨੂੰ ਬਹੁਤ ਹੀ ਪਿਆਰ ਨਾਲ ਵਿਅੰਗ ਵੀ ਕਰਦਾ ਹੈ। ਉਸਦੇ ਪਿਛਲੇ ਪਿੰਡ ਦਾ ਮੌਲਵੀ ਨੇਤਰਹੀਣ ਹੈ। ਗੁਰਦੁਆਰੇ ਅੱਗੇ ਖੋਤੀ ਬੰਨ੍ਹੀ ਹੋਈ ਹੈ, ਇਸ ਖੋਤੀ ਸਮੇਤ ਖਿੱਚੀ ਫੋਟੋ ਹੀ ਉਸ ਨੂੰ ਸੰਪੂਰਨ ਲੱਗਦੀ ਹੈ। ਪੂਰਿਆ ਹੋਇਆ ਖੂਹ ਵੇਖ ਕੇ ਉਸ ਦੇ ਦਿਲ ਦਾ ਰੁੱਗ ਭਰ ਜਾਂਦਾ ਹੈ। ਘਰਾਂ ਵਿਚਾਲੇ ਭਾਈਆਂ ਵੰਡ ਹਿੱਤ ਉਸਾਰੀਆਂ ਕੰਧਾਂ ਜਿਹੜੀਆਂ ਹਿੰਦੁਸਤਾਨ ਪਾਕਿਸਤਾਨ ਦੇ ਰੂਪ ਵਿਚ ਵੰਡ ਦਾ ਤ੍ਰਾਸਦਕ ਪ੍ਰਤੀਕ ਬਣ ਸਫ਼ਰਨਾਮੇ ਵਿਚ ਪੇਸ਼ ਹੋਈਆਂ ਹਨ, ਹੁੰਦਲ ਦੀ ਗਹਿਰੀ ਤੱਕਣੀ ਦਾ ਪ੍ਰਮਾਣ ਹਨ। ਉਹ ਵੰਡਾਂ ਨਹੀਂ, ਸਾਂਝਾ ਲੱਭਦਾ ਹੈ, ਮੁਹੱਬਤ ਨੂੰ ਪਾਲਦਾ ਹੈ।

ਉਸ ਦੇ ਵਡੇਰੇ ਬੰਡਾਲਿਓਂ ਬਾਰ ਵਿਚ ਹੋਰ ਵੀ ਵੱਡੀ ਖੇਤੀ ਕਰਨ ਲਈ ਜਾ ਵੱਸੇ ਸਨ ਅਤੇ 1947 ਵਿਚ ਬਾਰ ਤੋਂ ਫੱਤੂ ਚੱਕ ਆ ਗਏ ਪਰ ਉਸ ਜਾਣ ਤੇ ਇਸ ਆਉਣ ਵਿਚ ਕਿੰਨਾ ਅੰਤਰ ਹੈ। ਇਹ ਅੰਤਰ ਹੁੰਦਲ ਦੇ ਦਿਲ ਨੂੰ ਖੋਰਦਾ ਰਹਿੰਦਾ ਹੈ। ਗੁਆਚੇ ਘਰ, ਖੋਏ ਘਰ, ਵਿਛੜੇ ਘਰ, ਨਜ਼ਰਬੰਦ ਘਰ, ਬੰਦੀ ਘਰ, ਪਿਛਲਾ ਪਿੰਡ, ਵਿਛੜਿਆ ਪਿੰਡ। ਪਿੰਡ ਨੂੰ ਮਿਲੇ ਬਿਨਾਂ ਵਾਪਸ ਪਰਤ ਰਹੇ ਸੰਧੂ ਦਾ, ਸ੍ਰੈ ਨੂੰ, ਆਪਣੇ ਅੰਦਰਲੇ ਨੂੰ ਕੀਤਾ ਪ੍ਰਸ਼ਨ "ਮੈਨੂੰ ਇਸ ਧਰਤੀ ਤੋਂ ਕਿਉਂ ਵਿਛੋੜ ਲਿਆ ਗਿਆ ਸੀ?" "ਪੁਰਾਣੇ ਆਪਣੇ ਘਰ ਵੇਖਸਾਂ", ਆਖਦਾ ਬਲਰਾਜ ਸਾਹਨੀ। ਪਿਛਲੇ ਪਿੰਡ ਨੂੰ ਦੁਬਾਰਾ ਤੱਕਣ ਲਈ ਤਰਲਾ



ਮਾਰਦਾ ਹੁੰਦਲ। ਆਪਣਾ ਘਰ ਲੱਭਦਾ, ਪਛਾਣਦਾ, ਅੱਥਰੂਆਂ ਨਾਲ ਸੰਧੂ ਦੀ ਸੁੱਕੀ ਰਾਵੀ ਨੂੰ ਭਰਦਾ ਪ੍ਰੇਮ ਸਿੰਘ। ਘਰ ਅਤੇ ਪਿੰਡ ਸ਼ਬਦ ਇਕ ਹੋ ਗਏ ਹਨ ਇਨ੍ਹਾਂ ਸਫ਼ਰਨਾਮਿਆਂ ਵਿਚ। ਇੱਥੇ ਹਰ ਘਰ ਵੰਡਿਆ ਪਿਆ ਮਿਲਦਾ ਹੈ। ਖਸਤਾ ਹਾਲਤ ਵਿਚ ਹੈ ਉਹ ਭਾਵੇਂ ਹੁੰਦਲ ਦਾ ਹੋਵੇ, ਸਾਹਨੀ ਦਾ ਹੋਵੇ ਜਾਂ **'ਵਗਦੀ ਏ ਰਾਵੀ'** ਵਾਲੇ ਪ੍ਰੇਮ ਸਿੰਘ ਦਾ ਹੋਵੇ। ਇਹ ਪ੍ਰਤੀਕ ਹਨ ਦੇਸ਼ ਵੰਡ ਦੇ ਨਤੀਜੇ ਵਜੋਂ ਪੈਦਾ ਹੋਈ ਬਦਹਾਲੀ ਦੇ। ਫੇਰ ਸਾਂਝ ਕੀ ਹੈ ਪਾਕਿਸਤਾਨ ਨਾਲ ਸਾਡੀ? ਇਨ੍ਹਾਂ ਸਫ਼ਰਨਾਮਿਆਂ ਦੇ ਧੁਰ ਅੰਦਰ ਤੱਕ ਇਹ ਪ੍ਰਸ਼ਨ ਪੁੜਿਆ ਪਿਆ ਹੈ। ਇਹ ਸਾਡਾ ਅੰਗ ਹੈ, ਕਟਿਆ ਹੋਇਆ ਅੰਗ, ਸਾਡੀਆਂ ਜੜ੍ਹਾਂ ਹਨ ਉਸ ਧਰਤੀ ਵਿਚ, ਮਿੱਟੀ ਵਿਚ। ਜੜ੍ਹਾਂ ਦੀ ਸਾਂਝ ਹੈ ਸਾਡੀ। ਪਾਕਿਸਤਾਨ ਬਾਰੇ ਲਿਖੇ ਸਫ਼ਰਨਾਮਿਆਂ ਦਾ ਇਹ ਫ਼ਰਕ ਹੈ ਪੰਜਾਬੀ ਦੇ ਦੂਜੇ ਸਫ਼ਰਨਾਮਿਆਂ ਨਾਲੋਂ।

ਬਲਰਾਜ ਸਾਹਨੀ ਨੂੰ ਹਾਲੇ ਵੀ ਕਿਸੇ ਘਰ ਦੀ ਮੰਮਟੀ ਉੱਤੇ 'ਓਮ' ਉਕਰਿਆ ਦਿਸਦਾ ਹੈ ਤੇ ਸੰਧੂ ਗੌਰਮਿੰਟ ਮਿਊਂਸੀਪਲ ਡਿਗਰੀ ਕਾਲਜ, ਲਾਇਲਪੁਰ ਦੇ ਕਮਰੇ ਉੱਤੇ ਘਸਮੈਲੀ ਸਿਲ ਪੜ੍ਹਦਾ ਹੈ ਜਿਸ ਉੱਤੇ ਉਕਰਿਆ ੧ੴ ਤੇ ਗੁਰਮੁਖੀ ਅੱਖਰਾਂ ਵਿਚ ਲਿਖੀ ਇਬਾਰਤ ਹਾਲੇ ਵੀ ਸਲਾਮਤ ਹੈ। ਮਾਨਵੀ ਮੁੱਲਾਂ ਦੇ ਨਿਸ਼ਾਨ ਲੱਭਦੇ ਇਹ ਸਫ਼ਰਨਾਮੇ ਕਿਸੇ ਡੂੰਘੀ ਉਮੀਦ ਨਾਲ ਹੌਕਾ ਭਰਦੇ ਮਹਿਸੂਸ ਹੁੰਦੇ ਹਨ। ਆਪਣਾ ਪਿਛਲਾ ਪਿੰਡ ਵੇਖਣ ਤੋਂ ਬਾਅਦ ਵਾਪਸੀ ਉੱਤੇ ਵਿਦਾ ਕਰ ਰਹੇ ਲੋਕਾਂ ਵੱਲ ਵੇਖ ਹੁੰਦਲ ਦੇ ਦਿਲ ਅੰਦਰੋਂ ਹੂਕ ਨਿਕਲਦੀ ਹੈ, "ਫਿਰ ਵੀ ਖਾਸੀ ਭੀੜ ਸੀ, ਮੇਰੇ ਪਿੰਡ ਦੇ ਨਵੇਂ ਵਸਨੀਕ, ਮੇਰੇ ਗਰਾਈਂ। ਕੀ ਮੈਂ ਇਨ੍ਹਾਂ ਨੂੰ ਫਿਰ ਕਦੀ ਮਿਲ ਸਕਾਂਗਾ? ਸ਼ਾਇਦ ਨਹੀਂ। ਘੰਟੇ ਦੋ ਘੰਟੇ ਦੀ ਅਚਨਚੇਤ ਪਾਈ ਫੇਰੀ। ਇਹ ਲੋਕ ਵੀ ਭਾਰਤ ਵਿਚ ਆਪਣੇ ਪਿਛਲੇ ਪਿੰਡਾਂ ਨੂੰ ਯਾਦ ਕਰਦੇ ਹੋਣਗੇ। ਪਰ ਉਥੇ ਜਾ ਨਹੀਂ ਸਕਦੇ।"

**ਮੇਰਾ ਪਾਕਿਸਤਾਨੀ ਸਫ਼ਰਨਾਮਾ** ਵਿਚ ਬਲਰਾਜ ਸਾਹਨੀ ਦੀ ਲਿਖਣ ਜੁਗਤ ਪਹਿਲਾਂ ਸ਼ੱਕ ਸਿਰਜਕੇ ਹੌਲੀ-ਹੌਲੀ ਉਸ ਦਾ ਨਿਵਾਰਨ ਕਰਨ ਵਾਲੀ ਹੈ। ਉਹ ਸਫ਼ਰਨਾਮੇ ਦੇ ਸ਼ੁਰੂ ਵਿਚ ਹੀ 'ਸ਼ੱਕ' ਦਾ ਵਾਤਾਵਰਨ ਸਿਰਜ ਦਿੰਦਾ ਹੈ। ਹਰ ਬੰਦਾ, ਹਰ ਪ੍ਰਸਥਿਤੀ ਉਸ ਨੂੰ ਸ਼ੱਕੀ ਲੱਗਦੀ ਹੈ। ਪਾਕਿਸਤਾਨੀ ਪੁਲਿਸ, ਪੁਰਾਣੇ ਦੋਸਤ ਵਲੋਂ ਛੁਰਾ ਮਾਰਨ ਦਾ ਸੁਪਨਾ, ਕਰੰਸੀ ਬਦਲਣ ਵਾਲਾ ਬੰਦਾ ਆਦਿ ਸਾਰੇ ਸ਼ੱਕੀ ਹਨ। ਇਹ ਉਸ ਦੀ ਜੁਗਤ ਹੈ, ਇਸ ਨਾਲ ਪਾਠਕ ਦੇ ਸੋਚ ਸੰਚਾਰ ਅੰਦਰ ਤਣਾਓ ਤੇ ਜਗਿਆਸਾ ਪੈਦਾ ਹੋ ਜਾਂਦੀ ਹੈ ਜਿਹੜੀ ਉਸ ਨੂੰ ਸਫ਼ਰਨਾਮਾ ਪੜ੍ਹਦੇ ਜਾਣ ਲਈ ਲਗਾਤਾਰ ਲਲਚਾਉਂਦੀ ਰਹਿੰਦੀ ਹੈ। ਦੂਜੀ ਜੁਗਤ ਹੈ ਸਬੰਧਤ ਥਾਵਾਂ ਨਾਲ ਜੁੜੀ ਪਹਿਲੀ ਪੁਰਾਣੀ ਯਾਦ ਦਾ ਚਿਤਰਣ। ਉਸ ਦੀ ਯਾਤਰਾ ਦਾ ਮਕਸਦ ਉਸ ਦੇ ਜੀਵਨ ਨਾਲ ਸਬੰਧਤ ਸਥਾਨਾਂ ਨੂੰ ਵੇਖਣਾ ਹੈ। ਉਹ ਭਾਵੇਂ ਭੇਰਾ ਹੋਵੇ, ਪਿੰਡੀ ਹੋਵੇ ਜਾਂ ਲਾਹੌਰ। ਉਹ ਇਨ੍ਹਾਂ ਥਾਵਾਂ ਦੇ ਪੁਰਾਣੇ ਪ੍ਰਸੰਗ ਬਿਆਨਦਾ ਹੋਇਆ ਵਰਤਮਾਨ ਸੰਦਰਭ ਚਿਤਰਦਾ ਹੈ। ਇਸ ਨਾਲ ਉਸ ਦੀ ਤੁਲਨਾਤਮਕ ਦ੍ਰਿਸ਼ਟੀ ਨਾਲ-ਨਾਲ ਤੁਰਦੀ ਹੈ। ਇਹ ਤੁਲਨਾ ਇਹ ਨਿਰਪੱਖ ਢੰਗ ਨਾਲ ਕਰਦਾ ਹੈ ਇਸੇ ਲਈ ਝੰਗ ਦੀ ਗੰਦਗੀ ਦਾ ਜ਼ਿਕਰ ਕਰਦਿਆਂ ਉਹ ਅੰਮ੍ਰਿਤਸਰ ਦੀ ਬਦਬੂ ਨੂੰ ਨਹੀਂ ਭੁੱਲਦਾ। ਉਸ ਦਾ ਜੀਵਨ ਨਜ਼ਰੀਆ ਮਾਨਵਵਾਦੀ ਪਹੁੰਚ ਦਾ ਧਾਰਨੀ ਹੈ। ਇਸੇ ਲਈ ਉਹ ਸਫਾਈ ਕਰਨ ਵਾਲੀ ਦੀ ਦਸ਼ਾ, ਮੰਗਲਾ ਡੈਮ ਦੇ ਕਾਮਿਆਂ ਦੀ ਹੜਤਾਲ, ਬੱਸਾਂ ਵਿਚ

ਫਿਰਦੇ ਭਿਖਾਰੀ, ਝੰਗ ਦੇ ਥਾਣੇ ਦੀ ਹਵਾਲਾਤ ਵਿਚ ਡੱਕੇ ਜੱਟ ਤੇ ਉਸ ਲਈ ਰੋਟੀ ਲੈ ਕੇ ਆਈ ਉਸ ਦੀ ਘਰਵਾਲੀ ਅਤੇ ਸਾਂਦਲ ਬਾਰ ਦੇ ਇਲਾਕੇ ਵਿਚ ਸੇਮ ਕਾਰਨ ਉਜੜੇ ਕਿਸਾਨਾਂ ਜੱਟਾਂ ਬਾਰੇ ਸੋਚਦਾ ਰਹਿੰਦਾ ਹੈ। ਉਸ ਦਾ ਸਮੁੱਚਾ ਸਫ਼ਰਨਾਮਾ ਪਾਕਿਸਤਾਨ ਦੀ ਹੋਂਦ ਨੂੰ ਰੱਦਣ ਦੀ ਧੁਨੀ ਦਾ ਸਾਹਿਤਕ ਪ੍ਰਗਟਾਵਾ ਹੈ ਜਿਹੜਾ ਇਸ ਨੂੰ ਇਤਿਹਾਸ ਦੀ ਦੁਰਘਟਨਾ ਮੰਨ ਕੇ ਦਰੁੱਸਤ ਕਰ ਲੈਣ ਦਾ ਸੰਦੇਸ਼ ਦਿੰਦਾ ਹੈ। ਇਸ ਦੀ ਗਲਪੀ ਰਵਾਨੀ ਵਿਚ ਸਹਿਜਤਾ ਤੇ ਠਹਿਰਾ ਹੈ ਜਿਹੜਾ ਪਾਠਕ ਨੂੰ ਸੰਵੇਦਨਸ਼ੀਲ ਬਣਾਉਂਦਾ ਹੋਇਆ ਉਸ ਦੇ ਮਨ ਅੰਦਰ ਮਾਨਵਵਾਦੀ ਮੁੱਲਾਂ ਦਾ ਸੰਚਾਰ ਕਰਦਾ ਹੈ। ਸਫ਼ਰਨਾਮਾ ਮਾਂ ਦੇ ਦਿਲ ਅੰਦਰ ਬੈਠੇ ਭੈਅ, ਖੌਫ਼ ਤੇ ਬੇਗਾਨਗੀ ਦੇ ਭਾਵ ਨਾਲ ਸ਼ੁਰੂ ਹੋ ਕੇ ਬੇਖੌਫ਼, ਅਪਣੱਤ ਤੇ ਵਿਛੋੜੇ ਦੇ ਹੰਝੂਆਂ ਨਾਲ ਮੁਕੰਮਲ ਹੁੰਦਾ ਹੈ।

ਵਰਿਆਮ ਸਿੰਘ ਸੰਧੂ ਦੇ ਸਫ਼ਰਨਾਮੇ **ਵਗਦੀ ਏ ਰਾਵੀ** ਦੀ ਸ਼ੈਲੀ ਸੁੱਤੇ ਪਏ ਇਤਹਾਸ ਨੂੰ ਜਗਾਉਣ ਵਾਲੀ ਹੈ। ਉਸ ਨੂੰ ਲਾਹੌਰ ਦੀਆਂ ਸੜਕਾਂ, ਗਵਾਲ ਮੰਡੀ, ਕਿਲ੍ਹੇ ਆਦਿ ਥਾਵਾਂ ਉੱਤੇ ਭਗਤ ਸਿੰਘ ਤੁਰਦਾ ਨਜ਼ਰ ਪੈਂਦਾ ਹੈ। ਫਾਂਸੀ ਉਪਰੰਤ ਰਾਤ ਨੂੰ ਹੀ ਇਨ੍ਹਾਂ ਸੜਕਾਂ ਰਾਹੀਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀਆਂ ਲਾਸ਼ਾਂ ਲੈ ਕੇ ਜਾ ਰਹੀ ਅੰਗਰੇਜ਼ ਪੁਲਿਸ ਦਿਖਾਈ ਦਿੰਦੀ ਹੈ? ਗੁਰਦੁਆਰਾ ਡੇਹਰਾ ਸਾਹਿਬ ਅੰਦਰ ਗੁਰੂ ਅਰਜਨ ਦੇਵ ਬਾਣੀ ਗਾਉਂਦੇ ਨਜ਼ਰੀ ਪੈਂਦੇ ਹਨ। ਨਨਕਾਣਾ ਸਾਹਿਬ ਦੀ ਧਰਤੀ ਉੱਤੇ ਗੁਰੂ ਨਾਨਕ ਦੇਵ ਮੱਝਾਂ ਚਾਰਦੇ, ਮਰਦਾਨੇ ਨਾਲ ਖੇਡਦੇ ਮਹਿਸੂਸ ਹੁੰਦੇ ਹਨ। ਕਸੂਰ ਵਿਚ ਬੁੱਲ੍ਹੇ ਸ਼ਾਹ ਗਾਉਂਦਾ ਸੁਣਦਾ ਹੈ। ਮੀਆਂ ਮੀਰ ਬਾਦਸ਼ਾਹ ਵੱਲ ਪਿਠ ਤੇ ਲੋਕਾਂ ਵੱਲ ਮੂੰਹ ਕਰੀ ਖੜਾ ਦਿਖਾਈ ਦਿੰਦਾ ਹੈ। ਜਹਾਂਗੀਰ ਪਰਜਾ ਦੇ ਦਰਸ਼ਨਾਂ ਲਈ ਤਰਸਦਾ ਆਪਣੀ ਕਬਰ ਅੰਦਰ ਪਛਤਾਵੇ ਦੀ ਅੱਗ ਵਿਚ ਭੁੰਨਦਾ ਤੜਪਦਾ ਪੁਕਾਰਦਾ ਸੁਣਦਾ ਹੈ। ਲਾਹੌਰ ਦੇ ਕਿਲ੍ਹੇ ਅੰਦਰ ਭਾਰਤ ਦੇ ਮੁਗਲ ਬਾਦਸ਼ਾਹ ਤੁਰੇ-ਫਿਰਦੇ ਨਜ਼ਰੀਂ ਪੈਂਦੇ ਹਨ। ਭਾਈ ਬਿਧੀ ਚੰਦ ਗੁਰੂ ਲਈ ਘੋੜੇ ਚਰਾਉਣ ਦੀਆਂ ਵਿਧੀਆਂ ਬਣਾ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ, ਖੜਕ ਸਿੰਘ, ਡੋਗਰੇ, ਮਹਾਰਾਣੀ ਜਿੰਦਾ, ਅੰਗਰੇਜ਼, ਗ਼ਦਰੀ ਬਾਬੇ, ਭਗਤ ਸਿੰਘ ਸਮੇਤ ਸਾਰਾ ਇਤਿਹਾਸ ਡੂੰਘੀ ਨੀਂਦ ਵਿਚੋਂ ਜਾਗ ਕੇ ਉੱਠ ਤੁਰਦਾ ਹੈ। ਇਤਿਹਾਸ ਨੂੰ ਜਗਾ ਕੇ ਨਾਲ ਤੋਰਨ ਦੀ ਜੁਗਤ ਸੰਧੂ ਦੇ ਇਸ ਸਫ਼ਰਨਾਮੇ ਦੀ ਪਛਾਣ ਹੈ। ਉਸ ਇਸ ਜੁਗਤ ਅਧੀਨ ਕੁਲਵੰਤ ਸਿੰਘ ਵਿਰਕ ਤੇ ਸੋਹਣ ਸਿੰਘ ਸੀਤਲ ਦੇ ਪਾਤਰਾਂ ਨੂੰ ਇਸ ਧਰਤੀ ਉੱਤੇ ਸਾਖ਼ਸ਼ਾਤ ਰੂਪ ਵਿਚ ਤੁਰਦੇ ਫਿਰਦੇ ਮਹਿਸੂਸ ਕਰਨ ਲਾ ਦਿੰਦਾ ਹੈ। ਕਵੀ ਦਾਮਨ, ਮਸਊਦ ਖੱਦਰ ਪੋਸ਼, ਸ਼ਾਇਰ ਹਬੀਬ ਜਾਲਿਬ ਦੀ ਸ਼ਾਇਰੀ ਕੰਨਾਂ ਅੰਦਰ ਗੂੰਜਣ ਲੱਗਦੀ ਹੈ। ਇਸ ਜੁਗਤ ਦਾ ਹੀ ਪ੍ਰਤਾਪ ਹੈ ਕਿ ਰਾਵੀ ਦੇ ਪੁਲ ਉੱਤੇ ਖੁਦਕਸ਼ੀ ਕਰਨ ਲਈ ਲਟਕ ਰਿਹਾ ਦੇਵਿੰਦਰ ਸਤਿਆਰਥੀ ਕਾਲ ਦੀ ਸੀਮਾ ਉਲੰਘ ਕੇ ਸੰਧੂ ਦੇ ਸਾਹਮਣੇ ਆ ਖੜ੍ਹਾ ਹੋ ਜਾਂਦਾ ਹੈ ਤੇ ਹੁੱਕਾ ਪੀਂਦੇ-ਪੀਂਦੇ ਉਸ ਨੂੰ ਮੱਤਾਂ ਦਿੰਦੇ ਡਾ. ਇਕਬਾਲ ਇਤਿਹਾਸ ਦੇ ਨਹੀਂ ਵਰਤਮਾਨ ਦੇ ਪ੍ਰਾਣੀ ਜਾਪਦੇ ਹਨ। ਇਸੇ ਲਈ ਸੁੱਕੀ ਰਾਵੀ ਪਾਠਕ ਨੂੰ ਸੁੱਕੀ ਨਜ਼ਰ ਨਹੀਂ ਆਉਂਦੀ। ਉਸ ਵਿਚ ਤੈਰ ਰਹੇ ਦੋ ਪੀਲੇਂ ਫੁੱਲਾਂ ਦਾ ਅਹਿਸਾਸ ਪਾਠਕ ਦੇ ਮਨ ਅੰਦਰ ਝੁਣਝੁਣੀ ਜਿਹੀ ਪੈਦਾ ਕਰਦਾ ਰਹਿੰਦਾ ਹੈ ਤੇ ਮੁਹੱਬਤ ਅੱਥਰੂ ਬਣ ਰਾਵੀ ਨੂੰ ਪਿਆਰ ਦੇ ਪਾਣੀ ਨਾਲ ਕੰਢਿਆਂ ਤੱਕ ਭਰ ਵਗਣ ਲਾ ਦਿੰਦੀ ਹੈ। ਸੰਧੂ ਦੀ ਕਲਾ ਦਾਇਹ ਕਮਾਲ



ਹੈ।

ਮੁਹੱਬਤ ਦੀ ਵਗ ਰਹੀ ਇਸ ਰਾਵੀ ਅੰਦਰ ਆਨੰਦਤ ਹੋ ਰਹੇ ਦਿਲਾਂ ਵਿਚ ਇਕ ਦਿਲ ਸੁਲੇਖਾ ਦਾ ਵੀ ਹੈ। ਸੁਲੇਖਾ, ਰਘਵੀਰ ਸਿੰਘ ਸਿਰਜਣਾ ਦੀ ਪਤਨੀ। ਇਹ ਦੋਵੇਂ ਸੰਧੂ ਦੇ ਹਮਸਫ਼ਰ ਸਨ। ਕਸੂਰ ਵਿਖੇ ਬੁੱਲ੍ਹੇ ਸ਼ਾਹ ਦੀ ਦਰਗਾਰ ਵਿਚ ਔਰਤ ਦਾ ਦਾਖ਼ਲਾ ਮਨ੍ਹਾ ਹੋਣ ਕਰਕੇ ਸੁਲੇਖਾ ਨੂੰ ਬਾਹਰ ਹੀ ਠਹਿਰਨਾ ਪਿਆ ਸੀ। ਬੁੱਲ੍ਹਾ ਤਾਂ ਖ਼ੁਦ ਔਰਤ ਸੀ। ਉਸ ਨੇ ਆਪਣੇ ਸਾਰੇ ਕਲਾਮ ਵਿਚ ਆਪਣੇ ਆਪ ਨੂੰ ਔਰਤ ਕਬੂਲਦਿਆਂ ਅੱਲ੍ਹਾ ਨਾਲ ਇਸ਼ਕ ਦੇ ਗੀਤ ਗਾਏ ਹਨ। ਉਸ ਦੇ ਕਲਾਮ ਦਾ ਸੰਬੋਧਨ ਪੁਲਿੰਗਵਾਚੀ ਨਹੀਂ ਸਗੋਂ ਇਸਤਰੀ ਲਿੰਗਵਾਚੀ ਹੈ। ਇਸ ਦਾ ਅਰਥ ਹੈ ਕਿ ਇਸ਼ਕ ਔਰਤ ਦੀ ਕਰਦੀ ਹੈ। ਅੱਲ੍ਹਾ ਦਾ ਦਿਲ ਵੀ ਮਰਦ ਦਾ ਦਿਲ ਹੈ। ਇਸ ਨੂੰ ਇਸ਼ਕ ਦੇ ਰੰਗ ਵਿਚ ਰੰਗਣ ਦਾ ਚੱਜ ਤੇ ਇਸ ਅੰਦਰ ਪਸੀਜੇ ਜਾਣ ਦਾ ਭਾਵ ਕਿਵੇਂ ਪੈਦਾ ਕਰਨਾ ਹੈ ਇਹ ਵੱਲ ਔਰਤ ਕੋਲ ਹੈ। ਅੱਲ੍ਹਾ, ਅਕਾਲਪੁਰਖ, ਰੱਬ, ਗੌਡ ਸਾਰੇ ਸੰਬੋਧਨ ਪੁਲਿੰਗਵਾਚੀ ਹਨ। ਬੁੱਲ੍ਹਾ ਆਪਣੀ ਦਰਗਾਹ ਉੱਤੇ ਇਹ ਲਿਖੇ ਜਾਣਾ ਕਿਵੇਂ ਬਰਦਾਸ਼ਤ ਕਰ ਸਕਦਾ ਹੈ। ਔਰਤ ਬਣ ਕੇ, ਕੰਜਰੀ ਬਣ ਕੇ ਜਾਂ ਉਸ ਨੇ ਆਪਣਾ ਸ਼ਹੁ ਹਾਸਲ ਕਰਿਆ ਸੀ। ਬੁੱਲ੍ਹੇ ਸ਼ਾਹ ਦੀ ਦਰਗਾਹ ਦੇ ਬਾਹਰ ਖੜ੍ਹੀ ਸੁਲੇਖਾ ਦੇ ਦਿਲ ਉੱਤੇ ਕੀ ਗੁਜ਼ਰੀ ਹੋਵੇਗੀ? ਉਹ ਇਕ ਸੰਵੇਦਨਸ਼ੀਲ ਮਨ ਦੀ ਮਲਕਾ ਹੈ। ਇਸੇ ਤਰ੍ਹਾਂ ਦੇ ਦਿਲ ਦੀ ਮਾਲਕ ਖਾਵਰ ਰਾਜਾ ਹੈ, ਜਿਹੜੀ ਪੰਜਾਬਣ ਹੈ, ਉਸ ਵੀ ਔਰਤ ਹੋਣ ਕਾਰਨ ਮੀਆਂ ਮੀਰ ਦੇ ਮਜ਼ਾਰ ਅੰਦਰ ਜਾਣ ਦਾ ਹੁਕਮ ਨਹੀਂ ਹੈ। ਉਹ ਵੀ ਮਜ਼ਾਰ ਦੇ ਗੇਟ ਉੱਤੇ ਹੀ ਸੀਸ ਨਿਵਾਉਂਦੀ ਹੈ। ਕੀ ਮੀਆਂ ਮੀਰ ਨੇ ਵੀ ਬੰਦਿਆਂ ਵਿਚਕਾਰ ਔਰਤ ਤੇ ਮਰਦ ਹੋਣ ਦੀ ਲਕੀਰ ਖਿੱਚੀ ਹੋਵੇਗੀ? ਇਨ੍ਹਾਂ ਮਹਾਨ ਫ਼ਕੀਰਾਂ ਦੀਆਂ ਦਰਗਾਹਾਂ ਨੂੰ ਬਾਹਰੋਂ ਹੀ ਸਲਾਮ ਕਰਨ ਦੀ ਮਜਬੂਰੀ ਵੇਲੇ ਸੁਲੇਖਾ ਤੇ ਖਾਵਰ ਰਾਜਾ ਦੀਆਂ ਅੱਖਾਂ ਅੰਦਰ ਵਗਣ ਵਾਲੀ ਮੁਹੱਬਤ ਦੀ, ਦਰਦ ਦੀ ਰਾਵੀ ਦੀ ਦਾਸਤਾਨ ਸ਼ਾਇਦ ਸੰਧੂ ਨੇ ਹਾਲੇ ਲਿਖਣੀ ਹੈ।

ਹਰਭਜਨ ਸਿੰਘ ਹੁੰਦਲ ਦਾ **ਮੁਹੱਬਤ ਦਾ ਸਫ਼ਰਨਾਮਾ** ਨਵੰਬਰ 1968 ਤੋਂ ਲੈ ਕੇ ਜੂਨ 2004 ਤੱਕ ਦੇ ਪਾਕਿਸਤਾਨੀ ਪੰਜਾਬ ਦੇ ਸਾਹਿਤਕ ਤੇ ਸੱਭਿਆਚਾਰਕ ਇਤਿਹਾਸ ਦੀ ਦਸਤਾਵੇਜ਼ ਹੈ। ਇਹ ਸਫ਼ਰਨਾਮਾ ਗੁਰੂ ਨਾਨਕ ਦੇਵ ਦੇ ਜਨਮ ਦਿਨ ਸਬੰਧੀ ਮਨਾਏ ਜਾਂਦੇ ਗੁਰਪੁਰਬ ਨਾਲ ਸ਼ੁਰੂ ਹੋ ਕੇ ਪੰਜਾਬੀ ਸਾਹਿਤ ਤੇ ਪੰਜਾਬੀਅਤ ਦੀ ਪਛਾਣ ਬਣੇ ਗੁਰੂ ਗ੍ਰੰਥ ਦੇ ਨਿਰਮਾਣਕਰਤਾ ਗੁਰੂ ਅਰਜਨ ਦੇਵ ਦੇ ਸ਼ਹੀਦੀ ਗੁਰਪੁਰਬ ਨਾਲ ਮੁਕੰਮਲ ਹੁੰਦਾ ਹੈ। ਗੁਰੂ ਦਾ ਜਨਮ ਤੇ ਗੁਰੂ ਦੀ ਸ਼ਹੀਦੀ, ਪੂਰਾ ਜੀਵਨ ਚੱਕਰ ਉਸ ਦੇ ਸਫ਼ਰਨਾਮੇ ਨੂੰ ਪ੍ਰਤੀਕਆਤਮਕ ਅਰਥ ਬਖਸ਼ਦਾ ਹੈ। ਉਹ ਚਾਰ ਵਾਰ ਪਾਕਿਸਤਾਨ ਦੇ ਸਫ਼ਰ ਉੱਤੇ ਗਿਆ ਅਤੇ ਚਾਰੇ ਵਾਰ ਉਸ ਨੇ ਗੁਰਦੁਆਰਿਆਂ ਦੇ ਦਰਸ਼ਨਾਂ ਦੇ ਨਾਲ-ਨਾਲ ਪੰਜਾਬੀ ਲੇਖਕਾਂ ਦੇ ਦਿਲਾਂ ਨਾਲ ਗੋਸ਼ਟਾਂ ਰਚਾਈਆਂ, ਜਿਨ੍ਹਾਂ ਦਾ ਵਿਸ਼ਾ ਸਾਹਿਤ, ਭਾਸ਼ਾ, ਸੱਭਿਆਚਾਰ, ਰਾਜਨੀਤੀ ਤੇ ਵਿਕਾਸ ਹੁੰਦਾ ਸੀ। ਇਹ ਸਫ਼ਰਨਾਮਾ ਉਸ ਦੀਆਂ ਚਾਰ ਸਾਹਿਤ-ਉਦਾਸੀਆਂ ਹਨ ਜਿਸ ਦੇ ਪਿਛੋਕੜ ਵਿਚ ਉਸ ਦਾ ਪਿਛਲਾ ਪਿੰਡ ਸਾਂਝ ਦਾ, ਮੁਹੱਬਤ ਦਾ ਸੂਤਰ ਬਣ ਕੇ ਉਸ ਦਾ ਪੁਕਾਰਦਾ ਨਜ਼ਰੀਂ ਪੈਂਦਾ ਹੈ ਅਤੇ ਨਨਕਾਣੇ ਦੇ ਸਾਕੇ ਵੇਲੇ ਨਨਕਾਣੇ ਦੇ ਜੰਡ ਹੇਠਾਂ ਖੜ੍ਹਾ ਉਸ ਦਾ ਤਾਇਆ ਸ਼ਹੀਦੀ ਦਾ ਜਾਮ ਪੀ ਰਿਹਾ

ਮਹਿਸੂਸ ਹੁੰਦਾ ਹੈ।

ਇਨ੍ਹਾਂ ਉਦਾਸੀਆਂ ਦੌਰਾਨ ਹੁੰਦਲ ਦੀ ਪ੍ਰਥਮ ਚਿੰਤਾ ਕਿਤਾਬ ਤੇ ਅਦਬੀ ਦੋਸਤ ਰਹੇ ਹਨ। ਉਹ ਇਧਰੋਂ ਕਿਤਾਬਾਂ ਲੈ ਕੇ ਗਿਆ ਤੇ ਉਧਰੋਂ ਵੀ ਕਿਤਾਬਾਂ ਹੀ ਲੈ ਕੇ ਵਾਪਸ ਪਰਤਿਆ। ਕਿਤਾਬ ਮੁਹੱਬਤ ਦੇ ਪ੍ਰਤੀਕ ਵਜੋਂ ਉਸ ਦੇ ਸਫ਼ਰਨਾਮੇ ਦੀ ਪਛਾਣ ਬਣ ਗਈ ਹੈ। ਉਹ ਆਪਣੇ ਪਿਛਲੇ ਪਿੰਡ ਨਾਲ ਸਾਂਝ ਦੀ ਨਿਸ਼ਾਨੀ ਜਾਗਦੀ ਰੱਖਣ ਲਈ ਵੀ ਕਿਤਾਬ ਨੂੰ ਹੀ ਕਾਰਗਾਰ ਸਾਧਨ ਸਮਝਦਾ ਹੈ। ਇਸੇ ਲਈ ਆਪਣੇ ਪਿੰਡ ਨਾਲ ਪੈਂਦੇ ਹਾਈ ਸਕੂਲ ਦੀ ਲਾਇਬ੍ਰੇਰੀ ਲਈ ਵੀ ਉਹ ਕਿਤਾਬਾਂ ਹੀ ਦੇ ਕੇ ਆਉਂਦਾ ਹੈ। ਪੰਜਾਬੀ ਭਾਸ਼ਾ ਦੀ ਕਿਤਾਬ ਸਾਂਝ ਦਾ ਸਭ ਤੋਂ ਵੱਡਾ ਮਾਧਿਅਮ ਬਣ ਕੇ ਪਾਕਿਸਤਾਨ ਤੇ ਹਿੰਦੁਸਤਾਨ ਨੂੰ ਆਪਸ ਵਿਚ ਜੁੜੇ ਰਹਿਣ ਦਾ ਆਧਾਰ ਬਣੀ ਹੈ। ਵਿਸ਼ਵ ਪੰਜਾਬੀ ਕਾਨਫਰੰਸਾਂ ਇਸ ਤੱਥ ਦਾ ਹੀ ਪ੍ਰਮਾਣ ਹਨ। ਇਹ ਹੈ ਹੁੰਦਲ ਦੇ ਸਫ਼ਰਨਾਮੇ ਦੀ ਸਾਰਥਕਤਾ।

ਉਸ ਨੇ ਇਸ ਸਫ਼ਰਨਾਮੇ ਅੰਦਰ ਪਿਛਲੇ ਛੱਤੀ ਸਾਲਾਂ ਦੌਰਾਨ ਪਾਕਿਸਤਾਨ ਵਿਚ ਹੋਏ ਪੰਜਾਬੀ ਸਾਹਿਤ ਦੇ ਵਿਕਾਸ ਤੇ ਇਤਿਹਾਸ ਨੂੰ ਸਾਂਭ ਦਿੱਤਾ ਹੈ। ਇਸ ਦੀ ਖ਼ੂਬੀ ਇਹ ਵੀ ਹੈ ਕਿ ਇਹ ਦੋਹਾਂ ਪੰਜਾਬਾਂ ਅੰਦਰ ਸਾਹਿਤਕ ਸਾਂਝ ਹੀ ਨਹੀਂ ਉਸਾਰਦਾ ਸਗੋਂ ਦੋਹਾਂ ਮੁਲਕਾਂ ਦੇ ਸਾਹਿਤ ਜਗਤਾਂ ਨੂੰ ਆਪਸ ਵਿਚ ਘੁਲਮਿਲ ਜਾਣ ਲਈ ਵੀ ਪ੍ਰੇਰਦਾ ਹੈ। ਇਹ ਸਫ਼ਰਨਾਮਾ ਦੋਹਾਂ ਪੰਜਾਬਾਂ ਦਰਮਿਆਨ ਉਸਰਿਆ ਸਾਹਿਤਕ ਪੁਲ ਹੈ ਜਿਹੜਾ ਮੁਹੱਬਤ ਦੀ ਕਿਤਾਬ ਆਸਰੇ ਖੜ੍ਹਾ ਹੈ।

ਬਲਰਾਜ ਸਾਹਨੀ, ਵਰਿਆਮ ਸਿੰਘ ਸੰਧੂ ਤੇ ਹਰਭਜਨ ਸਿੰਘ ਹੁੰਦਲ, ਇਨ੍ਹਾਂ ਤਿੰਨਾਂ ਬੰਦਿਆਂ ਦੇ ਸਫ਼ਰਨਾਮਿਆਂ ਨੂੰ ਸੰਪੂਰਨਤਾ ਬਖ਼ਸ਼ਣ ਵਾਲਾ ਚੌਥਾ ਬੰਦਾ ਅਦਿੱਖ ਰੂਪ ਵਿਚ ਆਪਣਾ ਯੋਗਦਾਨ ਪਾ ਰਿਹਾ ਹੈ, ਜਿਸ ਦੀ ਹੋਂਦ ਦਾ ਪੀੜੋਪੀੜ ਹੋਇਆ ਮਿੱਠਾ-ਮਿੱਠਾ ਅਹਿਸਾਸ ਇਨ੍ਹਾਂ ਸਫ਼ਰਨਾਮਿਆਂ ਨੂੰ ਸਿੰਜਦਾ ਰਹਿੰਦਾ ਹੈ, ਉਹ ਹੈ ਅਹਿਮਦ ਰਾਹੀ, ਅੰਮ੍ਰਿਤਸਰ ਦਾ ਅਹਿਮਦ ਰਾਹੀਂ ਜਿਸ ਨੇ ਦੇਸ਼ ਵੰਡ ਤੋਂ ਕੁਝ ਸਾਲਾਂ ਬਾਅਦ ਅੰਮ੍ਰਿਤਸਰ ਵਿਚਲੇ ਆਪਣੇ ਪਿਛਲੇ ਘਰ ਨੂੰ ਵੇਖਣ ਲਈ ਮਾਰੀ ਫੇਰੀ ਉਪਰੰਤ ਉਥੇ ਹੋਏ ਮੁਸ਼ਾਇਰੇ ਵਿਚ ਇਹ ਕਵਿਤਾ ਪੜ੍ਹੀ ਸੀ -

ਦੇਸ ਵਾਲਿਓ ਆਪਣੇ ਦੇਸ ਅੰਦਰ
ਅਸੀਂ ਆਏ ਹਾਂ ਵਾਂਗ ਪ੍ਰਦੇਸੀਆ ਦੇ
ਘਰਾਂ ਵਾਲਿਓ ਆਪਣੇ ਘਰਾਂ ਅੰਦਰ
ਅਸੀਂ ਆਏ ਹਾਂ ਵਾਂਗ ਪ੍ਰਾਹੁਣਿਆਂ ਦੇ।

ਜਿਹੜਾ ਬਲਰਾਜ ਸਾਹਨੀ ਦੀ ਪਾਕਿਸਤਾਨੀ ਫੇਰੀ ਦੇ ਆਖਰੀ ਦਿਨ ਉਸ ਨੂੰ ਮਿਲਣ ਤੋਂ ਬਾਅਦ ਸਾਰੀ ਰਾਤ ਸੌਂ ਨਹੀਂ ਸੀ ਸਕਿਆ ਤੇ ਜਿਸ ਨੇ ਆਪਣੇ ਇਸ ਦਰਦ ਨੂੰ ਇਕ ਕਵਿਤਾ ਦਾ ਰੂਪ ਦਿੱਤਾ ਤੇ ਫੇਰ ਰਾਤ ਦੇ ਬਾਰਾਂ ਵਜੇ ਬਲਰਾਜ ਸਾਹਨੀ ਦੇ ਪਤੇ ਉੱਤੇ ਇਸ ਨੂੰ ਪੋਸਟ ਕਰਨ ਵਾਸਤੇ ਲਾਹੌਰ ਦੀਆਂ ਸੜਕਾਂ ਉੱਤੇ ਅੱਥਰੂ ਕੇਰਦਾ ਝੱਲਿਆਂ ਵਾਂਗ ਘੁੰਮਦਾ ਰਿਹਾ। ਉਸ ਦੀਆਂ ਇਹ ਕਵਿਤਾਵਾਂ ਵੀ ਇਕ ਪੂਰਾ ਸਫ਼ਰਨਾਮਾ ਹਨ ਜਿਸ ਨੂੰ ਇੱਕ ਪੰਜਾਬੀ ਨੇ ਹਿੰਦੁਸਤਾਨ ਵਿਚ ਰਹਿ ਗਏ ਆਪਣੇ ਘਰ ਤੇ ਸ਼ਹਿਰ ਨੂੰ ਵੇਖ ਕੇ ਲਿਖਿਆ ਸੀ।



ਬਲਰਾਜ ਸਾਹਨੀ ਨੇ 1962 (9 ਅਕਤੂਬਰ ਤੋਂ 26 ਅਕਤੂਬਰ 1962) ਵਿਚ ਪਾਕਿਸਤਾਨ ਦੀ ਯਾਤਰਾ ਕੀਤੀ ਸੀ। ਵਰਿਆਮ ਸਿੰਘ ਸੰਧੂ 2001 (12 ਤੋਂ 19 ਅਪ੍ਰੈਲ 2001) ਵਿਚ ਪਾਕਿਸਤਾਨ ਗਿਆ ਸੀ। ਹਰਭਜਨ ਸਿੰਘ ਹੁੰਦਲ 1968 ਤੋਂ 2004 ਦੌਰਾਨ (ਨਵੰਬਰ 1968, ਮਈ 1969, ਅਪ੍ਰੈਲ 1995 ਅਤੇ ਜੂਨ 2004) ਚਾਰ ਵਾਰ ਪਾਕਿਸਤਾਨ ਗਿਆ। ਇਸ ਤਰ੍ਹਾਂ ਇਹ ਤਿੰਨੇ ਸਫ਼ਰਨਾਮੇ 1962 ਤੋਂ 2004 ਤੱਕ ਦੇ ਪਾਕਿਸਤਾਨੀ ਪੰਜਾਬ ਦੇ ਹਰ ਪੱਖ ਨੂੰ ਆਪਣੇ ਅੰਦਰ ਸੰਭਾਲੀ ਬੈਠੇ ਹਨ। ਇਨ੍ਹਾਂ ਦੀ ਸਾਹਿਤਕ ਅਹਿਮੀਅਤ ਤਾਂ ਹੈ ਹੀ ਪਰ ਇਨ੍ਹਾਂ ਦਾ ਇਤਿਹਾਸਕ ਮੁੱਲ ਵੀ ਹੈ।

ਪਾਕਿਸਤਾਨ ਨਾਲ ਸਾਡੀ ਸਾਂਝ ਹੈ। ਉਹ ਸਾਡਾ ਸ਼ਰੀਕ ਹੈ. ਸਾਡਾ ਆਪਣਾ ਕੱਟਿਆ ਹੋਇਆ ਅੰਗ ਹੈ। ਉਹ ਸਾਡੀ ਸੁਤੰਤਰਤਾ ਸੰਗਰਾਮ ਦੀ ਕੌਮੀ ਰਾਜਨੀਤਿਕ ਲੀਡਰਸ਼ਿਪ ਦੇ ਆਪਣੇ ਛੋਟੇ ਸ਼੍ਰੇਣੀ ਤੇ ਫਿਰਕੂ ਹਿੱਤਾਂ ਤੋਂ ਉੱਪਰ ਉਠ ਕੇ ਨਾ ਸੋਚ ਸਕਣ ਦੀ ਅਯੋਗਤਾ ਅਤੇ ਸਾਮਰਾਜੀ ਸਿਆਸਤ ਨੂੰ ਨਾ ਸਮਝ ਸਕਣ ਦੀ ਅਸਮਰੱਥਾ ਦਾ ਦੁਖਾਂਤ ਹੈ। ਦੋਹਾਂ ਦੇਸ਼ਾਂ ਦੀ ਆਪਸੀ ਸਾਂਝ ਦੇ ਸੰਦਰਭ ਵਿਚ ਇਹ ਦੇਸ਼ ਦੋ ਵੱਡੇ ਮਾਨਵੀ ਚਿੜੀਆ ਘਰ ਹਨ ਜਿੱਥੋਂ ਹਰ ਪੰਛੀ ਉੱਡ ਜਾਣ ਲਈ ਛਟਪਟਾ ਰਿਹਾ ਹੈ। ਇਹ ਸਫ਼ਰਨਾਮੇ ਦੋਹਾਂ ਦੇਸ਼ਾਂ ਦੀ ਰਾਜਨੀਤਿਕ ਲੀਡਰਸ਼ਿਪ ਉੱਤੇ ਕੀਤੇ ਗਏ ਸਾਹਿਤਕ ਵਿਅੰਗ ਵੀ ਹਨ ਅਤੇ ਉਸ ਦੀ ਅਸਫਲਤਾ ਕਾਰਨ ਦੋਹਾਂ ਦੇਸ਼ਾਂ ਦੇ ਲੋਕਾਂ ਵਲੋਂ ਭੋਗੇ ਜਾ ਰਹੇ ਦੁਖਾਂਤ ਦੇ ਜਿਉਂਦੇ ਜਾਗਦੇ ਦਸਤਾਵੇਜ਼ ਵੀ ਹਨ। ਇਹ ਦੋਹਾਂ ਦੇਸ਼ਾਂ ਦੀ ਰਾਜਨੀਤੀ ਵਲੋਂ ਲੋਕਾਂ ਨੂੰ ਪੜ੍ਹਾਈ ਜਾ ਰਹੇ 'ਦੋਸਤੀ' ਦੇ ਸਿਲੇਬਸ ਵਿਚ 'ਮੁਹੱਬਤ ਦਾ ਪਾਠ' ਨਾਮ ਦੀ ਪੁਸਤਕ ਨਾ ਸ਼ਾਮਲ ਕੀਤੇ ਜਾਣ ਵਿਰੁੱਧ ਡਾਇਸੈਂਟ (ਵੱਖਰੀ ਰਾਇ) ਵੀ ਹਨ।

ਇਹ ਸਫ਼ਰਨਾਮੇ ਆਪਣੇ ਮੰਤਵ, ਉਦੇਸ਼, ਸਫ਼ਰ ਸਥਾਨ ਤੇ ਲੇਖਕ ਦੇ ਪੱਖ ਤੋਂ ਦੂਜੇ ਪੰਜਾਬੀ ਸਫ਼ਰਨਾਮਾ ਸਾਹਿਤ ਤੋਂ ਵੱਖਰੀ ਸਾਹਿਤਕ ਟੈਕਸਟ ਰਚਦੇ ਹਨ। ਇਸ ਲਈ ਇਨ੍ਹਾਂ ਦੀ ਆਪਣੀ ਵੱਖਰੀ ਹੋਂਦ, ਪਛਾਣ ਤੇ ਸਾਰਥਕਤਾ ਹੈ। ਇਨ੍ਹਾਂ ਦੇ ਅਧਿਐਨ ਵਾਸਤੇ ਪੰਜਾਬੀ ਆਲੋਚਨਾ ਨੂੰ ਆਪਣੇ ਹਿਰਦੇ ਅੰਦਰ ਨਵੀਂ ਸਾਹਿਤਕ ਸੂਝ, ਸਮਝ ਤੇ ਸਿਆਣਪ ਦਾ ਪ੍ਰਵੇਸ਼ ਕਰਵਾਉਣਾ ਪਵੇਗਾ। •

**(ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ)**

## ਪਾਕਿਸਤਾਨੀ ਪੰਜਾਬੀ ਕਵਿਤਾ ਵਿਸ਼ੇਸ਼ ਅੰਕ

ਪਾਕਿਸਤਾਨੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ ਤੋਂ ਬਾਅਦ ਜਨਵਰੀ-ਮਾਰਚ 2007 ਵਿਚ ਚਿਰਾਗ਼ ਤਿਮਾਹੀ ਦਾ ਪਾਕਿਸਤਾਨੀ ਪੰਜਾਬੀ ਕਵਿਤਾ ਵਿਸ਼ੇਸ਼ ਅੰਕ ਕੱਢਿਆ ਜਾਵੇਗਾ। ਅਸੀਂ ਪਾਕਿਸਤਾਨ ਦੇ ਕਵੀ ਮਿੱਤਰਾਂ ਨੂੰ ਆਪਣੀਆਂ ਸੱਜਰੀਆਂ ਤੇ ਚੋਣਵੀਆਂ ਰਚਨਾਵਾਂ ਭੇਜਣ ਲਈ ਬੇਨਤੀ ਕਰਦੇ ਹਾਂ।

**- ਸੰਪਾਦਕੀ ਮੰਡਲ**

**ਪ੍ਰਫੁਲ ਕੁਮਾਰ ਪਰਵੇਜ਼**

1.

ਹਮਾਰੇ ਨਾਮ ਪੇ ਅਕਸਰ ਯੇ ਹਰਫ਼ ਆਤਾ ਹੈ।
ਹਵਾ ਇਧਰ ਕੀ ਚਲੇ ਤੋ ਉਪਰ ਕੋ ਜਾਤਾ ਹੈ।

ਉਸ ਆਦਮੀ ਕੇ ਲੀਏ ਚੰਦ ਅਸ਼ਕ ਰੱਖ ਲੇਨਾ
ਬਹੁਤ ਉਦਾਸ ਅਗਰ ਹੋ ਤੋ ਖਿਲਖਿਲਾਤਾ ਹੈ।

ਜ਼ਰਾ ਤੋਂ ਉਸਕੀ ਵਫਾਓਂ ਕਾ ਇਹਤਰਾਮ ਕਰ
ਕੋਈ ਅਜ਼ੀਜ਼ ਲਗੇ ਫਾਸਲੇ ਬੜ੍ਹਾਤਾ ਹੈ।

ਕੋਈ ਉਮੀਦ ਨਹੀਂ ਕੋਈ ਪਾਸਬਾਂ ਭੀ ਨਹੀਂ
ਹਵਾ ਕੇ ਦਰ ਪੇ ਮੁਸੱਲਸਲ ਦੀਏ ਜਲਾਤਾ ਹੈ।

ਯੇ ਰਹਿਜ਼ਨਾਂ ਕੇ ਸ਼ਹਿਰ ਮੇਂ ਹੈ ਕੌਨ ਦੀਵਾਨਾ
ਜੋ ਹਰ ਕਿਸੀ ਕੋ ਸਹੀ ਰਾਸਤਾ ਬਤਾਤਾ ਹੈ।

ਗਿਲੇ ਹਜ਼ਾਰ ਹੋ 'ਪ੍ਰਵੇਜ਼' ਤੁਝਕੇ ਲੋਗੋਂ ਸੇ
ਤੁਝੇ ਖ਼ਬਰ ਹੈ ਤੂੰ ਸਬ ਕੋ ਗਲੇ ਲਗਾਤਾ ਹੈ।

2.

ਖ਼ੂਨ ਪੀਨੇ ਮੇਂ ਜਿਸੇ ਵਿਸ਼ਵਾਸ ਹੈ।
ਆਦਮੀ ਵੋ ਹੀ ਸ਼ਹਿਰ ਮੇਂ ਖਾਸ ਹੈ।

ਵਾਹ ਅੰਧੇ ਰਹਿਬਰੋਂ ਕੀ ਰਹਿਬਰੀ
ਮੁਲਕ ਗਹਿਰੀ ਖਾਈਓਂ ਕੇ ਪਾਸ ਹੈ।

ਆਦਮੀ ਕੋ ਆਦਮੀ ਖਾਤਾ ਰਹਾ
ਆਜ ਤੱਕ ਕਾ ਮੁਖਤਸਰ ਇਤਿਹਾਸ ਹੈ।

ਭੁਖਮਰੀ ਜਬ ਤਕ ਯਹਾਂ ਮੌਜੂਦ ਹੈ
ਹਰ ਤਰੱਕੀ ਖੋਖਲੀ ਬਕਵਾਸ ਹੈ।

ਬਾਗਬਾਨੋਂ ਕਿਆ ਹੂਆ ਗੁਲਜ਼ਾਰ ਕੋ
ਹਰ ਤਰਫ਼ ਕੁਚਲੀ ਹੂਈ ਸੀ ਘਾਸ ਹੈ।





# ਕੈਲੇਫੋਰਨੀਆ ਦੀ ਵਿਅੰਗ-ਨਾਟ ਮੰਡਲੀ

**ਸੂਫ਼ੀ ਅਮਰਜੀਤ**

ਨਾਟਕ, ਸਾਹਿਤ ਦੀ ਬਹੁਤ ਹੀ ਪੁਰਾਣੀ ਅਤੇ ਮਹੱਤਵਪੂਰਨ ਵਿਧਾ ਹੈ। ਯੂਨਾਨੀ ਨਾਟਕਾਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਸਾਡੇ ਭਾਰਤ ਵਿਚ ਕਾਲੀਦਾਸ ਦੇ ਨਾਟਕ "ਸ਼ਕੁੰਤਲਾ" ਬਾਰੇ ਵੀ ਸਾਨੂੰ ਪਤਾ ਹੈ ਕਿ ਉਹ ਸਦੀਆਂ ਲੰਘ ਜਾਣ ਉਪਰੰਤ ਵੀ ਮਹੱਤਵਪੂਰਨ ਹੈ। ਉਸ ਦੇ ਅਨੁਵਾਦ ਵੱਖੋ-ਵੱਖ ਬੋਲੀਆਂ ਵਿਚ ਹਾਲੇ ਵੀ ਮੰਚਨ ਕੀਤੇ ਜਾਂਦੇ ਹਨ। ਬੀਤੇ ਇਤਿਹਾਸ ਵਿਚ ਅਜਿਹੇ ਵੀ ਅਨੇਕਾਂ ਨਾਟਕ ਹੋਣਗੇ, ਜੋ ਲਿਖਤ ਰੂਪ ਵਿਚ ਸਾਂਭੇ ਨਾ ਜਾ ਸਕਣ ਕਾਰਨ ਸਾਡੇ ਤੱਕ ਨਹੀਂ ਅਪੜ ਸਕੇ। ਕਵਿਤਾ ਭਾਵੇਂ ਨਾਟਕਾਂ ਤੋਂ ਪਹਿਲਾਂ ਸਾਹਿਤ ਦਾ ਰੂਪ ਬਣੀ, ਪ੍ਰੰਤੂ ਕਵਿਤਾ ਅਤੇ ਨਾਟਕ ਦੋਵੇਂ ਹੀ ਵੱਡੇ ਛੋਟੇ ਭੈਣ-ਭਰਾ ਹਨ। ਸਦੀਆਂ ਪਹਿਲਾਂ ਲਿਖੇ ਜਾਣ ਵਾਲੇ ਨਾਟਕ ਕਵਿਤਾ ਵਿਚ ਹੀ ਹੁੰਦੇ ਹਨ। ਸ਼ੇਕਸਪੀਅਰ ਦੇ, ਚਾਰ ਸੌ ਸਾਲ ਪਹਿਲਾਂ ਲਿਖੇ ਨਾਟਕ, ਸਾਰੇ ਦੇ ਸਾਰੇ ਹੀ ਕਾਵਿ ਨਾਟਕ ਹਨ। ਇਸ ਤਰ੍ਹਾਂ ਨਾਟਕ-ਸਾਹਿਤ, ਸਾਹਿਤ ਦਾ ਬਹੁਤ ਹੀ ਮਹੱਤਵਪੂਰਨ ਵਰਤਾਰਾ ਹੈ। ਬਾਕੀ ਸਾਹਿਤ ਨਾਲੋਂ ਇਸ ਦਾ ਜਨ-ਸਾਧਾਰਨ ਨਾਲ ਦਰਸ਼ਕਾਂ ਵਲੋਂ ਸਿੱਧਾ ਸੰਬੰਧ ਹੈ। ਇਹ ਉਹਨਾਂ ਨੂੰ ਸਿੱਧਾ ਅੱਖਾਂ ਵਿਚ ਅੱਖਾਂ ਪਾ ਕੇ ਸੰਬੋਧਿਤ ਹੁੰਦਾ ਹੈ।

ਨਾਟਕ ਨੂੰ ਵਿਸ਼ੇ ਦੇ ਪੱਖ ਤੋਂ - ਇਤਿਹਾਸਕ, ਰੋਮਾਂਟਿਕ, ਤਰਾਸਦਿਕ, ਸਮਾਜਿਕ ਆਦਿ ਕਈ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ। ਪੱਛਮੀ ਦੇਸ਼ਾਂ ਵਿਚ ਨਾਟਕਾਂ ਦੇ ਮੰਚਨ ਲਈ, ਆਧੁਨਿਕ ਸਹੂਲਤਾਂ ਨਾਲ ਯੁਕਤ ਕਰੋੜਾਂ ਡਾਲਰਾਂ ਦੀ ਲਾਗਤ ਨਾਲ ਥੀਏਟਰ ਬਣੇ ਹੋਏ ਹਨ। ਨਿਊਯਾਰਕ ਦਾ 'ਬ੍ਰਗਾੜ੍ਹ ਵੇਅ' ਅਤੇ ਮਾਸਕੋ ਦਾ 'ਬੌਲਸ਼ੋਈ' ਥੀਏਟਰ ਸੰਸਾਰ ਪ੍ਰਸਿੱਧੀ ਦੇ ਹਨ। ਇਹਨਾਂ ਨਾਟਕ-ਘਰਾਂ ਵਿਚ ਉਚ ਦਰਜੇ ਦੇ ਨਾਟਕ ਖੇਡੇ ਜਾਂਦੇ ਹਨ। ਇਹਨਾਂ ਦੇ ਦਰਸ਼ਕ ਵੀ ਉੱਚ ਸ਼੍ਰੇਣੀ ਦੇ ਹੀ ਹੁੰਦੇ ਹਨ। ਫਿਰ ਵੀ ਨਾਟਕਾਂ ਦੇ ਸ਼ੌਕੀਨ ਮਹਿੰਗੇ ਟਿਕਟ ਖਰੀਦ ਕੇ ਇਹਨਾਂ ਨੂੰ ਦੇਖਦੇ ਹਨ। ਬਹੁਤੇ ਨਾਟਕ ਜੋ ਇਥੇ ਖੇਡੇ ਜਾਂਦੇ ਹਨ, ਕਲਾਤਮਿਕ ਪੱਖੋਂ ਉੱਚੇ ਮਿਆਰ ਦੇ ਹੁੰਦੇ ਹਨ ਕਿਉਂਕਿ ਇਹਨਾਂ ਨੂੰ ਮੰਚਨ ਕਰਨ ਵਾਲੇ ਪੇਸ਼ਾਵਰ ਨਾਟਕ-ਕਲਾਕਾਰ ਹੁੰਦੇ ਹਨ। ਵੈਸੇ ਹਰ ਕੋਈ ਨਾਟਕ ਦੇਖਣ ਲਈ ਦਿਲੋਂ-ਮਨੋਂ ਉਤਾਵਲਾ ਹੁੰਦਾ ਹੈ ਪਰ ਮਹਿੰਗੇ ਥੀਏਟਰ ਵਿਚ ਇਹ ਹਰ ਇਕ ਦੀ ਪਹੁੰਚ ਤੋਂ ਬਾਹਰ ਹੁੰਦਾ ਹੈ।

ਇਹ ਗੱਲ ਵੀ ਧਿਆਨ ਵਿਚ ਰੱਖਣ ਵਾਲੀ ਹੈ ਕਿ ਨਾਟਕਾਂ ਦੇ ਉਪਰੋਕਤ ਵਿਸ਼ਿਆਂ ਦੇ ਯਥਾਰਥ ਨੂੰ ਪ੍ਰਵਾਨ ਕਰਦਿਆਂ ਹੋਇਆ, ਨਾਟਕ ਲਹਿਰ ਵਿਚ ਰਾਜਨੀਤਿਕ ਜਾਗਰਤੀ ਲਿਆਉਣ ਲਈ ਵੀ ਨਾਟਕਾਂ ਦਾ ਮੰਚਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਨਾਟਕ ਖੇਡਣ ਵਾਲੀਆਂ ਨਾਟ-ਮੰਡਲੀ ਨੇ ਨਾਟਕਾਂ ਨੂੰ ਆਮ ਲੋਕਾਂ ਵਿਚ ਪੇਸ਼ ਕਰਨਾ ਹੁੰਦਾ ਹੈ।

ਇਹ ਆਮ ਲੋਕ ਮਿਹਨਤਕਸ਼ ਕਿਰਤੀ ਵਰਗਾਂ ਨਾਲ ਸੰਬੰਧਿਤ ਹੁੰਦੇ ਹਨ। ਇਹਨਾਂ ਦੇ ਜੀਵਨ ਪੱਧਰ, ਹੱਡ ਭੰਨ ਮਿਹਨਤ ਕਰਨ ਦੇ ਬਾਵਜੂਦ ਔਸਤ ਜਾਂ ਔਸਤ ਤੋਂ ਨੀਵੇਂ ਪੱਧਰ ਦੇ ਹੁੰਦੇ ਹਨ। ਇਹਨਾਂ ਲੋਕਾਂ ਦੀ ਮੰਦੀ ਦਸ਼ਾ ਨੂੰ ਬਦਲਣ ਲਈ ਜਿਹੜੀ ਸਰਕਾਰ ਦੀ ਸਥਾਪਨਾ ਦੀ ਲੋੜ ਹੈ ਉਸ ਦੇ ਲਈ ਇਹਨਾਂ ਦੀ ਰਾਜਨੀਤਿਕ ਸਮਝਦਾਰੀ ਨੂੰ ਜਾਗ੍ਰਿਤ ਕਰਨਾ ਅਤੇ ਰਾਜਨੀਤੀ ਵਿਚ ਸਰਗਰਮ ਭਾਗੀਦਾਰੀ ਲਈ ਉਤਸ਼ਾਹਿਤ ਕਰਨਾ ਹੁੰਦਾ ਹੈ। ਸੋ ਇਹ ਕੁਦਰਤੀ ਹੈ ਕਿ ਇਸ ਤਰ੍ਹਾਂ ਦੀ ਸਰਗਰਮੀ ਲਈ ਵਚਨਬੱਧ ਅਤੇ ਪ੍ਰਤੀਬੱਧ ਲੋਕ, ਮਾਇਕ ਲਾਲਚਾਂ ਤੋਂ ਉੱਪਰ ਉੱਠ ਕੇ ਅਜਿਹੇ ਨਾਟਕਾਂ ਦਾ ਮੰਚਨ, ਨਿਰਸੁਆਰਥ ਭਾਵਨਾ ਨਾਲ ਪੇਸ਼ਾਵਾਰਾਨਾ ਕਲਾਕਾਰਾਂ ਵਾਂਗ ਹੀ ਕਰਦੇ ਹਨ। ਇਹ ਨਾਟਕ ਹਾਕਮ ਜਮਾਤਾਂ ਦੇ ਕਿਰਦਾਰਾਂ ਦਾ ਭਾਂਡਾ ਭੰਨਣ ਲਈ ਵਿਅੰਗ ਦੀ ਵਿਧੀ ਦੀ ਭਰਪੂਰ ਵਰਤੋਂ ਕਰਦੇ ਹਨ। ਸਾਡੇ ਪੰਜਾਬ ਵਿਚ ਸੁਤੰਤਰਤਾ ਪ੍ਰਾਪਤੀ ਤੋਂ ਮਗਰੋਂ ਇਹਨਾਂ ਵਿਚ ਕਮਿਊਨਿਸਟ ਪਾਰਟੀ ਦੇ ਡਰਾਮਾ ਸੁਕੈਡਾਂ ਨੂੰ ਗਿਣਿਆ ਜਾ ਸਕਦਾ ਹੈ। ਮਰਹੂਮ ਡਾ. ਹਰਚਰਨ ਸਿੰਘ, ਮਰਹੂਮ ਜੁਗਿੰਦਰ ਬਾਹਰਲਾ, ਬਜ਼ੁਰਗ ਤੇਰਾ ਸਿੰਘ ਚੰਨ ਆਦਿ ਆਪਣੇ ਸਮੇਂ ਦੇ ਹਰਮਨ ਪਿਆਰੇ ਨਾਟਕਕਾਰ ਹਨ। ਪਿਛਲੇ ਦਹਾਕਿਆਂ ਵਿਚ ਗੁਰਸ਼ਰਨ ਸਿੰਘ ਨਾਟਕਕਾਰ ਨੇ ਪੰਜਾਬ ਵਿਚ ਨਾਟਕਾਂ ਦਾ ਮੰਚਨ, ਇਕ ਲਹਿਰ ਵਾਂਗ ਕੀਤਾ ਹੈ। ਉਸ ਤੋਂ ਪ੍ਰੇਰਿਤ ਹੋ ਕੇ, ਅਜਮੇਰ ਔਲਖ, ਕੇਵਲ ਧਾਲੀਵਾਲ, ਸਾਹਿਬ ਸਿੰਘ, ਸੋਮਪਾਲ ਅਤੇ ਹੋਰ ਕਈ ਨਾਟ ਮੰਡਲੀਆਂ ਨੇ ਨਾਟਕ ਲਹਿਰ ਦਾ ਲੋਕ ਜਾਗਰਤੀ ਲਈ ਕਾਫੀ ਪਾਸਾਰ ਕੀਤਾ ਹੈ। ਭਾਰਤ ਵਿਚ ਇਹ ਸਿਹਰਾ ਸ਼ਹੀਦ ਸਫਦਰ ਹਾਸ਼ਮੀ ਦੇ ਸਿਰ ਬੱਝਦਾ ਹੈ ਜਿਸਨੇ ਰਾਜਨੀਤਿਕ ਜਾਗ੍ਰਤੀ ਲਿਆਉਣ ਵਾਲੇ ਨਾਟਕਾਂ ਦੀ ਲਹਿਰ ਭਾਰਤ ਭਰ ਵਿਚ ਸਥਾਪਤ ਕਰਨ ਵਿਚ ਇਤਿਹਾਸਕ ਰੋਲ ਅਦਾ ਕੀਤਾ ਹੈ। ਇਹ ਉਸ ਦੇ ਨਾਟਕਾਂ ਦੇ ਵਿਸ਼ੇ ਦਾ ਹਾਕਮ ਜਮਾਤਾਂ ਦੇ ਕਿਰਦਾਰ ਨੂੰ ਲੋਕਾਂ ਸਾਹਮਣੇ ਨੰਗਾ ਕਰਨ ਦਾ ਸਿੱਟਾ ਹੀ ਸੀ ਜੋ ਦਿੱਲੀ ਦੇ ਲਾਗੇ 'ਹੱਲਾ ਬੋਲ' ਨਾਟਕ ਖੇਡਣ ਸਮੇਂ ਉਸ ਉੱਪਰ ਜਾਨਲੇਵਾ ਹਮਲਾ ਕੀਤਾ ਗਿਆ ਅਤੇ ਉਹ ਵੱਡੀਆਂ ਸੰਭਾਵਨਾਵਾਂ ਵਾਲਾ ਨਾਟਕਕਾਰ ਲੋਕਾਂ ਤੋਂ ਸਦਾ ਲਈ ਖੋਹ ਲਿਆ ਗਿਆ।

ਭਾਰਤ ਦੇ ਵੱਡੇ ਸ਼ਹਿਰਾਂ ਵਿਚ ਤਾਂ ਵਧੀਆ ਥੀਏਟਰ ਮੰਚ ਬਣੇ ਹੋਏ ਹਨ। ਪ੍ਰੰਤੂ ਪਿੰਡਾਂ ਵਿਚ ਤਾਂ ਅਜਿਹਾ ਨਹੀਂ ਹੈ। ਫਿਰ ਵੀ ਇਸ ਦਾ ਇਹ ਅਰਥ ਨਹੀਂ ਕਿ ਪਿੰਡਾਂ ਦੇ ਲੋਕਾਂ ਨੂੰ ਨਾਟਕ ਦੇਖਣ ਦਾ ਉਤਸ਼ਾਹ ਨਾ ਹੋਵੇ। ਇਹ ਸਗੋਂ ਹੋਰ ਵਧੇਰੇ ਉਤਸ਼ਾਹ ਨਾਲ ਨਾਟਕ ਦੇਖਣ ਆਉਂਦੇ ਹਨ। ਇਸ ਬਾਰੇ ਸਭ ਨੂੰ ਪਤਾ ਹੀ ਹੈ। ਪਿੰਡਾਂ ਵਿਚ ਖੇਡੇ ਜਾਣ ਵਾਲੇ ਨਾਟਕ ਸਾਧਾਰਨ ਸਟੇਜ ਬਣਾ ਕੇ ਪੇਸ਼ ਕੀਤੇ ਜਾਂਦੇ ਹਨ। ਲੋਕਾਂ ਲਈ ਸਟੇਜ ਦੀ ਇੰਨੀ ਮਹੱਤਤਾ ਨਹੀਂ ਜਿੰਨੀ ਖੇਡੇ ਜਾਣ ਵਾਲੇ ਨਾਟਕ ਦਾ ਵਿਸ਼ਾ ਹੁੰਦਾ ਹੈ। ਚੰਗੀ ਸਟੇਜ ਨਾਟਕ ਦੀ ਪੇਸ਼ਕਾਰੀ ਨੂੰ ਵਧੇਰੇ ਪ੍ਰਭਾਵੀ ਢੰਗ ਨਾਲ ਪੇਸ਼ ਕਰਨ ਵਿਚ ਜ਼ਰੂਰ ਅਹਿਮ ਰੋਲ ਅਦਾ ਕਰਦੀ ਹੈ।

ਨਾਟਕ ਭਾਵੇਂ ਆਪਣੇ ਆਪ ਵਿਚ ਹੀ ਦਰਸ਼ਕਾਂ ਨੂੰ ਸਿੱਧੇ ਰੂਪ ਵਿਚ ਪ੍ਰਭਾਵਿਤ



ਕਰਨ ਦਾ ਬੜਾ ਵੱਡਾ ਸਾਧਨ ਹੈ ਪ੍ਰੰਤੂ ਜਦੋਂ ਇਹ ਵਿਅੰਗ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ ਤਾਂ ਇਸ ਦੇ ਵਿਅੰਗ ਦਾ ਡੰਗ, ਜਦੋਂ ਨਾਟਕ ਦੇ ਖਲਨਾਇਕਾਂ ਦੀ ਪ੍ਰਤੀਨਿਧ ਸ਼੍ਰੇਣੀ, ਜੋ ਕਿ ਹਾਕਮ ਸ਼੍ਰੇਣੀ ਹੀ ਹੁੰਦੀ ਹੈ, ਨੂੰ ਚੁੱਭਦਾ ਹੈ ਤਾਂ ਉਹ ਤੜਫ਼ ਉੱਠਦੇ ਹਨ। ਦੂਜੇ ਪਾਸੇ ਦਰਸ਼ਕ ਜੋ ਕਿ ਆਮ ਜਨ-ਸਾਧਾਰਨ ਹੁੰਦਾ ਹੈ, ਜੋ ਹਾਕਮ ਸ਼੍ਰੇਣੀ ਵਲੋਂ ਸ਼ੋਸ਼ਿਤ ਹੁੰਦਾ ਹੈ, ਇਸ ਵਿਅੰਗ ਉਪਰ ਖੁਸ਼ੀ ਦਾ ਆਨੰਦ ਮਾਣਦਾ ਹੈ। ਇਸ ਦੀ ਵਧੀਆ ਉਦਾਹਰਨ, ਗੁਰਸ਼ਰਨ ਸਿੰਘ ਦੇ ਨਾਟਕ 'ਕੁਰਸੀ ਮੋਰਚਾ ਅਤੇ ਹਵਾ ਵਿਚ ਲਟਕਦੇ ਲੋਕ' ਦੀ ਹੈ। ਜਿਸ ਦੇ ਖੇਡੇ ਜਾਣ ਉੱਪਰ ਉਸ ਸਮੇਂ ਮਰਹੂਮ ਗੁਰਚਰਨ ਸਿੰਘ ਟੌਹੜਾ ਨੇ ਜਿਸ ਦਾ ਪ੍ਰਤੀਕਰਮ ਕੀਤਾ ਸੀ ਉਸਨੇ ਅਤਿਵਾਦ ਸਮੇਂ ਦੀ ਧਮਕੀਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਸੀ।

ਪੱਛਮੀ ਦੇਸ਼ਾਂ ਵਿਚ ਕਈ ਪ੍ਰਸਿੱਧ ਵਿਅੰਗ ਨਾਟ ਮੰਡਲੀਆਂ ਹਨ। ਇਹਨਾਂ ਵਿਚੋਂ ਅਮਰੀਕਾ ਦੀ "ਸਾਨ ਫਰਾਂਸਿਸਕੋ ਮਾਈਮ ਟਰੁੱਪ" ਭਾਵ 'ਸਾਂਨ ਫਰਾਂਸਿਸਕੋ ਵਿਅੰਗ ਨਾਟ ਮੰਡਲੀ' ਇਕ ਹੈ। ਇਹ ਆਪਣੇ ਵਿਅੰਗ ਨਾਟਕਾਂ ਨੂੰ ਪਾਰਕਾਂ ਜਾਂ ਖੁੱਲ੍ਹੇ ਖੇਡ ਮੈਦਾਨਾਂ ਵਿਚ ਲੋਕਾਂ ਦੇ ਸਾਹਮਣੇ ਖੇਡਦੇ ਹਨ। ਇਹਨਾਂ ਦੇ ਨਾਟਕਾਂ ਦੇ ਵਿਸ਼ੇ ਬੜੇ ਗੰਭੀਰ, ਰਾਜਨੀਤਿਕ ਅਤੇ ਆਰਥਿਕ ਵਿਸ਼ਿਆਂ ਨੂੰ ਆਪਣੇ ਘੇਰੇ ਵਿਚ ਲੈਂਦੇ ਹਨ। ਇਹਨਾਂ ਦੀਆਂ ਪੇਸ਼ਕਾਰੀਆਂ ਉੱਚ ਪੱਧਰ ਦੀਆਂ ਹੁੰਦੀਆਂ ਹਨ। ਇਹਨਾਂ ਦੇ ਨਾਟਕਾਂ ਦਾ ਮੰਤਵ ਲੋਕ ਦੁਸ਼ਮਣ ਸ਼ਕਤੀਆਂ, ਖਾਸ ਕਰਕੇ ਅਮਰੀਕਨ ਸਾਮਰਾਜੀ ਸਰਕਾਰ ਨੂੰ, ਕਟਹਿਰੇ ਵਿਚ ਖੜਾ ਕਰਨਾ ਹੁੰਦਾ ਹੈ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਪੂੰਜੀਵਾਦੀ ਦੇਸ਼ਾਂ ਵਿਚ ਇਕ ਮੁਹਾਵਰਾ ਪ੍ਰਚਲਿਤ ਹੈ ਕਿ "ਖਾਣਾ ਮੁਫ਼ਤ ਨਹੀਂ ਮਿਲਦਾ" (ਦਿਅਰ ਇਜ਼ ਨੋ ਫਰੀ ਲੰਚ) ਪ੍ਰੰਤੂ ਇਹ ਵਿਅੰਗ ਨਾਟ ਮੰਡਲੀ ਆਮ ਕਰਕੇ ਹੀ ਲੋਕਾਂ ਵਿਚ ਮੁਫ਼ਤ ਨਾਟਕ ਕਰਦੀ ਹੈ। ਹਾਂ ਨਾਟਕ ਦੇ ਅੰਤ ਉੱਪਰ ਉਹ ਦਰਸ਼ਕ ਨੂੰ ਸਹਾਇਤਾ ਲਈ ਅਪੀਲ ਜ਼ਰੂਰ ਕਰਦੀ ਹੈ। ਲੋਕ ਆਪਣੀ ਇੱਛਾ ਅਨੁਸਾਰ ਕੁਝ ਨਾ ਕੁਝ ਸਹਾਇਤਾ ਕਰ ਦਿੰਦੇ ਹਨ।

ਮੈਨੂੰ ਇਸ ਵਿਅੰਗ ਨਾਟ ਮੰਡਲੀ ਦਾ ਇਕ ਨਾਟਕ ਕੈਲੇਫੋਰਨੀਆ (ਅਮਰੀਕਾ) ਦ ਡੇਵਸ ਯੂਨੀਵਰਸਿਟੀ ਦੇ ਲਾਗੇ ਦੇ ਸੈਂਟਰਲ ਪਾਰਕ ਵਿਚ 17 ਸਤੰਬਰ 2005 ਨੂੰ ਦੇਖਣ ਦਾ ਮੌਕਾ ਮਿਲਿਆ ਸੀ। ਇਸ ਬਾਰੇ ਜਾਣਕਾਰੀ ਏਥੋਂ ਦੇ ਲੋਕਲ ਅਖ਼ਬਾਰ ਵਿਚ ਕੁਝ ਦਿਨ ਪਹਿਲਾਂ ਛਪੀ ਸੀ। ਇਸ ਅਖ਼ਬਾਰ ਵਿਚ ਇਸ ਮੰਡਲ ਬਾਰੇ ਚੋਖੀ ਜਾਣਕਾਰੀ ਵੀ ਦਿੱਤੀ ਗਈ ਸੀ। ਇਸ ਵਿਚ ਨਾਲ ਹੀ ਪੱਛਮੀ ਦੇਸ਼ਾਂ ਵਿਚ ਕੋਈ 15 ਦੇ ਕਰੀਬ ਹੋਰਨਾਂ ਵਿਅੰਗ ਨਾਟ ਮੰਡਲੀਆਂ ਦੇ ਨਾਵਾਂ ਦੀ ਲਿਸਟ ਵੀ ਦਿੱਤੀ ਗਈ ਸੀ। ਇਹ ਨਾਟ-ਮੰਡਲੀਆਂ ਅਮਰੀਕਾ ਤੋਂ ਬਾਹਰ - ਇੰਗਲੈਂਡ, ਫਰਾਂਸ, ਜਰਮਨੀ, ਸਪੇਨ, ਚੈਕੋਸਲਵਾਕੀਆ ਆਦਿ ਦੇਸ਼ਾਂ ਵਿਚ ਹਨ।

ਲੋਕਲ ਅਖਬਾਰ **ਡੇਵਸ ਇੰਟਰਪਰਾਈਜ਼** ਵਿਚ ਇਸ ਨਾਟ ਮੰਡਲੀ ਬਾਰੇ ਜਾਣਕਾਰੀ ਪੂਰੇ ਸਫੇ ਦਾ ਇਕ ਲੇਖ, ਇਥੋਂ ਦੀ ਪ੍ਰਸਿੱਧ ਨਾਟਕ ਆਲੋਚਕ **ਮਿਸ ਬੈੱਵ ਸਾਈਕਸ** ਦਾ ਵੀ ਛਪਿਆ ਸੀ। ਉਸ ਦੇ ਲੇਖ ਵਿਚ ਇਸ ਬਾਰੇ ਜਾਣਕਾਰੀ ਤੋਂ ਬਿਨਾਂ, ਇਸ ਦੇ ਬੁਲਾਰੇ

**ਮਿਸਟਰ ਵਿਲੀਅਮ ਟੋਅ ਮੈਨ** ਨਾਲ ਇਕ ਮੁਲਾਕਾਤ ਵੀ ਸ਼ਾਮਲ ਸੀ। ਲੇਖ ਦੀ ਲੰਮੀ ਸੁਰਖੀ ਇਸ ਤਰ੍ਹਾਂ ਸੀ - **"ਲੰਮੇ ਸਮੇਂ ਤੋਂ ਗੁਰੀਲਾ ਥੀਏਟਰ ਕਰ ਰਿਹਾ ਗਰੁੱਪ, ਸਾਡੇ ਸ਼ਹਿਰ ਰਾਜਨੀਤਿਕ ਸੁਨੇਹਾ ਲਿਆਇਆ ਹੈ, ਫੇਰ ਨਾ ਕਹਿਣਾ ਪਤਾ ਨਹੀਂ ਲੱਗਿਆ"** ਯੂਨੀਵਰਸਿਟੀ ਵਾਲੇ ਸ਼ਹਿਰ ਵਿਚ ਜਦੋਂ ਸ਼ਹਿਰ ਦਾ ਮੁੱਖ ਅਖਬਾਰ ਇਸ ਤਰ੍ਹਾਂ ਦੀ ਸੁਰਖੀ ਲਾ ਕੇ, ਨਾਟ-ਮੰਡਲੀ ਬਾਰੇ ਜਾਣਕਾਰੀ ਦਿੰਦਾ ਹੈ ਤਾਂ ਸੌਖਿਆਂ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਇਹ ਕਿੰਨੀ ਪ੍ਰਸਿੱਧ ਨਾਟ-ਮੰਡਲੀ ਹੈ। ਜਿਹੜਾ ਵਿਅੰਗ ਨਾਟਕ ਖੇਡਿਆ ਜਾਣਾ ਸੀ ਉਹ ਖੱਬੀ ਸੋਚ ਦੇ ਜਾਣੇ ਪਛਾਣੇ ਲੇਖਕ **ਮਿ. ਜੌਹਨ ਪਾਰਕਿੰਨਜ** ਦੀ ਪੁਸਤਕ **'ਇਕ ਧਨੀ ਲੁਟੇਰੇ ਦਾ ਇਕਬਾਲ'** ਉਪਰ ਅਧਾਰਿਤ ਸੀ। ਇਸ ਦਾ ਨਾਂ **ਡੂਇੰਗ ਗੁੱਡ** ਪੰਜਾਬੀ ਵਿਚ ਇਸ ਦਾ ਭਾਵ ਅਰਥ ਉਪਕਾਰ ਕਰ ਸਕਦੇ ਹਾਂ। ਇਹ ਉਪਰੋਕਤ ਪੁਸਤਕ ਅਮਰੀਕਾ ਦੇ ਵਿਸ਼ਵੀਕਰਨ ਏਜੰਡੇ ਅਤੇ ਵਿਦੇਸ਼ ਨੀਤੀ ਦਾ ਪਾਖੰਡੀ ਪਰਦਾ ਲਾਹ ਕੇ ਅਸਲੀਅਤ ਨੂੰ ਸਾਹਮਣੇ ਲਿਆਉਂਦੀ ਹੈ। ਇਸ ਵਿਚ ਦਿੱਤੇ ਅਧਿਐਨ ਵਿਚ ਤੱਥਾਂ ਦੇ ਅਧਾਰ ਉਪਰ ਸਿੱਧ ਕੀਤਾ ਗਿਆ ਹੈ ਕਿ ਅਮਰੀਕਾ ਵਲੋਂ ਵਿਕਾਸ ਦੇ ਨਾਂ ਉਪਰ ਦਿੱਤੀ ਜਾਂਦੀ ਸਹਾਇਤਾ ਅਸਲ ਵਿਚ ਸਾਜ਼ਸ਼ੀ ਢੰਗ ਨਾਲ ਕੀਤੀ ਜਾਂਦੀ ਲੁੱਟ ਹੈ। ਅਜਿਹੀ ਗੰਭੀਰ ਬੌਧਿਕ ਕਿਸਮ ਦੀ ਆਰਥਿਕਤਾ ਅਤੇ ਵਪਾਰ ਨਾਲ ਸੰਬੰਧਿਤ ਰਾਜਨੀਤਿਕ ਪੁਸਤਕ ਉੱਪਰ ਅਧਾਰਤ ਵਿਅੰਗ ਨਾਟ ਦੀ ਸਿਰਜਣਾ ਕਰਨੀ, ਇਸ ਨਾਟ ਮੰਡਲੀ ਦੀ ਕਲਾ-ਕੌਸ਼ਲਤਾ ਦੀ ਸਿਖ਼ਰ ਹੈ।

ਮਿਸ ਵੈੱਬ ਸਾਈਕਸ ਨੇ ਦੱਸਿਆ ਹੈ ਕਿ ਇਸ ਵਿਅੰਗ ਨਾਟ-ਮੰਡਲੀ ਦੀ ਪੇਸ਼ਕਾਰੀ ਦੀ ਵਿਧੀ, ਚਾਰਲੀ ਚੈਂਪੀਅਨ ਵਾਂਗ ਖ਼ਾਮੋਸ਼ ਅਦਾਕਾਰੀ ਨਹੀਂ ਹੈ। ਸਗੋਂ ਯੂਨਾਨ ਅਤੇ ਰੋਮ ਦੇ ਪ੍ਰਸਿੱਧ ਵਿਅੰਗ ਨਾਟ ਮੰਡਲੀਆਂ ਦੀ ਪੱਧਰ ਦੀ ਹੈ। ਇਹਨਾਂ ਵਿਚ ਦਰਿਸ਼ ਅਤੇ ਪਾਤਰ ਆਮ ਜੀਵਨ ਵਿਚੋਂ ਲਈ ਹੁੰਦੀ ਹੈ। ਜਿਹੜੇ ਕਮਾਲ ਦੇ ਮਜ਼ਾਕੀਆ ਵਿਅੰਗਾਂ ਨਾਲ ਕਲਾ ਪੇਸ਼ ਕਰਦੇ ਹਨ।

**ਇਸ ਦਾ ਸੰਖੇਪ ਇਤਿਹਾਸ**

ਇਸ ਨਾਟ ਮੰਡਲੀ ਨੇ ਆਪਣੀ ਸਭ ਤੋਂ ਪਹਿਲੀ ਪੇਸ਼ਕਾਰੀ 1962 ਵਿਚ ਸਾਂਨ ਫਰਾਂਸਿਸਕੋ ਵਿਚ ਕੀਤੀ ਸੀ। ਅਸਲ ਵਿਚ ਇਸ ਦਾ ਮੁੱਢ 1959 ਵਿਚ ਬੱਝਿਆ ਸੀ। ਇਸ ਦਾ ਮੁੱਖ ਨਿਰਦੇਸ਼ਕ ਮਿ. ਆਰ. ਜੀ. ਡੇਵਿਸ ਸੀ ਜਿਸ ਦੀ ਨਿਰਦੇਸ਼ਨਾ ਵਿਚ ਇਸ ਨੇ ਰਿਹਰਸਲਾਂ ਸ਼ੁਰੂ ਕੀਤੀਆਂ ਸਨ। ਫਿਰ ਇਹਨਾਂ ਨੇ ਨਾਟਕਾਂ ਦੀ ਇਕ ਲੜੀ, ਵੱਖੋ-ਵੱਖ ਵਿਸ਼ਿਆਂ ਉਪਰ ਸ਼ੁਰੂ ਕੀਤੀ। ਇਹ ਕਰਦਿਆਂ ਜਦੋਂ ਉਹਨਾਂ ਨੂੰ ਇਟਲੀ ਦੇ ਲੋਕਧਾਰਾ ਵਿਚ ਦੀ ਜਾਗਰਤੀ ਮੁਹਿੰਮ ਨਾਲ ਜੁੜੇ ਵਿਅੰਗ ਨਾਟਕਾਂ ਨੂੰ ਦੇਖਣ ਦਾ ਮੌਕਾ ਮਿਲਿਆ ਤਾਂ ਉਹਨਾਂ ਨੂੰ ਆਪਣੇ ਨਾਟਕਾਂ ਦੇ ਉਦੇਸ਼ ਦੀ ਕੁੰਜੀ ਲੱਭ ਗਈ। ਇਸ ਤਰ੍ਹਾਂ ਸਾਨ ਫਰਾਂਸਿਸਕੋ ਵਿਅੰਗ ਨਾਟ-ਮੰਡਲੀ ਦੀ ਚਾਲੀ ਵਰ੍ਹਿਆਂ ਤੋਂ ਚੱਲੇ ਆ ਰਹੇ ਵਿਅੰਗ-ਨਾਟ ਦੀ ਸ਼ੁਰੂਆਤ ਹੋਈ ਸੀ। ਇਸ ਤਰ੍ਹਾਂ ਇਹ ਗਰੁੱਪ ਸੱਤਰਵਿਆਂ ਦੇ 'ਹਿੱਪੀ-ਯੁੱਗ' ਸਿਖ਼ਰ ਸਮੇਂ ਹੋਂਦ ਵਿਚ ਆਇਆ।



ਮੁੱਢ ਤੋਂ ਲੈ ਕੇ ਹੀ ਇਹਨਾਂ ਨੇ ਸਾਨ ਫਰਾਂਸਿਸਕੋ ਨੂੰ ਹੀ ਆਪਣਾ ਕੇਂਦਰ ਬਣਾਈ ਰੱਖਿਆ। ਏਥੀ ਹੀ 'ਫਲਾਵਰ ਚਿਲਡਰਨ', 'ਫਰੀ ਸਪੀਚ' ਆਦਿ ਦੇ ਨਾਂ ਹੇਠ ਪੂੰਜੀਵਾਦੀ ਸੱਭਿਆਚਾਰ ਆਪਣੀ ਢੀਠਤਾਈ ਦਾ ਪ੍ਰਦਰਸ਼ਨ ਕਰ ਰਿਹਾ ਸੀ। ਇਸ ਵਿਅੰਗ ਨਾਟ - ਮੰਡਲੀ ਨੇ, ਆਪਣੀ ਵਿਅੰਗ ਕਲਾ ਦੁਆਰਾ, ਇਸ ਦੇ ਪਾਖੰਡਾਂ ਦਾ ਪਰਦਾ ਫਾਸ਼ ਕਰਦਿਆਂ ਮੁਫ਼ਤ-ਪੇਸ਼ਕਾਰੀਆਂ ਕਰਕੇ ਝੰਡਾ ਗੱਡ ਦਿੱਤਾ।

ਇਸ ਨੇ ਵੀਅਤਨਾਮੀ ਜੰਗ ਵਿਰੁੱਧ ਲਹਿਰ ਨੂੰ ਵਿਕਸਤ ਕਰਨ ਵਿਚ ਵਿਸ਼ੇਸ਼ ਹਿੱਸਾ ਪਾਇਆ। ਇਹਨਾਂ ਲੋਕ ਮਨਾਂ ਨੂੰ ਅਮਨ ਦੀ ਲੋੜ ਅਤੇ ਜੰਗ ਦੇ ਵਿਰੋਧ ਦੇ ਰੰਗਾਂ ਵਿਚ ਰੰਗ ਦਿੱਤਾ ਸੀ। ਇਹਨਾਂ ਦੀ ਅਮਨ ਲਈ ਅਪੀਲ ਲੋਕਾਂ ਦੇ ਧੁਰ ਅੰਦਰ ਨੂੰ ਟੁੰਬਦੀ ਸੀ।

ਮਿ. ਡੇਵਿਸ ਅਤੇ ਸਾਊਲ ਲੈਂਡੀਊ ਦੇ ਵੱਖੋ-ਵੱਖ ਕੌਮੀਅਤਾਂ ਅਤੇ ਨਸਲਾਂ ਵਿਚੋਂ ਲਏ ਗਏ ਮਿਲੇ-ਜੁਲੇ ਪਾਤਰਾਂ ਦੇ ਇਸ ਗਰੁੱਪ ਨੇ, ਅਮਰੀਕਾ ਭਰ ਵਿਚ ਆਪਣੇ ਆਪਣੇ ਵਿਅੰਗ ਨਾਟਕਾਂ ਦੁਆਰਾ ਜਿੱਥੇ ਜੰਗ ਵਿਰੋਧੀ ਲਹਿਰ ਨੂੰ ਸਿਖ਼ਰਾਂ ਤੱਕ ਪਹੁੰਚਾਉਣ ਦਾ ਠੋਸ ਹਿੱਸਾ ਪਾਇਆ, ਉਥੇ ਉਹਨਾਂ ਨਸਲਵਾਦ ਵਿਰੁੱਧ 'ਮਨਿਸਟਰੀਅਲ ਸ਼ੋਅ' ਅਤੇ 'ਸਿਵਲ ਰਾਈਟਸ ਇਨ ਕਰੈਕਟਰ ਬੈਰਲ' ਨਾਂ ਦੇ ਵਿਅੰਗ ਨਾਟਕਾਂ ਦੀ ਪੇਸ਼ਕਾਰੀ ਨਾਲ ਕਾਟਵੀਂ ਅੰਦਾਜ਼ ਬੁਲੰਦ ਕੀਤੀ। ਅਜਿਹੀ ਚੇਤਨਾ ਪੈਦਾ ਕਰਨ ਦੇ ਦੋਸ਼ ਵਿਚ, ਇਸ ਨਾਟ ਮੰਡਲੀ ਨੂੰ ਕਈ ਝੂਠੇ ਕੇਸਾਂ ਵਿਚ ਫਸਾ ਕੇ ਗ੍ਰਿਫਤਾਰ ਵੀ ਕੀਤਾ ਗਿਆ ਅਤੇ ਕਈ ਵਾਰ ਇਸ ਉੱਤੇ ਪਾਬੰਦੀਆਂ ਲਾ ਕੇ ਨਾਟਕ ਕਰਨੋਂ ਰੋਕਣ ਦੇ ਅਸਫਲ ਯਤਨ ਵੀ ਕੀਤੇ ਗਏ।

ਇਸ ਵਿਅੰਗ ਨਾਟ ਮੰਡਲੀ ਦੀ ਜੁਝਾਰੂ ਪ੍ਰਸਿੱਧੀ ਦੀ ਚੜ੍ਹਤ ਉਸ ਸਮੇਂ ਚੁਣੇ ਜੜੀ ਗਈ ਜਦੋਂ ਇਹਨਾਂ ਨੇ 'ਲ ਅਮੰਤ ਮਿਲਟਰੀਏ' ਨਾਂ ਦੇ ਮਿ. ਗੋਲਡੋਨੀ ਦੇ ਲਿਖੇ ਨਾਟਕ ਦਾ ਮੰਚਨ, ਮਿ. ਡੇਵਿਸ ਅਤੇ ਪੀਟਰ ਨੇ ਕਰਕੇ 'ਡਾਓ ਕੈਮੀਕਲ ਕੰਪਨੀ' ਦੇ ਅੱਗ ਲਾਉਣ ਵਾਲੇ ਨਾਪਾਮ ਬੰਬ ਦੇ ਬਣਾਉਣ ਦਾ ਤਿੱਖਾ ਵਿਰੋਧ ਕਰਕੇ ਵਿਆਪਕ ਲੋਕ-ਲਹਿਰ ਲਾਮਬੰਦ ਕਰ ਉੱਘਾ ਰੋਲ ਅਦਾ ਕੀਤਾ ਸੀ। ਉਹਨੀਂ ਦਿਨੀਂ ਫੌਜੀ ਭਰਤੀ ਲਈ 'ਪੈਂਟਾਗਨ' ਮਧ ਪੂਰਬ ਦੇ ਰਾਜਾਂ ਵਿਚ ਵਿਸ਼ੇਸ਼ ਮੀਟਿੰਗਾਂ ਕਰਕੇ ਮੁਹਿੰਮ ਚਲਾ ਰਿਹਾ ਸੀ। 'ਪੈਂਟਾਗਨ' ਦੇ ਪਰਚਾਰਕ ਜਿਸ ਸ਼ਹਿਰ ਵਿਚ ਵੀ ਜਾਂਦੇ, ਇਹ ਨਾਟ ਮੰਡਲੀ ਉਹਨਾਂ ਦੇ ਪਿੱਛੇ-ਪਿੱਛੇ ਜਾ ਕੇ ਜੰਗ ਦੀ ਭਿਅੰਕਰਤਾ ਅਤੇ ਨਾਪਾਮ ਬੰਬਾਂ ਨਾਲ ਵੀਅਤਨਾਮ ਦੀ ਤਬਾਹੀ ਕਰਨ ਵਿਚ ਕਮਾਏ ਅਰਬਾਂ ਡਾਲਰਾਂ ਦੇ ਮੁਨਾਫਿਆਂ ਦੀ ਖਿੱਲੀ ਉਡਾਉਂਦੀ। ਏਸੇ 'ਡਾਓ ਕੈਮੀਕਲ ਇੰਡਸਟਰੀ ਅਤੇ ਜੰਗ ਵਿਰੋਧੀ ਇਹਨਾਂ ਇੱਕ 'ਮਾਰਚਿੰਗ ਬੈਂਡ' ਦਾ ਵਿਅੰਗ ਨਾਟ ਕਰਕੇ ਨਿਊਯਾਰਕ ਦੇ ਥੀਏਟਰਾਂ ਵਿਚ ਨਾਟਕ ਕੀਤੇ। ਦੋ ਵਾਰ ਤਾਂ ਹਾਲ ਪੂਰੇ ਭਰ ਜਾਣ ਕਾਰਨ ਲੋਕਾਂ ਨੂੰ ਮਾਯੂਸ ਹੋ ਕੇ ਮੁੜਨਾ ਪਿਆ ਸੀ। ਇਸ ਨਾਟਕ ਉਪਰ ਹੀ ਇਸ ਵਿਅੰਗ ਨਾਟ ਮੰਡਲੀ ਨੂੰ 'ਓਬੀਏ ਐਵਾਰਡ' ਅਤੇ 'ਟੋਨੀ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਇਹਨਾਂ ਨੂੰ ਥੀਏਟਰ ਨੂੰ ਇਕਮੁੱਠਤਾ ਲਈ ਪਾਰਕਾਂ ਵਿਚ ਖੇਡਣ ਦੀ ਪਿਰਤ ਪਾਉਣ ਲਈ ਅਤੇ ਇਹਨਾਂ ਦੀ ਇਨਕਲਾਬੀ ਪੇਸ਼ਕਾਰੀ ਦੀ ਕਲਾਤਮਿਕਤਾ

ਨਾਲ ਪੇਸ਼ ਕਰਨ ਲਈ ਦਿੱਤੇ ਗਏ ਸਨ।

1970 ਤੱਕ ਬਹੁ-ਕੌਮੀ ਅਤੇ ਬਹੁ-ਨਸਲੀ ਬਣਤਰ ਵਾਲੀ ਇਹ ਨਾਟ ਮੰਡਲੀ ਪੂਰੀ ਤਰ੍ਹਾਂ ਸਥਾਪਤ ਹੋ ਗਈ ਸੀ। ਇਸ ਸਮੇਂ ਇਸ ਨੇ 'ਦੀ ਡਰੈਗਨ ਲੇਡੀਜ਼ ਰੀਵੇਂਜ' ਨਾਂ ਦਾ ਨਾਟਕ, ਸੀ. ਆਈ. ਏ. ਦੇ ਨਸ਼ਿਆਂ ਦੀ ਸਮਗਲਿੰਗ ਦੇ ਧੰਦੇ ਨੂੰ ਲੋਕਾਂ ਵਿਚ ਲਿਆ ਕੇ ਭੰਡਨ ਲਈ ਕੀਤਾ। ਇਸ ਉਪਰ ਇਸ ਨੂੰ ਦੂਜੀ ਵਾਰ 'ਓਬੀਏ ਐਵਾਰਡ' ਮਿਲਿਆ। ਇਸ ਉਪਰ ਹੀ ਇਸ ਨਾਟ ਮੰਡਲੀ ਨੂੰ ਖੇਤਰੀ ਥੀਏਟਰ ਦੀ ਸ਼ਾਨਦਾਰ ਪੇਸ਼ਕਾਰੀ ਲਈ ਦੂਜੀ ਵਾਰ 'ਟੋਨੀ ਐਵਾਰਡ' ਵੀ ਮਿਲਿਆ।

ਪ੍ਰਧਾਨ ਰੇਗਨ ਦੇ ਸਮੇਂ ਜਦੋਂ ਪੂੰਜੀਵਾਦ ਦੀ 'ਕੰਪਿਊਟਰੀ ਇਲੈਕਟਰੋਨਿਕ' ਵਿਕਾਸ ਦੀ ਚੜ੍ਹਤ ਦਾ ਦੌਰ ਸੀ ਉਸ ਸਮੇਂ ਇਸ ਨੇ ਅਮਰੀਕਾ ਦੇ ਖੱਬੇ ਬੁੱਧੀਜੀਵੀ ਵਰਗ ਦੇ ਭਰਮ ਜਾਲ ਵਿਚ ਔਖੜ ਜਾਣ ਉਪਰ ਜ਼ਬਰਦਸਤ ਵਿਅੰਗ ਕਰਦਾ ਨਾਟਕ 'ਫੈਕਟਵੀਨੋ' ਬਾਰ ਬਾਰ ਵੱਡੇ ਸ਼ਹਿਰਾਂ ਦੀਆਂ ਯੂਨੀਵਰਸਿਟੀ ਗਰਾਊਂਡਾਂ ਵਿਚ ਖੇਡਿਆ। ਇਸ ਵਿਚ 'ਸ਼ਾਬਾਕਾ' ਨਾਂ ਦਾ ਸੁਪਰ ਹੀਰੋ 'ਸੂਚਨਾ ਤਕਨੀਕ' ਦੇ ਪਾਤਰ ਵਜੋਂ ਅਤੇ 'ਰਿੱਪਡ ਵਾਨ ਵਿੰਕਲ' ਨੂੰ ਨਾਟਕ ਵਿਚ 'ਆਰਥਰ ਹੋਲਡਨ' ਨੂੰ ਹਿੱਪੀ ਵਜੋਂ ਪੇਸ਼ ਕੀਤਾ ਜੋ 1968 ਵਿਚ ਜਦੋਂ ਜਾਗਿਆ ਤਾਂ ਉਸ ਨੂੰ ਦੁਨੀਆ ਅਜੀਬ ਤਰ੍ਹਾਂ ਦੀ ਨਜ਼ਰ ਆਈ।

ਇਸ ਨਾਟਮੰਡਲੀ ਨੇ ਪਹਿਲੀ ਵਾਰ 1980 ਵਿਚ ਕਿਊਬਾ ਅਤੇ 1986 ਵਿਚ ਸੈਂਡਿਸਟਾ ਦੇ ਨਿਕਰਾਗੋਆ ਵਿਚ ਆਪਣੇ ਵਿਅੰਗ ਨਾਟਕਾਂ ਦਾ ਮੰਚਨ ਕੀਤਾ। ਇਸ ਗਰੁੱਪ ਦਾ ਇਕ ਵਿਲੱਖਣ ਗੁਣ ਇਹ ਹੈ ਕਿ ਇਸ ਦੇ ਬਹੁਤੇ ਮੈਂਬਰਾਂ ਦਾ ਪਿਛੋਕੜ ਦੱਖਣੀ-ਅਮਰੀਕਾ ਅਤੇ ਮੈਕਸੀਕੋ ਦਾ ਹੋਣ ਕਰਕੇ ਇਹਨਾਂ ਨੂੰ ਅੰਗਰੇਜ਼ੀ ਦੇ ਨਾਲ-ਨਾਲ ਸਪੈਨਿਸ਼ ਭਾਸ਼ਾ ਵਿਚ ਬੋਲਣ ਦੀ ਇਕੋ ਜਿੰਨੀ ਮੁਹਾਰਤ ਹੈ। ਯਾਦ ਰਹੇ ਕੈਲੇਫੋਰਨੀ 1867 ਤੱਕ ਮੈਕਸੀਕੋ ਦਾ ਹਿੱਸਾ ਸੀ ਜਦੋਂ ਇਸ ਨੂੰ ਅਮਰੀਕਾ ਨੇ ਫੌਜੀ ਕਾਰਵਾਈ ਕਰਕੇ ਅਮਰੀਕਾ ਵਿਚ ਮਿਲਾਇਆ ਸੀ। ਏਸੇ ਲਈ ਇਥੋਂ ਦੀ ਵਸੋਂ ਦਾ ਇਕ ਵੱਡਾ ਹਿੱਸਾ ਸਪੈਨਿਸ਼ ਭਾਸ਼ੀ ਹੈ।

ਇਸ ਵਿਅੰਗ ਨਾਟ ਮੰਡਲੀ ਦੀ ਕਲਾਤਮਿਕ ਨਿਪੁੰਨਤਾ ਦੇ ਕਾਰਨ, ਇਹਨਾਂ ਦੇ ਨਾਟਕਾਂ ਦਾ ਵਿਸ਼ਾ ਡੈਮੋਕਰੇਟਿਕ ਅਤੇ ਰੀਪਬਲਿਕਨ ਸਰਕਾਰਾਂ ਦੀਆਂ ਨੀਤੀਆਂ ਦੇ ਵਿਰੁੱਧ ਹੋਣ ਦੇ ਬਾਵਜੂਦ ਇਹਨਾਂ ਨੂੰ 'ਕੌਮੀ ਕਲਾ ਵਿਕਾਸ ਕੌਂਸਲ' ਵਲੋਂ ਹੁਣ ਤੱਕ ਮਾਇਕ ਸਹਾਇਤਾ ਮਿਲਦੀ ਰਹੀ ਸੀ ਜਿਸ ਕਾਰਨ ਇਹਨਾਂ ਨੂੰ ਦੇਸ਼ ਭਰ ਵਿਚ ਆਉਣ ਜਾਣ ਵਿਚ ਮੁਸ਼ਕਿਲ ਨਹੀਂ ਆਉਂਦੀ ਸੀ। 1990 ਤੋਂ ਇਹ ਸਹਾਇਤਾ ਬੰਦ ਕਰ ਦਿੱਤੇ ਜਾਣ ਕਾਰਨ, ਹੁਣ ਇਹਨਾਂ ਨੂੰ ਦੂਰ-ਦੁਰਾਡੇ ਜਾ ਕੇ ਪੇਸ਼ਕਾਰੀਆਂ ਕਰਨੀਆਂ ਅਸੰਭਵ ਹੋ ਗਈਆਂ ਹਨ। ਹੁਣ ਇਹ ਗਰਮੀ ਦੀ ਰੁੱਤ ਵਿਚ ਹੀ ਕੁਝ ਹਫਤੇ ਬਾਹਰ ਜਾਂਦੇ ਹਨ। ਹੁਣ ਇਹ ਜੂਨ ਮਹੀਨੇ ਤਿਆਰੀ ਕਰਦੇ ਹਨ ਅਤੇ ਜੁਲਾਈ ਤੋਂ ਸਤੰਬਰ ਤੱਕ ਪ੍ਰੋਗਰਾਮ ਦਿੰਦੇ ਹਨ।

ਇਹ ਨਾਟ ਮੰਡਲੀ ਉਹਨਾਂ ਨੌਜਵਾਨਾਂ ਲਈ ਸਿਖਲਾਈ ਵਰਕ-ਸ਼ਾਪਾਂ ਵੀ ਲਾਉਂਦੇ



ਹਨ ਜਿਹੜੇ ਸਕੂਲ ਛੱਡ ਜਾਂਦੇ ਹਨ। ਇਉਂ ਕਰਨ ਵਿਚ ਉਹਨਾਂ ਦਾ ਉਦੇਸ਼ ਇਹਨਾਂ ਨੌਜਵਾਨਾਂ ਵਿਚ ਜਾਗ੍ਰਤੀ ਲਿਆ ਕੇ ਨਸ਼ਿਆਂ ਵਿਚ ਪੈਣ ਅਤੇ ਵਿਗੜ ਜਾਣ ਤੋਂ ਰੋਕਣਾ ਹੈ। ਇਹ ਚਾਹੁੰਦੇ ਹਨ ਕਿ ਉਹਨਾਂ ਵਿਚ ਵਰਗ-ਚੇਤਨਾ ਪੈਦਾ ਹੋਵੇ ਤਾਂ ਵਿਸ਼ਵੀਕਰਨ ਦੇ ਇਸ ਦੌਰ ਵਿਚ ਉਹ ਸਮਾਜ ਵਿਚ ਚੇਤਨਾ ਲਿਆਉਣ ਵਾਲੀ ਲਹਿਰ ਦਾ ਅੰਗ ਬਣ ਸਕਣ।

**ਕੁਝ 'ਉਪਕਾਰ' ਵਿਅੰਗ ਨਾਟ ਬਾਰੇ**

ਸਾਨ ਫਰਾਂਸਿਸਕੋ ਵਿਅੰਗ ਨਾਟ ਮੰਡਲੀ ਦੇ ਡਾਇਰੈਕਟਰ ਮਿ. ਵਿਲੀਅਮ ਟੋਅ-ਮੈਨ ਦਾ ਕਹਿਣਾ ਹੈ ਕਿ ਇਸ ਸਮੇਂ ਅਮਰੀਕਾ ਦੀ ਅਤੇ ਸੰਸਾਰ ਦੀ ਸਮਾਜਿਕ, ਰਾਜਨੀਤਿਕ ਸਥਿਤੀ ਅਸਲੋਂ ਹੀ ਬਦਲੀ ਹੋਈ ਹੈ। ਹੁਣ ਹਲਕੇ-ਫੁਲਕੇ ਵਿਅੰਗ, ਇਸ ਸਥਿਤੀ ਨੂੰ ਸਮਝਣ-ਸਮਝਾਉਣ ਲਈ ਕਾਟ ਨਹੀਂ ਕਰ ਸਕਦੇ। ਹੁਣ ਸਾਨੂੰ ਗੰਭੀਰ ਵਿਸ਼ੇ ਲੈਣੇ ਹੀ ਪੈਣੇ ਹਨ। ਇਹ ਗੱਲ ਨਹੀਂ ਕਿ ਗੰਭੀਰ ਵਿਸ਼ਿਆਂ ਉੱਪਰ ਵਿਅੰਗ ਨਹੀਂ ਕੀਤਾ ਜਾ ਸਕਦਾ। ਸਗੋਂ ਇਹ ਤਾਂ ਵਿਅੰਗ-ਨਾਟ ਲੇਖਕਾਂ ਅਤੇ ਕਲਾਕਾਰਾਂ ਦੀ ਕਲਾ-ਯੋਗਤਾ ਨਹੀਂ ਵੰਗਾਰ ਹੈ। 'ਉਪਕਾਰ' ਵਿਅੰਗ ਨਾਟ ਇਸ ਦੀ ਇਕ ਜ਼ਬਰਦਸਤ ਉਦਾਹਰਨ ਹੈ।

ਮਿ. ਟੋਅ ਮੈਨ ਨੇ 'ਉਪਕਾਰ' ਵਿਅੰਗ ਨਾਟ ਬਾਰੇ ਕਿਹਾ, 'ਇਹ ਨਿੱਗਰ ਕਿਸਮ ਦਾ ਵਿਅੰਗ ਨਾਟ ਹੈ। ਆਮ ਤੌਰ ਉਪਰ ਵਿਅੰਗ ਹਲਕੇ-ਫੁਲਕੇ ਹੁੰਦੇ ਹਨ। ਅਜੋਕੇ ਸਮੇਂ ਦੀਆਂ ਕਰੂਰ ਹਕੀਕਤਾਂ ਉਪਰੋਂ ਭਿਅੰਕਰ ਰੂਪ ਵਿਚ ਛਾਏ ਪਰਦਿਆਂ ਨੂੰ ਚੁੱਕਣ ਦੀ ਸਰਲ-ਵਿਅੰਗਾਂ ਦੀ ਸਮਰੱਥਾ ਨਹੀਂ ਹੈ। ਇਸ ਲਈ ਅਸੀਂ ਸੋਚ ਵਿਚਾਰ ਕੇ ਇਸ ਸਿੱਟੇ ਤੇ ਅੱਪੜੇ ਹਾਂ ਕਿ ਹਲਕੇ ਵਿਅੰਗ ਨਾਟਾਂ ਦਾ ਸਮਾਂ ਲੰਘ ਗਿਆ ਹੈ। ਜੀਵਨ ਬੜਾ ਹੀ ਵਿਖਮ ਅਤੇ ਗੁੰਝਲਦਾਰ ਹੋ ਗਿਆ ਹੈ।

ਉਸ ਨੇ ਅੱਗੇ ਕਿਹਾ, "ਅਸੀਂ ਜਹਾਨ ਪਾਰਕਿੰਨਜ਼ ਦੀ ਪੁਸਤਕ 'ਇਕ ਧਨੀ ਲੁਟੇਰੇ ਦਾ ਇਕਬਾਲ' ਨੂੰ 'ਉਪਕਾਰ' ਦਾ ਵਿਸ਼ਾ ਬਣਾਉਣ ਲਈ ਚੁਣ ਲਿਆ। ਇਹ ਬੜਾ ਹੀ ਕਠਿਨ ਕੰਮ ਸੀ। ਇਹ ਵਿਸ਼ਵੀਕਰਨ ਦੇ ਦੌਰ ਦੀ ਉਹ ਹਕੀਕੀ ਕਥਾ ਹੈ ਜਿਸ ਵਿਚ ਅਮਰੀਕਾ ਵਲੋਂ ਵਿਕਾਸਸ਼ੀਲ ਅਤੇ ਪਛੜੇ ਦੇਸ਼ਾਂ ਦੇ ਕੱਚੇ ਪਦਾਰਥਿਕ ਸੋਮਿਆਂ ਦਾ ਸ਼ੋਸ਼ਨ ਹੁੰਦਾ ਦਿਖਾਇਆ ਗਿਆ ਹੈ। ਅਸਲ ਵਿਚ 'ਉਪਕਾਰ' ਦੀ ਸਿਰਜਣਾ ਕਰਨ ਦਾ ਵਿਚਾਰ ਸਾਡੇ ਪਹਿਲੇ ਐਕਟਰ-ਡਾਇਰੈਕਟਰ (1969-2000) ਮਿ. ਡਾਨ ਚੁਮਲੇਅ ਦਾ ਹੈ। ਉਸ ਦਾ ਵਿਚਾਰ ਸੀ ਕਿ ਇਹ ਪੁਸਤਕ ਹੀ ਸਮੇਂ ਦੀਆਂ ਸਮੱਸਿਆਵਾਂ ਦੇ ਹਾਣ ਦੀ ਹੈ। ਇਹ ਪੁਸਤਕ ਇਸ ਸਵਾਲ ਦਾ ਉੱਤਰ ਦਿੰਦੀ ਹੈ ਕਿ ਦੁਨੀਆ ਭਰ ਦੇ ਦੇਸ਼ਾਂ ਦੇ ਲੋਕ, **ਖਾਸ ਕਰਕੇ 9/11 ਤੋਂ ਪਿੱਛੋਂ ਕਿਉਂ ਅਮਰੀਕਾ ਨਾਲ ਨਫ਼ਰਤ ਕਰਦੇ ਹਨ?** ਇਹ ਵਿਸ਼ਾ ਸਾਡੇ ਲਈ ਇਕ ਸਮੱਸਿਆ ਵੀ ਸੀ ਅਤੇ ਵੰਗਾਰ ਵੀ ਸੀ। ਇਹ ਅਜਿਹਾ ਵਿਸ਼ਾ ਹੈ ਜਿਸ ਬਾਰੇ ਅਮਰੀਕਨ ਲੋਕਾਂ ਨੂੰ ਸੋਚਣ ਦਾ ਮੌਕਾ ਨਹੀਂ ਦਿੱਤਾ ਜਾਂਦਾ। ਸਾਡਾ ਮੀਡੀਆ ਅਜਿਹੀ ਧੁੰਦ ਅਤੇ ਝੂਠਾ ਪ੍ਰਚਾਰ ਕਰਦਾ ਹੈ ਕਿ ਸੱਚ ਨੂੰ ਸਾਹਮਣੇ ਹੀ ਨਹੀਂ ਆਉਣ ਦੇ ਰਿਹਾ।

ਮਿ. ਟੋਅ ਮੈਨ ਦਾ ਕਹਿਣਾ ਹੈ, "ਸਾਡੀ ਮਿਲਟਰੀ ਕੋਲ ਅਜਿਹੇ ਤਬਾਹਕੁਨ ਹਥਿਆਰ ਹਨ, ਜਿਨ੍ਹਾਂ ਨੂੰ ਅਸੀਂ ਦੁਨੀਆ ਭਰ ਦੀਆਂ ਸਰਕਾਰਾਂ ਨੂੰ ਮਜਬੂਰ ਕਰਨ ਲਈ ਇਸ ਤਰ੍ਹਾਂ ਵਰਤਦੇ ਹਾਂ ਕਿ ਉਹ ਸਾਡੀਆਂ ਨੀਤੀਆਂ ਦੇ ਅਨੁਸਾਰੀ ਹੋ ਕੇ ਚੱਲਣ। ਲੋਕ ਨਹੀਂ ਜਾਣਦੇ ਕਿ ਸਾਡੇ ਵਲੋਂ ਦਿੱਤੀ ਜਾਂਦੀ ਸਹਾਇਤਾ ਦੂਜੇ ਦੇਸ਼ਾਂ ਨੂੰ ਸ਼ਰਤਾਂ ਨਾਲ ਨੂੜਕੇ ਕਰਜ਼ਈ ਬਣਾਉਣ ਲਈ ਵਰਤੀ ਜਾਂਦੀ ਹੈ।"

'ਉਪਕਾਰ' ਦਾ ਵਰਤਾਰਾ ਇਕ ਥਾਂ ਨਹੀਂ ਵਾਪਰਦਾ। ਇਸ ਵਿਚ ਦਿਖਾਇਆ ਗਿਆ ਹੈ ਕਿ ਅਮਰੀਕਾ ਵਿਸ਼ਵੀਕਰਨ ਦੀ ਜਕੜ ਕਿਵੇਂ ਕਰਜ਼ਿਆਂ ਦੇ ਰੂਪ ਵਿਚ ਵਰਤ ਕੇ ਦੇਸ਼ਾਂ ਅਤੇ ਲੋਕਾਂ ਨੂੰ ਜਕੜਦਾ ਹੈ। ਇਹ ਪੰਜੇ ਮਹਾਦੀਪਾਂ ਵਿਚ ਇਕੋ ਉਦੇਸ਼ ਨਾਲ, ਵੱਖ-ਵੱਖ ਤਰ੍ਹਾਂ ਪੇਸ਼ ਆਉਂਦਾ ਹੈ। 'ਉਪਕਾਰ' ਦੀ ਪੇਸ਼ਕਾਰੀ ਔਖੇ ਅਤੇ ਗੰਭੀਰ ਵਿਸ਼ੇ ਦੇ ਬਾਵਜੂਦ ਮਨੋਰੰਜਨ ਅਤੇ ਵਿਅੰਗ ਦੇ ਰੂਪ ਵਿਚ ਕੀਤੀ ਗਈ ਹੈ।

'ਉਪਕਾਰ' ਵਿਅੰਗ ਨਾਟ ਦੀ ਕਹਾਣੀ 1968 ਤੋਂ ਤੁਰਦੀ ਹੈ। ਇਸ ਵਿਚ ਇਕ ਦੰਪਤੀ ਜੋੜਾ ਜੇਮਜ਼ ਅਤੇ ਮੌਲੀ ਹੈ। ਵੀਅਤਨਾਮ ਦਾ ਯੁੱਧ ਸਿਖ਼ਰਾਂ ਉੱਪਰ ਹੈ। ਵੀਅਤਨਾਮ ਦੇਸ਼ ਭਗਤ ਗੁਰੀਲਿਆਂ ਨੇ 'ਤਿੱਤ ਤਿਉਹਾਰ' ਜੋ ਵੀਅਤਨਾਮ ਨਵੇਂ ਵਰ੍ਹੇ ਦਾ ਦਿਨ ਹੈ, ਸਮੇਂ ਅਮਰੀਕਨ ਫੌਜਾਂ ਉੱਪਰ ਅਜਿਹਾ ਭਰਵਾਂ ਹਮਲਾ ਕੀਤਾ ਕਿ ਉਹਨਾਂ ਦੇ ਹੋਸ਼ ਉੱਡ ਗਏ। ਉਹ ਜਿੱਧਰ ਨੂੰ ਭੱਜਦੇ ਹਨ ਅੱਗੋਂ ਵੀਅਤਕਾਂਗ ਗੁਰੀਲੇ ਆਣ ਪੈਂਦੇ ਹਨ। ਅਮਰੀਕਾ ਵਿਚ 'ਤਿੱਤ' ਹਮਲੇ ਦੀਆਂ ਖ਼ਬਰਾਂ ਅਤੇ ਅਮਰੀਕਨ ਫੌਜੀਆਂ ਦੀਆਂ ਲਾਸ਼ਾਂ ਲੈ ਕੇ ਆਉਣ ਵਾਲੇ ਜਹਾਜ਼ਾਂ ਦੀਆਂ ਖ਼ਬਰਾਂ ਨੇ ਅਮਰੀਕਨ ਲੋਕਾਂ ਨੂੰ ਭੈ-ਭੀਤ ਕਰ ਦਿੱਤਾ ਸੀ। ਫੌਜ ਵਿਚ ਭਰਤੀ ਹੋਣ ਦਾ ਅਰਥ ਵੀਅਤਨਾਮ ਵਿਚ ਜਾ ਕੇ ਮੌਤ ਦੇ ਮੂੰਹ ਪੈਣਾ ਸੀ। ਅਜਿਹੇ ਮਾਹੌਲ ਵਿਚ ਜੇਮਜ਼ ਅਤੇ ਮੌਲੀ ਭਰਤੀ ਤੋਂ ਬਚਣ ਲਈ 'ਪੀਸ ਕੌਰਪਸ' ਵਿਚ ਮੁਲਾਜ਼ਮ ਹੋ ਗਏ। ਉਹਨਾਂ ਨੂੰ ਇਸ ਪਰਦੇ ਵਿਚ ਸੀ. ਆਈ. ਏ. ਦੇ ਮਿਸ਼ਨ ਉੱਤੇ ਇਕੂਆਡੋਰ (ਦੱਖਣੀ ਅਮਰੀਕਾ) ਭੇਜਿਆ ਜਾਂਦਾ ਹੈ। ਉਥੇ ਉਹ ਕੋਈ ਤਬਦੀਲੀ ਲਿਆਉਣ ਭਾਵ ਰਾਜ ਪਲਟਾ ਕਰਵਾਉਣ ਵਿਚ ਅਸਫਲ ਹੋ ਜਾਂਦੇ ਹਨ ਅਤੇ ਵਾਪਸ ਬੁਲਾ ਲਏ ਜਾਂਦੇ ਹਨ।

ਮੌਲੀ ਦਾ ਮਾਮਾ, ਜੇਮਜ਼ ਨੂੰ 'ਲੋਕ-ਸੇਵਾ' ਲਈ ਇੰਡੋਨੇਸ਼ੀਆ ਭੇਜ ਦਿੰਦਾ ਹੈ। ਉਹ ਉਹ 'ਕਾਰਪੋਰੇਟ ਇਕੌਨਮਿਸਟ' ਦੇ ਰੂਪ ਵਿਚ ਜਾਂਦਾ ਹੈ। ਉੱਥੇ ਉਹ ਕਰਜ਼ੇ ਦਿੰਦਾ, ਵਸੂਲਦਾ ਅਤੇ ਮੌਜ ਮੇਲਾ ਕਰਦਾ ਸ਼ਰਾਬੀ ਬਣ ਜਾਂਦਾ ਹੈ। ਪਰ ਉਹ ਵੱਡੀਆਂ ਰਕਮਾਂ ਬਟੋਰ ਕੇ ਅਮੀਰ ਬਣ ਕੇ ਵਾਪਿਸ ਆਉਂਦਾ ਹੈ। ਜੇਮਜ਼ ਦੇ ਨਾਲ ਗਈ ਮੌਲੀ ਨੂੰ ਇੰਡੋਨੇਸ਼ੀਅਨ ਲੋਕਾਂ ਦੀ ਗੁਰਬਤ ਡੂੰਘੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਇਹ ਵੱਡੇ ਮਨਸੂਬਿਆਂ ਨੂੰ ਨੇਪਰੇ ਚਾੜ੍ਹ ਦੇਣ ਦੇ ਬਾਵਜੂਦ ਸਗੋਂ ਹੋਰ ਵਧੀ ਸੀ। ਉਹ ਉਦਾਸ ਮਨ ਨਾਲ ਵਾਪਸ ਆ ਜਾਂਦੀ ਹੈ। ਜੇਮਜ਼ ਨੂੰ ਵਾਪਿਸ ਆਉਣ ਸਾਰ ਹੀ ਫਿਰ ਇਰਾਨ ਭੇਜ ਦਿੱਤਾ ਜਾਂਦਾ ਹੈ। ਉੱਥੇ ਉਸ ਨੂੰ ਉਪਕਾਰ ਦੇ ਸਹੀ ਅਰਥਾਂ ਦੀ ਸਮਝ ਆਉਂਦੀ ਹੈ। ਉਥੇ ਉਹ ਮੌਲਾਣਿਆਂ ਦੇ ਵਿਚ ਫਸ ਜਾਂਦਾ ਹੈ। ਖ਼ੁਮੈਨੀ ਦੀ ਅਮਰੀਕਾ ਵਿਰੋਧੀ ਲਹਿਰ ਜ਼ੋਰਾਂ ਉੱਪਰ ਸੀ। ਉਹ



ਉੱਥੇ ਪਸਰੇ ਰੇਗਿਸਤਾਨ ਇਲਾਕੇ ਵਿਚ ਇਕ ਮਿੱਤਰ ਨੂੰ ਮਿਲਦਾ ਹੈ। ਉਹ ਉਸ ਨੂੰ ਛੇਤੀ ਤੋਂ ਛੇਤੀ ਈਰਾਨ ਵਿਚੋਂ ਨਿਕਲ ਜਾਣ ਦੀ ਸਲਾਹ ਦਿੰਦਾ ਹੈ। ਉਸ ਨੇ ਖ਼ਤਰਨਾਕ ਨਤੀਜੇ ਨਿਕਲਣ ਦੀ ਸੰਭਾਵਨਾ ਤੋਂ ਉਸਨੂੰ ਜਾਣੂ ਕਰਵਾਇਆ। ਜੇਮਜ਼ ਤੀਜੀ ਦੁਨੀਆ ਦੇ ਦੇਸ਼ਾਂ ਨੂੰ, ਇਕ ਤਰ੍ਹਾਂ ਦਾ ਪੂੰਜੀਵਾਦੀ ਮਿਸ਼ਨਰੀ ਬਣਕੇ, ਮੁਕਤ ਮੰਡੀ ਦੇ ਨੁਸਖਿਆਂ ਦਾ ਉਪਦੇਸ਼ ਦੇਣ ਵਾਲਾ, ਪਰਉਪਕਾਰੀ 'ਪਾਦਰੀ' ਬਣ ਗਿਆ ਸੀ। ਉਹ ਬਹੁਕੌਮੀ ਕਾਰਪੋਰੇਸ਼ਨ ਲਈ ਅਰਥ-ਸ਼ਾਸਤਰੀ ਦੇ ਰੂਪ ਵਿਚ ਮਿਹਨਤ ਦੀ ਲੁਟ ਕਰਨ ਲਈ ਬੇਕਿਰਕ ਜ਼ੁਲਮਾਂ ਦੇ ਢੰਗ ਤਰੀਕੇ ਵਰਤਣੇ ਦੱਸਦਾ ਹੈ।

ਉਪਰੋਕਤ ਚਾਰੇ ਦੇਸ਼ਾਂ ਦੇ ਨਾਟ-ਸੀਨ, ਉਹਨਾਂ ਦੇ ਨਾਵਾਂ ਦੀਆਂ ਤਖ਼ਤੀਆਂ ਉਪਰ ਲਿਖਕੇ ਲਟਕਾਏ ਹੁੰਦੇ ਹਨ। ਨਾਲ ਹੀ ਉਹਨਾਂ ਵਰ੍ਹਿਆਂ ਦੇ ਸੰਨ ਲਿਖੇ ਹੁੰਦੇ ਹਨ। ਇਹ ਘਟਨਾਵਾਂ ਦੇ ਨਾਲ-ਨਾਲ ਬਦਲਦੇ ਰਹਿੰਦੇ ਹਨ ਜਿਸ ਤੋਂ ਕਹਾਣੀ ਦੇ ਅੱਗੇ ਤੁਰਨ ਦੀ ਸੋਝੀ ਮਿਲਦੀ ਹੈ। ਵੀਅਤਨਾਮ, ਇਕੋਆਡੋਰ, ਇੰਡੋਨੇਸ਼ੀਆ ਅਤੇ ਈਰਾਨ ਦੇ ਲੋਕ ਪਹਿਰਾਵੇ, ਉਹਨਾਂ ਵਾਂਗ ਹੀ ਨਾਟਕ ਦੀ ਬੋਲਚਾਲ, ਤੁਤਲੀ ਅੰਗਰੇਜ਼ੀ ਬੋਲ ਕੇ ਵਖਰਾਈ ਗਈ, ਡਾਢੀ ਪ੍ਰਭਾਵਿਤ ਕਰਦੀ ਹੈ। ਨਾਟਕ ਦਾ ਆਰੰਭ ਅਤੇ ਅੰਤ ਅਮਰੀਕਾ ਵਿਚ ਹੁੰਦਾ ਹੈ। ਉਸ ਸਮੇਂ ਅੰਗਰੇਜ਼ੀ ਦਾ ਉਚਾਰਨ ਸਪੱਸ਼ਟ ਅਮਰੀਕਨ ਢੰਗ ਦਾ ਹੈ। ਇਸ ਤਰ੍ਹਾਂ ਇਹ ਵਿਅੰਗ ਨਾਟ ਵਿਸ਼ਵੀਕਰਨ, ਮੁਕਤ ਮੰਡੀ, ਵਿਸ਼ਵ ਵਪਾਰ ਸੰਸਥਾ ਆਦਿ ਦਾ ਬੋਝਲ ਰਾਜਨੀਤਿਕ ਆਰਥਿਕ ਵਿਸ਼ਿਆਂ ਨੂੰ ਪੂਰੀ ਤਰ੍ਹਾਂ ਨਿਭਾਉਣ ਵਿਚ ਸਫਲ ਹੋ ਜਾਂਦਾ ਹੈ।

ਮਿਸਟਰ ਟੋਅ ਮੈਨ ਨੇ ਇਸ ਵਿਅੰਗ ਨਾਟ ਦੀ ਸਿਰਜਣਾ ਦੀ ਲੰਬੀ ਅਸਲੀ ਸਿਰਜਨ ਪ੍ਰਕਿਰਿਆ ਬਾਰੇ ਵੀ ਦੱਸਿਆ। ਉਹਨਾਂ ਕਿਹਾ, "ਵਿਅੰਗ ਨਾਟ ਦੇ ਚਾਰ ਸੀਨ ਹਨ। ਹਰ ਸੀਨ ਦਾ ਲੇਖਕ ਵੱਖਰਾ ਲੇਖਕ ਪਾਤਰ ਹੀ ਹੈ। ਇਸ ਵਿਸ਼ੇ ਦੇ ਔਖੇ ਹੋਣ ਕਾਰਨ, ਬੜੀ ਮਿਹਨਤ ਨਾਲ ਮੁੜ-ਮੁੜ ਲਿਖੇ ਗਏ ਹਨ। ਜਦੋਂ ਅਸੀਂ ਪਹਿਲੇ ਸੀਨ ਦੀ ਰਿਹਰਸਲ ਸ਼ੁਰੂ ਕਰ ਦਿੱਤੀ ਸੀ ਉਸ ਸਮੇਂ ਹਾਲੇ ਅੱਧੀ ਲਿਖਤ ਹੀ ਲਿਖੀ ਗਈ ਸੀ। ਜਦੋਂ ਰਿਹਰਸਲ ਸ਼ੁਰੂ ਕਰ ਦਿੰਦੇ ਤਾਂ ਹੋਰ ਵਧੇਰੇ ਸੋਧਾਂ, ਦੂਜੇ ਮੈਂਬਰਾਂ ਦੇ ਸਹਿਯੋਗ ਅਤੇ ਅਦਾਕਾਰੀ ਕਰਦਿਆਂ ਸਮੇਂ ਅਮਲ ਵਿਚ ਆਉਂਦੀਆਂ ਹਰ ਪਾਤਰ ਆਪੋ ਆਪਣੇ ਰੋਲ ਕਰਦਾ ਤਜਰਬੇ ਵਿਚੋਂ ਲੰਘਦਾ ਖੁਦ ਹੀ ਸੋਧਾਂ ਨੋਟ ਕਰਦਾ ਹੈ। ਕਿੱਥੇ ਕਿਹੜਾ ਅੜਿੱਕਾ ਪੇਸ਼ ਆਉਂਦਾ ਹੈ। ਜਿਸ ਵਿਚ ਸੁਧਾਰ ਕਰਨਾ ਹੈ। ਇਸ ਤਰ੍ਹਾਂ ਲਗਾਤਾਰ ਕਾਂਟ-ਛਾਂਟ ਅਤੇ ਸੋਧਾਂ ਕਰਦਿਆਂ ਇਸ ਵਿਅੰਗ ਨਾਟ ਉਪਕਾਰ ਦੀ ਸਿਰਜਣਾ, ਨਾਟ ਮੰਡਲੀ ਦੇ ਸਮੂਹਿਕ ਮੈਂਬਰਾਂ ਦੀ ਅਮਲੀ ਸਿਰਜਣ ਪ੍ਰਕਿਰਿਆ ਹੈ ਅਤੇ ਇਸ ਨੂੰ ਨਿਰੰਤਰ ਸਿਰਜਣਾ ਦਾ ਅਮਲ ਵੀ ਕਹਿ ਸਕਦੇ ਹਾਂ। ਮਿ. ਟੋਅ ਮੈਨ ਨੇ ਕਿਹਾ "ਇਹ ਕਹਿਣਾ ਹਾਲੇ ਵੀ ਕਠਿਨ ਹੈ ਕਿ ਇਸ ਨੂੰ ਮੁਕੰਮਲ ਵਿਅੰਗ ਨਾਟ ਕਹਿ ਸਕੀਏ। ਕਿਉਂਕਿ ਅਸੀਂ ਹਾਲੇ ਵੀ ਇਸ ਨੂੰ ਨਾਲੋ-ਨਾਲ ਬਦਲਦੇ ਰਹਿੰਦੇ ਹਾਂ।"

ਸਾਨ ਫਰਾਂਸਿਸਕੋ ਵਿਅੰਗ ਨਾਟ ਮੰਡਲੀ ਦੇ ਦਸ ਪੱਕੇ ਮੈਂਬਰ ਹਨ। ਇਹ ਵਰ੍ਹਿਆਂ ਤੋਂ ਲਗਾਤਾਰ ਨਾਟਕ ਕਰਦੇ ਆ ਰਹੇ ਹਨ। ਅਸਲ ਵਿਚ ਇਹ ਨਾਟ ਮੰਡਲੀ ਇਹਨਾਂ ਮੈਂਬਰਾਂ ਦੀ ਪ੍ਰਤੀਬੱਧਤਾ ਨਾਲ ਹੀ ਚੱਲ ਰਹੀ ਹੈ। ਇਸ ਦੀ ਸਫਲਤਾ ਅਤੇ ਹੋਂਦ ਦਾ ਕਾਇਮ

ਰਹਿਣ ਦਾ ਰਾਜ਼, ਇਸ ਦੇ ਉੱਤੇ ਇਨਕਲਾਬੀ ਉਦੇਸ਼ਾਂ ਪ੍ਰਤੀ ਇਕ ਦੂਜੇ ਤੋਂ ਵੱਧ ਪ੍ਰਤੀਬੱਧ ਹੋਣਾ ਹੈ। ਇਹੋ ਇਸ ਨੂੰ ਜੋੜ ਕੇ ਰੱਖ ਰਹੀ ਹੈ।

ਮਿ. ਟੋਅ ਮੈਨ ਨੇ ਦੱਸਿਆ, "ਤੁਸੀਂ ਇਹ ਘੱਟ ਹੀ ਵੇਖਿਆ ਹੋਵੇਗਾ ਕਿ ਕਿਸੇ ਥੀਏਟਰ ਗਰੁੱਪ ਦਾ ਰਾਜਨੀਤਿਕ ਵਿਚਾਰ ਅਤੇ ਸਮਾਜਿਕ ਪਰਿਵਰਤਨ ਦਾ ਸੁਨੇਹਾ ਇਕੱਠਾ ਹੋਵੇ ਅਤੇ ਹੋਵੇ ਕਿਸੇ ਉੱਚ ਆਦਰਸ਼ ਅਤੇ ਮੰਤਵ ਦੀ ਪ੍ਰਾਪਤੀ ਲਈ। ਅਸੀਂ ਇਹ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ ਕਿ ਸਾਡੇ ਗਰੁੱਪ ਵਿਚ ਸ਼ਾਮਲ ਹੋਣ ਵਾਲੇ ਨਵੇਂ ਮੈਂਬਰ ਅਤੇ ਸਾਡੇ ਨਾਟਕਾਂ ਦੇ ਦਰਸ਼ਕਾਂ ਵਿਚ ਸਭ ਕੁਝ ਇਕੱਠਾ ਹੀ ਮਹਿਸੂਸ ਕਰਕੇ, ਅੱਸ਼-ਅੱਸ਼ ਕਰ ਉੱਠਦੇ ਹਨ। ਇਹ ਸੱਚਮੁੱਚ ਹੀ ਸਾਡੀ ਨਾਟ ਮੰਡਲੀ ਦੀ, ਹੋਰਨਾਂ ਨਾਲੋਂ ਵਿਲੱਖਣਤਾ ਹੈ। ਅਸੀਂ ਆਪਣੇ ਮੰਤਵਾਂ ਲਈ ਤਨ, ਮਨ, ਧਨ ਅਰਪਨ ਕੀਤਾ ਹੋਇਆ ਹੈ।

'ਸਾਨ ਫਰਾਂਸਿਸਕੋ ਵਿਅੰਗ ਨਾਟ ਮੰਡਲੀ' ਨੇ ਅਮਰੀਕਨ ਸਾਮਰਾਜ ਦੀ ਧਰਤੀ ਉੱਪਰ ਅਜਿਹੇ ਇਕ ਥੀਏਟਰ ਨੂੰ ਸਿਰਜਿਆ ਹੋਇਆ ਹੈ ਜਿਸ ਨੇ ਨਾਟਕ ਸਮਾਜੀ, ਰਾਜਨੀਤਿਕ, ਆਰਥਿਕ ਅਤੇ ਸੱਭਿਆਚਾਰ ਸਰੋਕਾਰਾਂ ਨੂੰ ਸੰਬੋਧਿਤ ਹਨ। ਇਹੋ ਹੀ ਨਹੀਂ, ਇਹਨਾਂ ਦੀਆਂ ਪੇਸ਼ਕਾਰੀਆਂ ਉੱਚ ਪੱਧਰ ਦੀ ਗੁਣਵੱਤਾ ਵਾਲੀਆਂ ਹੁੰਦੀਆਂ ਹਨ। ਇਸ ਮੰਡਲੀ ਦਾ ਇਕ ਪ੍ਰਸੰਸਾਯੋਗ ਗੁਣ ਇਹ ਹੈ ਕਿ ਇਹ ਵੱਡ ਆਕਾਰੀ ਦਿਓ ਕੱਦ ਸਾਮਰਾਜੀ ਸ਼ਕਤੀ ਨੂੰ ਨਿੱਕੀ ਜਿਹੀ ਸਟੇਜ ਉੱਪਰ ਪੇਸ਼ ਕਰਦੀ ਹੈ। ਇਸ ਦੀ ਪੇਸ਼ਕਾਰੀ ਨਿਜੀ ਜੀਵਨ ਉੱਪਰ ਪੈਂਦੇ ਪ੍ਰਭਾਵਾਂ ਅਤੇ ਸੰਕਟਾਂ ਨੂੰ ਅਸੀਂ ਸਾਹਮਣੇ ਵਾਪਰਦਾ ਦੇਖ ਰਹੇ ਹੁੰਦੇ ਹਾਂ।

ਅਮਰੀਕਾ ਦੇ ਪ੍ਰਸਿੱਧ ਰੋਜ਼ਾਨਾ ਅਖ਼ਬਾਰ 'ਬੌਸਟਨ ਗਲੋਬ' ਨੇ ਇਸ ਨਾਟ ਮੰਡਲੀ ਬਾਰੇ ਟਿੱਪਣੀ ਕਰਦਿਆਂ ਕਿਹਾ ਸੀ "**ਤੁਸੀਂ ਕੇਵਲ ਰਾਜਨੀਤਿਕ ਥੀਏਟਰ ਨੂੰ ਹੀ ਨਹੀਂ ਵੇਖ ਰਹੇ ਹੁੰਦੇ, ਸਗੋਂ ਇਹ ਤਾਂ ਜਿਵੇਂ ਦੁਨਾਲੀ ਬੰਦੂਕ ਦੇ ਫਾਇਰ ਹੋ ਰਹੇ ਹੋਣ, ਜਿਵੇਂ ਇਕੋ ਸਮੇਂ ਥੀਏਟਰ ਅਤੇ ਰਾਜਨੀਤੀ ਨੂੰ ਇਕੱਠੇ ਕਰਕੇ, ਨਵੇਂ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੁੰਦਾ ਹੈ।**"

ਸਾਡੀਆਂ ਨਾਟਕ ਮੰਡਲੀਆਂ ਲਈ ਸਾਨਫਰਾਂਸਿਸਕੋ ਵਿਅੰਗ ਨਾਟ ਮੰਡਲੀ ਅਜੋਕੇ ਸਮੇਂ ਦੀ ਗੰਭੀਰ ਵਿਸ਼ਵੀਕਰਨ ਦੇ ਪ੍ਰਭਾਵ ਵਾਲੀ ਰਾਜਨੀਤਿਕ ਸਥਿਤੀ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾ ਕੇ, ਭਾਰਤੀ ਲੋਕਾਂ ਦੇ ਇਸ ਵਿਰੁੱਧ ਸੰਘਰਸ਼ ਵਿਚ ਇਕ ਮਹੱਤਵਪੂਰਨ ਯੋਗਦਾਨ ਪਾ ਰਹੀਆਂ ਹੋਣਗੀਆਂ। •

## ਬਿਨਾਂ ਟਿੱਪਣੀ ਤੋਂ

ਪਰ ਨਕਸਲਬਾੜੀ ਲਹਿਰ ਨੇ ਕੋਈ ਵੱਡਾ ਕਵੀ ਪੈਦਾ ਨਹੀਂ ਕੀਤਾ। ਕੁਝ ਲੋਕ ਬਾਹਰ ਭੱਜ ਗਏ ਹਨ। ਕੁਝ ਸਰਕਾਰ ਦੇ ਝੋਲੀ ਚੁੱਕ ਵੀ ਬਣ ਗਏ ਹਨ। ਕਿਸੇ ਨੇ ਹੀਣ-ਭਾਵਨਾ ਕਾਰਨ ਧਰਮ ਬਦਲ ਲਿਆ ਹੈ। ਕੋਈ ਬਦਕਾਰੀ ਕਾਰਨ ਮਾਰਿਆ ਗਿਆ। ਕੋਈ ਇਨਕਲਾਬੀ ਸੂਰਮਾ ਬੀਵੀ ਦੀ ਪਿਟਾਈ ਕਰਕੇ ਇਨਕਲਾਬ ਲਿਆ ਰਿਹਾ ਹੈ।

ਪੰਜਾਬ ਨੇ ਬੜੇ ਅਜ਼ੀਮ ਮਾਰਕਸੀ ਪੈਦਾ ਕੀਤੇ ਹਨ। ਪਰ ਅੱਜ ਕੱਲ ਉਹ ਰਸਤਿਓਂ ਖੁੰਝ ਗਏ ਹਨ ਤੇ ਸਵਾਰਥੀ ਹੋ ਗਏ ਹਨ।

ਡਾ. ਜਗਤਾਰ - ਮੁਹਾਂਦਰਾ ਤ੍ਰੈ-ਮਾਸਿਕ (ਜੁਲਾਈ-ਸਤੰਬਰ) 2005



# ਹੁਣ ਅੱਗੇ ਕੀ ਕਰਨਾ?

ਹਰਭਜਨ ਸਿੰਘ ਹੁੰਦਲ

ਹੁਣ ਅੱਗੇ ਕੀ ਕਰਨਾ?
ਬੇਬਸੀਆਂ ਨੂੰ ਬੋਲ ਬਖ਼ਸ਼ਣੇ
ਚੁੱਪ ਨਦੀ ਨੂੰ ਤਰਨਾ।

ਅੱਗੇ ਕਵੁਣ ਪਹਾੜ ਅਟਕਿਆ
ਪਿੱਛੇ ਆ ਨਹੀਂ ਹੋਣਾ,
ਬਿਨਾਂ ਬਹਾਨੇ ਮੁੜ ਮੁੜ ਸਾਥੋਂ
ਮੂਹਰਾ ਖਾ ਨਹੀਂ ਹੋਣਾ।
ਔਖੇ, ਫ਼ਿਕਰ ਬਿਗਾਨੇ ਲਾਉਣੇ
ਪੀੜ ਪਰਾਈ ਜਰਨਾ।

ਅੱਕ-ਪਲਾਹੀ ਹੱਥ ਮਾਰਿਆਂ
ਪੱਲੇ ਕੁੱਝ ਨਹੀਂ ਪੈਂਦਾ।
ਘਟਨਾਵਾਂ ਦੇ ਪੈਣ ਥਪੇੜੇ,
ਸਿਦਕ ਡੋਲ੍ਹਦਾ ਰਹਿੰਦਾ।
ਮੁੱਕਦੀ ਗੱਲ ਕਹਾਂ, ਜੇ ਆਖੇਂ
ਛੱਡੀਏ ਹਉਕੇ ਭਰਨਾ।

ਕਦੇ ਕਦੇ ਏਦਾਂ ਵੀ ਲੱਗੇ
ਥਿੜਕ ਗਏ, ਘਬਰਾਈਏ।
ਜੇ ਅੱਗੇ ਨਾ ਦਿਸੇ ਰੌਸ਼ਨੀ
ਦਿਲ ਦੇ ਦੀਪ ਜਗਾਈਏ।
ਔਖਾ ਹੁੰਦਾ, ਸ਼ੱਕ ਨਹੀਂ ਕਿ
ਇਕ ਸੁਪਨੇ ਦਾ ਮਰਨਾ।

ਹੁਣ ਜਿੱਥੇ ਹਾਂ ਅਟਕੇ, ਆ ਕੇ
ਮੁੜੇ, ਪਊ ਪਛਤਾਉਣਾ।
ਨਹੀਂ ਤੇ ਸਾਡੇ ਅੱਗੇ ਪਿੱਛੇ,
ਦੁਬਿਧਾ ਜਾਲ ਵਿਛਾਉਣਾ।
ਰੰਗਾਂ ਦੇ ਰਾਹ ਮੁਸ਼ਕਿਲ ਭਾਵੇਂ
ਬਿਨ ਰੰਗਾਂ ਨਹੀਂ ਸਰਨਾ।

(20-6-2006)

ਬਿਨਾਂ ਟਿੱਪਣੀ ਤੋਂ

# ਕਵਿਤਾ ਦੇ ਅਰਥ

**ਬੋਧ ਸਿੰਘ ਘੁੰਮਣ**

'ਸੰਗਰਾਮੀ ਲਹਿਰ' ਦੇ ਅਗਸਤ 2006 ਅੰਕ ਵਿਚ ਪੰਜਾਬ ਦੇ ਪ੍ਰਸਿੱਧ ਜਨਵਾਦੀ ਕਵੀ ਹਰਭਜਨ ਸਿੰਘ ਹੁੰਦਲ ਦੀ ਕਵਿਤਾ 'ਹੁਣ ਅੱਗੇ ਕੀ ਕਰਨਾ?' ਛਾਪੀ ਗਈ ਸੀ। ਇਸ ਕਵਿਤਾ ਵਿਚ ਹੁੰਦਲ ਨੇ ਅਜੋਕੀ ਬਾਹਰਮੁਖੀ ਸਥਿਤੀ ਦਾ ਵਰਨਣ ਕਰਦਿਆਂ ਇਸ ਦੇ ਆਮ ਮਨੁੱਖੀ ਵਿਚਾਰਾਂ 'ਤੇ ਪੈਂਦੇ ਪ੍ਰਭਾਵ ਦਾ ਕਲਾਤਮਕ ਚਿਤਰਣ ਪੇਸ਼ ਕੀਤਾ ਹੈ। ਇਸ ਲਈ ਸਾਡੀ ਸਮਝ ਅਨੁਸਾਰ ਇਹ ਇਕ ਮੁਕੰਮਲ ਤੇ ਪੂਰੀ ਤਰ੍ਹਾਂ ਸਫਲ ਰਚਨਾ ਹੈ। ਪ੍ਰੰਤੂ ਸੀ. ਪੀ. ਆਈ. (ਐਮ) ਦੇ ਦੈਨਿਕ ਅਖ਼ਬਾਰ 'ਦੇਸ਼ ਸੇਵਕ' ਨੇ ਇਸ ਨੂੰ 'ਸੰਗਰਾਮੀ ਲਹਿਰ' ਵਿਚ ਛਪੀ ਦੱਸਣ ਦੀ ਥਾਂ ਜਾਣ ਬੁਝ ਕੇ 'ਸੰਘਰਾਮੀ ਲਹਿਰ' ਲਿਖ ਕੇ ਇਸ ਦਾ ਮਖ਼ੌਲ ਉਡਾਇਆ ਸੀ! ਇੱਥੇ ਹੀ ਬਸ ਨਹੀਂ, ਸਾਹਿਤ ਦੇ ਇਨ੍ਹਾਂ ਆਲੋਚਕਾਂ ਨੇ ਹੁਣ 'ਲੋਕ ਲਹਿਰ' ਦੇ ਸਤੰਬਰ 2006 ਅੰਕ ਵਿਚ 'ਬੇਬਸੀਆਂ ਦੇ ਬੋਲ-ਕਬੋਲ' ਸਿਰਲੇਖ ਹੇਠ, ਉਹਨਾਂ ਦੇ ਇਕ ਨਵੇਂ ਕਲਮ-ਘਸੀਟ ਦੇ ਨਾਂ ਥੱਲੇ, ਇਸ ਕਵਿਤਾ ਨੂੰ ਨਾਂਹ ਪੱਖੀ ਗਰਦਾਨਦਿਆਂ ਇਸ ਨੂੰ ਸੀ. ਪੀ. ਐਮ. ਪੰਜਾਬ ਦੀ 'ਵਰਤਮਾਨ ਮਨੋਅਵਸਥਾ ਨੂੰ ਪ੍ਰਤੀਬਿੰਬਤ ਕਰਨ ਵਾਲੀ ਦੱਸਦਿਆਂ, ਦਰਜ ਕੀਤਾ ਗਿਆ ਹੈ :

"ਲੋਕ ਕਵੀ ਹਰਭਜਨ ਸਿੰਘ ਹੁੰਦਲ ਦੀ ਕਵਿਤਾ 'ਹੁਣ ਅੱਗੇ ਕੀ ਕਰਨਾ? ਜੋ ਉਹਨਾਂ ਦੇ ਪਰਚੇ (ਸੰਗਰਾਮੀ ਲਹਿਰ-ਲੇਖਕ) ਦੇ ਅਗਸਤ 2006 ਦੇ ਅੰਕ ਦੇ ਪੰਨਾ 27 'ਤੇ ਛਪੀ ਹੈ, ਉਨ੍ਹਾਂ ਦੀ ਵਰਤਮਾਨ ਮਨੋਅਵਸਥਾ ਨੂੰ ਪ੍ਰਤੀਬਿੰਬਤ ਕਰਦੀ ਹੈ। ਉਹ ਲਿਖਦੇ ਹਨ ਹੁਣ ਅੱਗੇ ਕੀ ਕਰਨਾ? ਬੇਬਸੀਆਂ ਦੇ ਬੋਲ ਬਖਸ਼ਣੇ, ਚੁੱਪ ਨਦੀ ਨੂੰ ਤਰਨਾ। ...... ਹੁਣ ਜਿੱਥੇ ਹਾਂ ਅਟਕੇ ਆ ਕੇ, ਮੁੜੇ ਤਾਂ ਪਊ ਪਛਤਾਉਣਾ, ਨਹੀਂ ਤੇ ਸਾਡੇ ਅੱਗੇ ਪਿੱਛੇ ਦੁਬਿਧਾ ਜਾਲ ਵਿਛਾਉਣਾ।"

ਆਓ ਵੇਖੀਏ ਕਿ ਇਸ ਕਵਿਤਾ ਦੇ ਸਹੀ ਅਰਥ ਕੀ ਹਨ? ਕੀ ਇਹ ਕਿਰਤ ਹਾਂ-ਪੱਖੀ ਹੈ ਜਾਂ ਨਾਂਹ-ਪੱਖੀ ਅਤੇ ਕੀ ਇਹ ਢਾਹੂ ਮਨੋਅਵਸਥਾ ਦਾ ਚਿਤਰਣ ਕਰਦੀ ਹੈ ਜਾਂ ਸਥਿਤੀ ਦਾ ਯਥਾਰਥਕ ਚਿਤਰਣ ਕਰਦਿਆਂ ਹਾਂ-ਪੱਖੀ ਹੋ ਨਿਬੜਦੀ ਹੈ।

ਇਹ ਕਵਿਤਾ ਇਸ ਬੰਦ ਨਾਲ ਸ਼ੁਰੂ ਹੁੰਦੀ ਹੈ :

ਹੁਣ, ਅੱਗੇ ਕੀ ਕਰਨਾ?
ਬੇਬਸੀਆਂ ਦੇ ਬੋਲ ਬਖਸ਼ਣੇ
ਚੁੱਪ ਨਦੀ ਨੂੰ ਤਰਨਾ।

ਸਪੱਸ਼ਟ ਹੈ ਕਿ ਕਵੀ ਚੌਗਿਰਦੇ ਵਿਚ ਪਸਰੀ ਸਥਿਤੀ ਦਾ ਕਲਾਤਮਕ ਚਿਤ੍ਰਣ ਕਰਦਿਆਂ 'ਬੇਬਸੀਆਂ ਨੂੰ ਬੋਲ ਬਖਸ਼ਣੇ' ਅਤੇ 'ਚੁੱਪ ਨਦੀ ਨੂੰ ਤਰਨਾ' ਦਾ ਹੋਕਾ ਦਿੰਦਾ ਹੈ? ਕੀ ਸਾਡੇ ਦੇਸ਼ ਦੇ ਜਨ ਸਮੂਹ ਤੰਗੀਆਂ, ਮੁਸ਼ਕਿਲਾਂ ਅਤੇ ਬੇਬਸੀਆਂ ਦਾ ਸ਼ਿਕਾਰ ਨਹੀਂ ਹਨ ਅਤੇ ਕੀ ਉਨ੍ਹਾਂ ਦੀ ਵੱਡੀ ਬਹੁਗਿਣਤੀ ਅਜੇ ਗੈਰਜਥੇਬੰਦ ਹੋਣ ਕਰਕੇ ਅਤੇ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਦੀ ਅਗਵਾਈ ਤੋਂ ਵਾਂਝੀ ਹੋਣ ਕਰਕੇ ਸਿਥਲ, ਬੇਬਸ ਤੇ ਚੁੱਪ ਰਹਿ ਕੇ ਭਾਣਾ ਮੰਨਣ ਲਈ ਮਜਬੂਰ ਨਹੀਂ ਹੈ। ਤਾਂ ਫਿਰ 'ਬੇਬਸੀਆਂ ਨੂੰ ਬੋਲ ਬਖਸ਼ਣ' ਅਤੇ



'ਚੁੱਪ ਨਦੀ ਨੂੰ ਤਰਨ' ਦਾ ਹੋਕਾ ਨਾਂਹ-ਪੱਖੀ ਕਿਵੇਂ ਹੋਇਆ?

ਕਵਿਤਾ ਦੇ ਇਸ ਤੋਂ ਅਗਲੇ ਤਿੰਨ ਬੰਦ ਵੀ ਮੌਜੂਦਾ ਯਥਾਰਥ ਦੀ ਹੀ ਪੇਸ਼ਕਾਰੀ ਕਰਦੇ ਹਨ, ਜਿਵੇਂ ਕਿ ਮਾਰਗ ਦਾ ਮੁਸ਼ਕਿਲਾਂ ਭਰਿਆ ਹੋਣਾ, ਇਨ੍ਹਾਂ ਮੁਸ਼ਕਿਲਾਂ ਦੇ ਸਨਮੁੱਖ ਕਦੇ ਦੁਬਿਧਾ ਦਾ ਸ਼ਿਕਾਰ ਵੀ ਹੋ ਜਾਣਾ ਜਾਂ ਅਸਥਾਈ ਤੌਰ 'ਤੇ ਉਦਾਸ ਹੋ ਜਾਣਾ ਅਤੇ ਕਦੇ ਕਦੇ ਥਿੜਕਣ ਤੇ ਘਬਰਾਹਟ ਹੁੰਦੀ ਵੀ ਲੱਗਦੀ ਹੈ। ਕੀ ਇਹ ਗੱਲਾਂ ਗੈਰ-ਕੁਦਰਤੀ ਹਨ ਤੇ ਨਿਰਾਸ਼ਾਵਾਦ ਦਾ ਪ੍ਰਗਟਾਵਾ ਕਰਦੀਆਂ ਹਨ? ਕਦਾਚਿਤ ਨਹੀਂ। ਕਵਿਤਾ ਦਾ ਇਕ ਵੀ ਬੰਦ ਨਿਰਾਸ਼ਾਵਾਦ ਵਿਚ ਨਹੀਂ ਮੁੱਕਦਾ। ਕਵਿਤਾ ਦਾ ਦੂਜਾ ਬੰਦ ਇਸ ਤਰ੍ਹਾਂ ਮੁੱਕਦਾ ਹੈ :

ਔਖੇ, ਫ਼ਿਕਰ ਬਿਗਾਨੇ ਲਾਉਣੇ
ਪੀੜ ਪਰਾਈ ਜਰਨਾ

ਅਤੇ, ਤੀਜਾ ਬੰਦ :

ਮੁਕਦੀ ਗੱਲ ਕਰਾਂ ਜੇ ਆਖੇਂ
ਛੱਡੀਏ ਹੌਕੇ ਭਰਨਾ।

ਕਵਿਤਾ ਦਾ ਚੌਥਾ ਬੰਦ ਇਸ ਸਮੁੱਚੀ ਸਥਿਤੀ ਦਾ ਸਾਧਾਰਨੀਕਰਨ ਕਰਦਾ ਹੈ, ਸਥਿਤੀ ਸਬੰਧੀ ਪਹਿਲੇ ਤਿੰਨਾਂ ਬੰਦਾਂ ਦਾ ਸਾਰਾਂਸ਼ ਪੇਸ਼ ਕਰਦਾ ਹੈ ਪ੍ਰੰਤੂ ਇਹ ਨਿਰਾਸ਼ਾਵਾਦ ਬਿਲਕੁਲ ਨਹੀਂ ਹੈ :

ਕਦੇ ਕਦੇ ਏਦਾਂ ਵੀ ਲੱਗੇ
ਥਿੜਕ ਗਏ, ਘਬਰਾਈਏ।
ਜੇ ਅੱਗੇ ਨਾ ਦਿਸੇ ਰੌਸ਼ਨੀ
ਦਿਲ ਦੇ ਦੀਪ ਜਗਾਈਏ।
ਔਖਾ ਹੁੰਦਾ, ਸ਼ੱਕ ਨਹੀਂ ਕਿ
ਇਕ ਸੁਪਨੇ ਦਾ ਮਰਨਾ।

ਅਤੇ ਅੱਗੋਂ ਕਵਿਤਾ ਦੀਆਂ ਆਖਰੀ ਸਤਰਾਂ ਵੀ ਹਾਂ-ਪੱਖੀ ਸੁਰ ਨਾਲ ਹੀ ਖ਼ਤਮ ਹੁੰਦੀਆਂ ਹਨ। ਜੋ ਆਪਣੇ ਕਾਜ਼ ਵਿਚ ਪੂਰਨ ਭਰੋਸੇ ਦੀਆਂ ਲਖਾਇਕ ਹਨ :

ਰੰਗਾਂ ਦੇ ਰਾਹ ਮੁਸ਼ਕਿਲ ਭਾਵੇਂ,
ਬਿਨ ਰੰਗਾਂ ਨਹੀਂ ਸਰਨਾ।

ਸਥਿਤੀ ਸੁਖਾਵੀਂ ਨਾ ਹੋਵੇ, ਮੁਸ਼ਕਿਲਾਂ ਬੇਬਹਾ ਹੋਣ ਤਾਂ ਅਸਥਾਈ ਉਦਾਸੀ ਤੇ ਘਬਰਾਹਟ, ਦੁਬਿਧਾ ਜਾਂ ਥਿੜਕਣ ਦਾ ਅਹਿਸਾਸ ਕੋਈ ਓਪਰੇ ਤੇ ਗੈਰ-ਕੁਦਰਤੀ ਨਹੀਂ ਹੁੰਦੇ ਬਸ਼ਰਤੇ ਕਿ ਕਾਜ਼ ਵਿਚ ਭਰੋਸਾ ਕਾਇਮ ਰਹਿੰਦਾ ਹੋਵੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੁਪ੍ਰਸਿੱਧ ਰਚਨਾ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਵੀ ਮੁਸ਼ਕਿਲ ਸਥਿਤੀ ਅਤੇ ਅਸਥਾਈ ਉਦਰੇਵੇਂ ਦਾ ਵਰਨਣ ਤਾਂ ਕਰਦੀ ਹੈ ਪ੍ਰੰਤੂ ਇਹ 'ਯਾਰੜੇ ਦਾ ਸਾਨੂੰ ਸੱਥਰ ਚੰਗਾ, ਭੱਠ ਖੇੜਿਆਂ ਦਾ ਰਹਿਣਾ' ਨਾਲ ਮੁੱਕ ਕੇ ਇੱਕ ਮਹਾਨ ਰਚਨਾ ਵਜੋ ਜਾਣੀ ਜਾਂਦੀ ਹੈ।

ਅਤਿਅੰਤ ਆਰਥਿਕ ਤੰਗੀ, ਗਰੀਬੀ, ਕਰਜ਼ੇ ਅਤੇ ਪਰਿਵਾਰ ਦੇ ਮੈਂਬਰਾਂ ਦੇ ਬਿਮਾਰ ਰਹਿਣ ਤੇ ਦੌਰ ਦੌਰਾਨ ਮਹਾਨ ਮਾਰਕਸ ਨੇ ਆਪਣੇ ਯੁੱਧ ਸਾਥੀ ਏਂਗਲਜ਼ ਨੂੰ ਲਿਖਿਆ

ਸੀ:

"ਮੁੱਕਦੀ ਗੱਲ, ਸ਼ੈਤਾਨ ਦਾ ਪਹਿਰਾ ਹੈ। ਮੱਠੀ-ਮੱਠੀ ਅੱਗ ਉੱਤੇ ਭੁੱਜਣਾ ਜਿਸ ਨਾਲ ਦਿਮਾਗ ਜ਼ਖ਼ਮੀ ਹੁੰਦਾ ਹੈ ਅਤੇ ਇਸ ਤੋਂ ਇਲਾਵਾ ਕੀਮਤੀ ਵਕਤ ਜ਼ਾਇਆ ਹੁੰਦਾ ਹੈ" ........"ਬੰਦ ਹੋਣਾ ਚਾਹੀਦਾ ਹੈ" (ਮਾਰਕਸ, ਏਂਗਲਜ਼ ਸੰਕਲਿਤ ਰਚਨਾਵਾਂ ਸਫਾ 310, 314-315)

1862 ਵਿਚ ਮਾਰਕਸ ਨੇ ਏਂਗਲਜ਼ ਨੂੰ ਹੋਰ ਲਿਖਿਆ ਹੈ :

"ਮੇਰੀ ਪਤਨੀ ਰੋਜ਼ ਮੈਨੂੰ ਕਹਿੰਦੀ ਹੈ ਕਿ ਚੰਗਾ ਹੋਵੇ ਜੇ ਉਹ ਤੇ ਉਹਦੇ ਬੱਚੇ ਕਬਰ ਵਿਚ ਪੈ ਜਾਣ ਅਤੇ ਮੈਂ ਸੱਚਮੁੱਚ ਹੀ ਇਹਦੇ ਲਈ ਉਸ ਨੂੰ ਕੋਈ ਦੋਸ਼ ਨਹੀਂ ਦੇ ਸਕਦਾ, ਕਿਉਂਕਿ ਇਸ ਹਾਲਤ ਵਿਚ ਜੋ ਅਪਮਾਨ, ਤਸੀਹੇ ਅਤੇ ਭਿਅੰਕਰਤਾਵਾਂ ਸਹਿਣੀਆਂ ਪੈਂਦੀਆਂ ਹਨ, ਉਹ ਸੱਚਮੁਚ ਬਿਆਨ ਤੋਂ ਬਾਹਰ ਹਨ।"

(ਮਾਰਕਸ - ਏਂਗਲਜ਼ ਸੰਕਲਿਤ ਰਚਨਾਵਾਂ - ਸਫਾ 248)

ਕੀ ਉਸ ਮਹਾਨ ਇਨਕਲਾਬੀ ਅਤੇ ਯੁਗਪੁਰਸ਼ ਦੇ ਇਹਨਾਂ ਕਥਨਾਂ ਨੂੰ ਨਿਰਾਸ਼ਾਵਾਦ ਕਿਹਾ ਜਾਵੇਗਾ? ਨਹੀਂ, ਕਦੇ ਵੀ ਨਹੀਂ। ਇਨਕਲਾਬੀ ਕਾਰਜ ਵਿਚ ਰੁੱਝੇ ਹੋਣ ਸਮੇਂ, ਮੁਸ਼ਕਿਲਾਂ ਦਾ ਪੇਸ਼ ਆਉਣਾ, ਕਦੇ ਘਬਰਾਹਟ ਹੋਣੀ, ਅਸਥਾਈ ਥਿੜਕਣ ਹੋਣੀ, ਇਹ ਸਭ ਜੀਵਨ ਦਾ ਹਿੱਸਾ ਹੈ। ਹਾਂ, ਇਸ ਸਥਿਤੀ ਵਿਚੋਂ ਨਿਕਲਣ ਲਈ ਜੋ ਸੰਜੀਵਨੀ ਬੂਟੀਆਂ ਵੀ ਹਨ, ਇਨਕਲਾਬੀ ਸਿਧਾਂਤ ਅਤੇ ਇਨਕਲਾਬੀ ਜਨ-ਸਮੂਹ। ਜਿਸ ਦਾ ਇਹਨਾਂ ਦੋਹਾਂ ਨਾਲ ਸਬੰਧ ਜੁੜ ਜਾਂਦਾ ਹੈ। ਉਹ ਇਨਕਲਾਬੀ ਮਾਰਗ 'ਤੇ ਚਲਦਿਆਂ ਕਦੇ ਕਦਾਈਂ ਆਉਣ ਵਾਲੀ ਘਬਰਾਹਟ ਤੇ ਥਿੜਕਣ ਆਦਿ ਤੋਂ ਛੇਤੀ ਹੀ ਬਾਹਰ ਆ ਜਾਵੇਗਾ ਅਤੇ ਦ੍ਰਿੜ ਚਿੱਤ ਹੋ ਕੇ ਫਿਰ ਇਨਕਲਾਬੀ ਕਾਰਜ ਵਿਚ ਜੁਟਿਆ ਰਹੇਗਾ। 'ਇਕ ਕਦਮ ਅੱਗੇ, ਦੋ ਕਦਮ ਪਿੱਛੇ' ਵਿਅਕਤੀਆਂ 'ਤੇ ਵੀ ਢੁੱਕਦਾ ਹੈ। ਅਜਿਹੀ ਹੀ ਇਕ ਸਥਿਤੀ ਦਾ ਵਰਨਣ ਹਰਭਜਨ ਸਿੰਘ ਹੁੰਦਲ ਨੇ ਆਪਣੀ ਇਕ ਹੋਰ ਜਾਨਦਾਰ ਕਿਰਤ 'ਉਦਾਸ ਪਲਾਂ ਵਿਚ' ਵੀ ਬਾਖ਼ੂਬੀ ਕੀਤਾ ਹੈ। ਅਸਥਾਈ ਉਦਾਸੀ, ਗੰਭੀਰ ਸਰੀਰਕ ਬਿਮਾਰੀ ਅਤੇ ਤੰਗੀ ਦਾ ਜ਼ਿਕਰ ਕਰਦਿਆਂ ਕਵੀ ਆਖਦਾ ਹੈ :

ਜੁੜੇ ਅੰਗਾਂ ਦੀ ਨਿਰੰਤਰ ਦਰਦ ਕੋਲੋਂ
ਸਦਾ ਲਈ ਮੁਕਤੀ ਦੁਆਵੇ
ਤਲਖੀਆਂ ਦੇ ਸ਼ੂਕਦੇ ਤੂਫਾਨ
ਵਿਚੋਂ ਪਾਰ ਲਾਵੇ।

ਪਰ ਅਗਲੇ ਹੀ ਪਲ, ਇਨਕਲਾਬੀ ਜਨਸਮੂਹਾਂ ਦੇ ਸੰਘਰਸ਼ਾਂ ਨੂੰ ਤੱਕ ਕੇ ਉਹ ਇਕਦਮ ਉੱਚੀ ਸੁਰ ਵਿਚ ਆਖਦਾ ਹੈ :

ਪਰ ਜਦੋਂ ਵੀ
ਸਤਰੰਗੀ ਪੀਂਘ ਅੰਬਰ ਰੰਗਦੀ ਹੈ
ਸੱਜਰੀ ਖੁਸ਼ਬੂ ਹੁੰਗਾਰੇ ਮੰਗਦੀ ਹੈ
ਚਿਹਰਿਆਂ ਦੀ ਭੀੜ ਵਿਚੋਂ ਲੰਘਦਾ
ਹੱਸਦੇ ਮਾਸੂਮ ਚਿਹਰੇ ਵੇਖਦਾਂ।



ਹੱਕ ਦੇ ਲਈ ਜੂਝਦੇ ਹੋਏ ਯਾਰ ਮੇਰੇ
ਗਲੀ ਵਿਚੋਂ ਲੰਘਦੇ ਨੇ
ਮੇਰੀਆਂ ਸੋਚਾਂ ਨੂੰ
ਸੰਘਰਸ਼ਾਂ ਦੇ ਗੁਲਾਬੀ
ਰੰਗ ਅੰਦਰ ਰੰਗਦੇ ਨੇ।

ਵੇਖ ਕੇ ਚਿਹਰੇ ਉਹਨਾਂ ਦੇ ਲਾਲ ਸੂਹੇ
ਮੈਂ ਇਰਾਦਾ ਬਦਲ ਲੈਨਾਂ
ਅਤੇ ਘਰ ਨੂੰ ਪਰਤ ਆਉਨਾਂ।

ਮੌਤ ਬਾਰੇ ਸੋਚਦਾ ਸੀ।
ਜੀਣ ਦੇ ਲਈ ਲੋਚਦਾ ਹਾਂ।

ਇਹ ਹੈ ਯਥਾਰਥ ਅਤੇ ਹਕੀਕੀ ਜੀਵਨ ਵਿਚ ਇੰਝ ਹੀ ਹੁੰਦਾ ਹੈ। ਹੱਡ-ਮਾਸ ਦੇ ਬਣੇ ਇਨਕਲਾਬੀਆਂ ਉੱਪਰ ਵੀ ਦੁੱਖਾਂ, ਤਕਲੀਫਾਂ, ਤੰਗੀਆਂ, ਅਣਸੁਖਾਵੀਆਂ ਸਥਿਤੀਆਂ ਦਾ ਅਸਰ ਹੋਣਾ ਸੁਭਾਵਿਕ ਹੀ ਹੈ ਪ੍ਰੰਤੂ ਉਹ ਅਜਿਹੀਆਂ ਸਥਿਤੀਆਂ ਵਿਚੋਂ ਸਬੂਤੇ ਨਿਕਲ ਜਾਂਦੇ ਹਨ ਤੇ ਫਿਰ ਮਹਾਨ, ਪਰ ਮੁਸ਼ਕਿਲ, ਕਾਰਜ ਵਿਚ ਜੁੱਟ ਜਾਂਦੇ ਹਨ। ਹਾਂ, ਕੇਵਲ ਉਨ੍ਹਾਂ 'ਤੇ ਕੋਈ ਅਸਰ ਨਹੀਂ ਹੁੰਦਾ ਜਿਹੜੇ ਅਣਜੰਮੇ (Still-born) ਹੁੰਦੇ, ਝੂਠੇ, ਮੱਕਾਰ, ਸੋਸ਼ਲ ਡੈਮੋਕਰੇਟਿਕ ਰੋਬੋਟ ਹੁੰਦੇ ਹਨ ਜਾਂ ਫਿਰ ਜਿਨ੍ਹਾਂ ਨੇ ਆਪਣੀ ਹੋਣੀ ਲੁਟੇਰੀਆਂ ਹਾਕਮ ਜਮਾਤਾਂ ਦੇ ਲੜ ਲਾ ਦਿੱਤੀ ਹੋਵੇ ਅਤੇ ਵਰਗ ਸੰਘਰਸ਼ ਤੋਂ ਭੱਜ ਕੇ ਵਰਗ-ਸਹਿਯੋਗ ਰਾਹੀਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਸੱਤਾ ਦਾ ਆਨੰਦ ਮਾਣਦੇ ਹੋਣ।

ਹੁੰਦਲ ਦੀ ਹੀ ਇਕ ਪ੍ਰਸਿੱਧ ਗ਼ਜ਼ਲ ਦਾ ਵਿਅੰਗਆਤਮਕ ਸ਼ੇਅਰ ਹੈ : 'ਦੇਸ਼ ਅਸਾਡਾ ਕਿੱਥੋਂ ਕਿੱਥੇ ਪਹੁੰਚ ਗਿਆ, ਕਵਿਤਾ ਦੇ ਹੁਣ ਅਰਥ ਸਿਪਾਹੀ ਕਰਦੇ ਨੇ।' ਇਸ ਵਿਚ ਸਿਪਾਹੀ ਇਕ ਬਿੰਬ ਵਜੋਂ ਲਿਆ ਗਿਆ ਹੈ। ਬਿੰਬ ਜਿਹੜਾ ਕੇਵਲ ਪੁਲਸ ਜਾਂ ਫੌਜ ਦੇ ਸਿਪਾਹੀਆਂ ਨੂੰ ਹੀ ਰੂਪਮਾਨ ਨਹੀਂ ਕਰਦਾ ਸਗੋਂ ਸਾਰੇ ਲਾਲ ਬੁੱਝਕੜਾਂ ਨੂੰ, ਅਕਲ ਦੇ ਅੰਨ੍ਹੇ ਅਤੇ ਗੰਢ ਦੇ ਪੂਰਿਆਂ ਨੂੰ, ਸੋਧਵਾਦੀਆਂ, ਸੰਕੀਰਨਤਾਵਾਦੀਆਂ ਅਤੇ ਸੋਸ਼ਲ ਡੈਮੋਕਰੇਟਾਂ ਨੂੰ ਵੀ ਆਪਣੇ ਕਲਾਵੇ ਵਿਚ ਲੈਂਦਾ ਹੈ, ਜਿਹੜੇ ਜਾਂ ਤਾਂ ਕਵਿਤਾ ਵਰਗੀ ਕੋਮਲ ਕਲਾ ਨੂੰ ਸਮਝਦੇ ਹੀ ਨਹੀਂ ਅਤੇ ਜਾਂ ਫਿਰ ਜਾਣ-ਬੁਝ ਕੇ ਆਪਣੇ ਨਿੱਜੀ ਸਵਾਰਥ ਤੇ ਸੌੜੇ ਹਿੱਤਾਂ ਲਈ ਇਸ ਦੇ ਅਰਥਾਂ ਦੇ ਅਨਰਥ ਕਰਦੇਂ ਹਨ। 'ਹੁੰਦਲ' ਦੀ 'ਹੁਣ ਅੱਗੇ ਕੀ ਕਰਨਾ?' ਵੀ ਅਜਿਹੇ ਹੀ ਅਨਸਰਾਂ ਹੱਥੋਂ ਜ਼ਖ਼ਮੀ ਹੋਈ ਹੈ ਅਤੇ ਲਹੂ ਲੁਹਾਣ ਹੋਈ ਕੂਕਦੀ ਹੈ।

ਦੇਸ਼ ਅਸਾਡਾ ਕਿੱਥੋਂ ਕਿੱਥੇ ਪਹੁੰਚ ਗਿਆ,
ਕਵਿਤਾ ਦੇ ਹੁਣ ਅਰਥ ਕੁਰਾਹੀਏ ਕਰਦੇ ਨੇ।

**(ਸੰਗਰਾਮੀ ਲਹਿਰ, ਅਕਤੂਬਰ 2006 ਵਿਚੋਂ ਧੰਨਵਾਦ ਸਹਿਤ)**

ਮੁਲਾਂਕਣ

ਮਿੱਤਰ ਸੈਨ ਮੀਤ ਦੇ ਨਾਵਲਾਂ ਦਾ

# ਗਲਪ ਸ਼ਾਸਤਰ

ਡਾ. ਮਹਿਲ ਸਿੰਘ

ਮਿੱਤਰ ਸੈਨ ਮੀਤ ਨੇ ਆਪਣੇ ਨਾਵਲ ਤਫ਼ਤੀਸ਼ (1990) ਤੋਂ ਪਾਠਕਾਂ ਦਾ ਵਿਸ਼ੇਸ਼ ਧਿਆਨ ਖਿੱਚਿਆ ਹੈ। ਇਸ ਖਿੱਚ ਦਾ ਕਾਰਣ ਨਾ ਕੇਵਲ ਇਸ ਨਾਵਲ ਦਾ ਵੱਖਰਾ ਵਿਸ਼ਾ ਹੈ, ਬਲਕਿ ਇਸ ਦੀ ਪੇਸ਼ਕਾਰੀ ਸੰਬੰਧੀ ਨਿਵੇਕਲਾ ਅੰਦਾਜ਼ ਵੀ ਹੈ। ਤਫ਼ਤੀਸ਼ ਵਾਲੀ ਵਿਸ਼ੇਸ਼ ਰਚਨਾਤਮਿਕ ਪ੍ਰਤਿਭਾ ਇਕ ਨਿਰੰਤਰ ਪ੍ਰਕ੍ਰਿਆ ਵਜੋਂ ਮੀਤ ਦੇ ਅਗਲੇ ਨਾਵਲ ਕਟਹਿਰਾ (1993) ਅਤੇ ਕੌਰਵ ਸਭਾ (2003) ਵਿਚ ਵੀ ਜਾਰੀ ਰਹਿੰਦੀ ਹੈ। ਤਾਂ ਹੀ ਇਹ ਨਾਵਲ ਪਾਠਕਾਂ ਤੇ ਆਲੋਚਕਾਂ ਵਿਚ ਵਿਸ਼ੇਸ਼ ਚਰਚਾ ਦਾ ਵਿਸ਼ਾ ਬਣੇ ਹਨ। ਮੀਤ ਦਾ ਨਾਵਲ ਸੁਧਾਰ ਘਰ (2006) ਵੀ ਅਜਿਹੀ ਕੋਟੀ ਦਾ ਹੈ। ਪਰ ਸੁਧਾਰ ਘਰ ਦਾ ਨਾਵਲੀ ਮਿਆਰ ਪਹਿਲੇ ਨਾਲੋਂ ਕੁਝ ਮਨਫ਼ੀ ਹੋਇਆ ਹੈ। ਇਸ ਨਾਵਲ ਦੇ ਸ਼ੁਰੂ ਵਿਚ ਨਾਵਲਕਾਰ ਨੇ ਜੇਲ੍ਹ ਸਬੰਧੀ ਆਪਣਾ ਸਿੱਧਾ ਨਿੱਜੀ ਤਜਰਬਾ ਨਾ ਹੋਣ ਨੂੰ ਸਵੀਕਾਰ ਕੀਤਾ ਹੈ। ਇਸ ਕਰਕੇ ਵਾਸਤਵਿਕ ਅਨੁਭਵ ਤੇ ਤਜਰਬੇ ਦੀ ਥੁੜ ਕਾਰਨ ਸ਼ਾਇਦ ਇਸ ਨਾਵਲ ਵਿਚ ਅਜਿਹਾ ਵਾਪਰਨਾ ਕੁਦਰਤੀ ਸੀ।

ਤਫ਼ਤੀਸ਼, ਕਟਹਿਰਾ ਤੇ ਸੁਧਾਰਘਰ ਨਾਵਲ ਇਕ ਲੜੀ ਦਾ ਰੂਪ ਵੀ ਹਨ ਤੇ ਇਨ੍ਹਾਂ ਨੂੰ ਵੱਖਰੀ ਸੁਤੰਤਰ ਹੋਂਦ ਵੀ ਹੈ। ਤਫ਼ਤੀਸ਼ ਵਿਚ ਬੰਟੀ (ਨਾਂ ਦੇ ਬੱਚੇ) ਦੇ ਅਗਵਾ ਅਤੇ ਕਤਲ ਹੋਣ ਦੀ ਘਟਨਾ ਨਾਲ ਹਰਕਤ ਵਿਚ ਆਉਂਦੇ ਪੁਲਸ-ਵਿਹਾਰ ਦਾ ਚਿਤਰਣ ਹੈ। ਪੁਲਸ ਅਸਲ ਕਾਤਲ ਲੱਭਣ ਦੀ ਥਾਂ ਪਾਲੇ ਤੇ ਮੀਤੇ ਨਾਂ ਦੇ ਮਾਮੂਲੀ ਚੋਰਾਂ ਉੱਤੇ ਕਤਲ ਦਾ ਕੇਸ ਮੜ੍ਹ ਦਿੰਦੀ ਹੈ। ਕਟਹਿਰਾ ਨਾਵਲ ਪੁਲਸ ਤੋਂ ਅੱਗੇ ਅਦਾਲਤ ਰਾਹੀਂ ਪਾਲੇ ਅਤੇ ਮੀਤੇ ਵਰਗੇ ਬੇਗੁਨਾਹਾਂ ਨੂੰ ਸਜ਼ਾ ਦੇਣ ਦੇ ਕਚਹਿਰੀ ਕਲਚਰ ਨਾਲ ਸੰਬੰਧਿਤ ਹੈ। ਕੌਰਵ ਸਭਾ ਵਿਚ ਕਤਲ, ਬਲਾਤਕਾਰ ਤੇ ਡਾਕੇ ਦੀ ਘਟਨਾ ਨਾਲ ਨਿਪਟਣ ਵਾਲੀ ਪੁਲਸ, ਸਿਆਸਤ ਅਤੇ ਕਚਹਿਰੀ ਨੂੰ ਇਕ ਕੌਰਵਾਂ (ਖਲਨਾਇਕਾਂ) ਦੀ ਸਭਾ ਵਜੋਂ ਪੇਸ਼ ਕੀਤਾ ਹੈ। ਇਹ ਨਾਵਲ ਪਹਿਲੇ ਦੋਵਾਂ ਨਾਵਲਾਂ ਦੀ ਲੜੀ ਤੋਂ ਹਟ ਕੇ ਹੈ। ਸੁਧਾਰ ਘਰ ਨਾਵਲ ਫਿਰ ਤਫ਼ਤੀਸ਼ ਤੇ ਕਟਹਿਰਾ ਤੋਂ ਅੱਗੋਂ ਸਜ਼ਾ ਸੁਣਾਏ ਜਾਣ ਤੋਂ ਬਾਅਦ ਪਾਲੇ ਤੇ ਮੀਤੇ ਦੇ ਨਵੀਂ ਜੇਲ੍ਹ ਵਿਚ ਭੇਜੇ ਜਾਣ ਤੋਂ ਆਰੰਭ ਹੁੰਦਾ ਹੈ। ਇਨ੍ਹਾਂ ਚਾਰ ਨਾਵਲਾਂ ਵਿਚ ਪੇਸ਼ ਰਚਨਾ-ਦ੍ਰਿਸ਼ਟੀ ਤੇ ਰਚਨਾ -ਵਿਧੀ ਨਾਲ ਇਕ ਨਿਵੇਕਲਾ ਗਲਪ-ਸ਼ਾਸਤਰ ਉਸਰਦਾ ਹੈ। ਗਲਪ-ਸ਼ਾਸਤਰ ਤੋਂ ਭਾਵ ਨਾਵਲ ਅੰਦਰਲੀ ਰਚਨਾਤਮਿਕ ਪ੍ਰਤਿਭਾ ਅਤੇ ਵਿਸ਼ੇਸ਼ ਵਿਧੀ-ਵਿਧਾਨ ਤੋਂ ਹੈ।

ਮੀਤ ਦਾ ਗਲਪ ਸਾਡੀ ਵਿਵਸਥਾ ਉੱਤੇ ਵਿਅੰਗ ਵੀ ਹੈ ਤੇ ਵਿਡੰਬਨਾ ਵੀ। ਨਾਵਲਾਂ ਵਿਚ ਵਿਅੰਗ ਰਾਹੀਂ ਪਾਤਰਾਂ ਦੇ ਦੋਗਲੇ ਤੇ ਦੋਹਰੇ ਵਿਹਾਰ ਨੂੰ ਵੇਖਿਆ ਜਾਂਦਾ ਹੈ। ਵਿਡੰਬਨਾ ਇਕ ਐਸੀ ਦ੍ਰਿਸ਼ਟੀ ਹੈ, ਜਿਸ ਵਿਚ ਵਿਵਸਥਾ ਦੀ ਦਿੱਖ ਤੇ ਅੰਦਰਲੀ ਵੱਥ, ਸਿਧਾਂਤ ਤੇ ਅਮਲ, ਮਨੋਰਥ ਤੇ ਹਕੀਕਤ ਦੇ ਫ਼ਰਕ ਨੂੰ ਪਛਾਣਿਆ ਜਾਂਦਾ ਹੈ। ਵਿਅੰਗ ਦੀ ਵਧੇਰੇ ਟੇਕ ਪਾਤਰਾਂ ਉੱਤੇ ਹੁੰਦੀ ਹੈ ਅਤੇ ਵਿਡੰਬਨਾ ਦੀ ਵਿਵਸਥਾ ਉੱਤੇ। ਮੀਤ ਇਨ੍ਹਾਂ ਦੋਵਾਂ ਦੀ ਵਰਤੋਂ ਨਾਲ ਪਾਤਰਾਂ ਅਤੇ ਇਨ੍ਹਾਂ ਪਿੱਛੇ ਕ੍ਰਿਆਸ਼ੀਲ ਆਧਾਰ ਦੀਆਂ ਤਹਿਆਂ ਫਰੋਲਦਾ ਹੈ। ਇਨ੍ਹਾਂ ਨਾਵਲਾਂ ਵਿਚ ਲੁਧਿਆਣਾ ਨੂੰ 'ਮਾਇਆ ਨਗਰ' ਕਿਹਾ ਗਿਆ ਹੈ। 'ਮਾਇਆ ਨਗਰ' ਸਮੁੱਚੇ ਸਮਾਜ ਦਾ ਹੀ ਪ੍ਰਗਟਾ ਹੈ। ਇਸ ਵਿਚ ਹਰ ਰਿਸ਼ਤੇ ਦੀ ਵਫ਼ਾ ਪੈਸੇ ਪ੍ਰਤੀ ਹੈ। ਸਾਡੀ ਸਮੁੱਚੀ ਸਟੇਟ ਮਸ਼ੀਨਰੀ ਦੇ ਸਭ ਅੰਗ ਮਾਇਆ-ਜਾਲ ਵਿਚ ਵਲ੍ਹੇਟੇ ਨਜ਼ਰ ਆਉਂਦੇ ਹਨ। ਸਮੁੱਚਾ ਪ੍ਰਸ਼ਾਸਨ ਆਪਣੇ ਅਸਲ ਧਰਮ ਤੇ ਫਰਜ਼ ਤੋਂ ਮੂੰਹ ਫੇਰੀ ਬੈਠਾ ਹੈ। ਹਰ ਮਹਿਕਮੇ ਦਾ ਵਿਹਾਰ ਆਪਣੇ ਅਸਲ ਕਰਮ ਤੋਂ ਉਲਟਾ ਹੈ। ਸਮਾਜ ਦੀ ਸੁਰੱਖਿਆ ਲਈ ਪੁਲਸ ਹੈ। ਪਰ ਲੋਕ ਇਸ ਤੋਂ ਹੀ ਸੁਰੱਖਿਅਤ ਨਹੀਂ ਹਨ। ਨਿਆਂ ਜਾਂ ਇਨਸਾਫ ਲਈ ਅਦਾਲਤਾਂ ਹਨ। ਪਰ ਅਦਾਲਤਾਂ ਹੀ ਹੱਕ-ਇਨਸਾਫ ਦਾ ਗਲਾ ਘੁੱਟਣ ਦਾ



ਮੰਚ ਹਨ। ਪੁਲਸ ਲਈ ਅੱਤਵਾਦ, ਅਗਵਾ, ਕਤਲ, ਚੋਰੀ, ਡਾਕਾ ਵਗੈਰਾ ਵਾਰਦਾਤਾਂ ਲਾਹ ਖੱਟਣ ਦਾ ਜ਼ਰੀਆ ਹਨ। ਕਚਹਿਰੀ ਨਾਂ ਤੋਂ ਤਾਂ 'ਕੱਚ ਦਾ ਹਰਨ' ਭਾਵ ਝੂਠ ਦਾ ਨਿਤਾਰਾ ਕਰਨ ਵਾਲੀ ਹੈ, ਪਰ ਇਹ ਝੂਠ-ਫ਼ਰੇਬ ਤੇ ਅਨਿਆਂ ਦਾ ਪੱਕਾ ਪਲੇਟ ਫਾਰਮ ਬਣੀ ਦਿਸਦੀ ਹੈ। ਇਸ ਵਿਚ ਅਰਦਲੀ, ਰੀਡਰ, ਸਟੈਨੋ, ਗਵਾਹ, ਵਕੀਲ ਤੇ ਜੱਜ ਸਭ ਕੇਸਾਂ ਤੋਂ ਖੱਟਣ ਕਮਾਉਣ ਦੀ ਦੌੜ ਵਿਚ ਹਨ। ਪੁਲਸ ਆਪਣੀ ਤਫਤੀਸ਼ ਵਿਚ ਅਸਲ ਨੂੰ ਲੁਕਾਉਂਦੀ ਹੈ ਤੇ ਨਿਰਦੋਸ਼ ਨੂੰ ਦੋਸ਼ੀ ਵਜੋਂ ਪੇਸ਼ ਕਰਦੀ ਹੈ। ਅਦਾਲਤਾਂ ਵਿਚ ਨਿਰਦੋਸ਼ ਨੂੰ ਦੋਸ਼ੀ ਸਿੱਧ ਕੀਤਾ ਜਾਂਦਾ ਹੈ।

ਸਟੇਟ-ਮਸ਼ੀਨਰੀ ਆਪਣੀ ਸਟੇਟ ਦੀ ਸੇਧ ਮੁਤਾਬਕ ਰੰਗ ਬਦਲਦੀ ਹੈ। ਲੋਕ ਸੇਵਾ ਜਾਂ ਸਮਾਜ ਕਲਿਆਣ ਦੇ ਨਾਅਰੇ ਸਟੇਟ ਦੀ ਸਿਆਸਤ ਲਈ ਬਿਲਕੁਲ ਓਪਰੇ ਹੋ ਗਏ ਹਨ। ਸਿਸਟਮ ਦੇ ਸਭ ਛੋਟੇ-ਵੱਡੇ ਪੁਰਜ਼ੇ ਆਮ ਲੋਕਾਂ ਲਈ ਲਹੂ-ਪੀਣੀਆਂ ਜੋਕਾਂ ਹਨ। ਪੁਲਸ ਚੌਕੀ, ਥਾਣਾ, ਕਚਹਿਰੀ, ਹਵਾਲਾਤ ਤੇ ਜੇਲ੍ਹ ਦਾ ਪ੍ਰਸ਼ਾਸਕੀ ਰੂਪ 'ਬੁਚੜਾਂ ਦੇ ਵਾੜੇ' ਵਰਗਾ ਹੈ। ਇਥੇ ਆਏ ਹਰੇਕ ਆਮ ਵਿਅਕਤੀ ਨੂੰ ਬੁਰੀ ਤਰ੍ਹਾਂ ਕੋਹਿਆ ਜਾਂਦਾ ਹੈ। ਸਾਡੇ ਸਿਸਟਮ ਦਾ ਸੰਵਿਧਾਨਕ ਤੇ ਕਾਨੂੰਨੀ ਢਾਂਚਾ ਕਿਵੇਂ ਦਾ ਹੈ? ਇਸ ਨੂੰ ਲਾਗੂ ਕਰਨ ਵਾਲੀਆਂ ਵੱਖ-ਵੱਖ ਪ੍ਰਸ਼ਾਸਕੀ ਧਿਰਾਂ ਪੁਲਸ, ਕਚਹਿਰੀ ਤੇ ਜੇਲ੍ਹ ਨੇ ਇਸ ਨੂੰ ਅਸਲ ਰੂਪ ਵਿਚ ਕੀ ਦਾ ਕੀ ਬਣਾ ਦਿੱਤਾ ਹੈ? ਇਸ ਦੇ ਸਿੱਟੇ ਆਮ ਲੋਕਾਂ ਲਈ ਕਿਵੇਂ ਦੇ ਹਨ? ਇਸ ਦੀ ਦਿੱਖ ਤੇ ਅਮਲ ਵਿਚ ਦੁਫੇੜ ਜਾਂ ਫ਼ਰਕ ਕਿਉਂ ਤੇ ਕਿਵੇਂ ਹੈ? ਸਟੇਟ ਮਸ਼ੀਨਰੀ ਕਿਵੇਂ ਦਾ ਵਿਹਾਰ, ਸਟੇਟ ਤੇ ਛੜਯੰਤਰ ਰਚਦੀ ਹੈ? ਇਨ੍ਹਾਂ ਨਾਵਲਾਂ ਵਿਚ ਉਪਰੋਕਤ ਸਭ ਸਵਾਲਾਂ ਦੀਆਂ ਪਰਤਾਂ ਖੁੱਲ੍ਹਦੀਆਂ ਹਨ? ਇਹ ਨਾਵਲ ਜੁਰਮ ਨੂੰ ਰੋਕਣ ਵਾਲੀ ਮਸ਼ੀਨਰੀ ਨਾਲ ਸੰਬੰਧਿਤ ਹਨ। ਪਰ ਸਾਡੀ ਸਟੇਟ ਮਸ਼ੀਨਰੀ ਹੀ ਜੁਰਮ ਦੇ ਵਿਸਥਾਰ ਤੇ ਅਧਾਰ ਦਾ ਪਿੜ ਬਣੀ ਬੈਠੀ ਹੈ।

ਇਥੇ ਜੁਰਮ ਦੀਆਂ ਕਈ ਕਿਸਮਾਂ ਤੇ ਪਰਤਾਂ ਹਨ। ਮਾਡਲ ਟਾਊਨ ਵਰਗੀਆਂ ਆਲੀਸ਼ਾਨ ਕਾਲੋਨੀਆਂ/ ਕੋਠੀਆਂ ਵਾਲੇ ਵੱਡੇ ਅਫਸਰ ਤੇ ਵਪਾਰੀ ਆਪਣੀ ਤਰ੍ਹਾਂ ਦੇ ਚੋਰ ਹਨ। ਇਹ ਕੁਰੱਪਟ ਹੀ ਨਹੀਂ ਚਰਿੱਤਰਹੀਣ ਵੀ ਹਨ। ਜਿਵੇਂ ਸਟੇਟ ਮਸ਼ੀਨਰੀ ਦੇ ਪੁਰਜ਼ਿਆਂ ਵਿਚ ਵਫ਼ਾ, ਸੁਹਿਰਦਤਾ ਤੇ ਦਿਆਨਤਦਾਰੀ ਦੀ ਘਾਟ ਹੈ ਤਿਵੇਂ ਦਾ ਹਾਲ ਹੀ ਅਜਿਹੀ ਸ਼੍ਰੇਣੀ ਦੇ ਆਪਸੀ ਪਰਿਵਾਰਕ ਸੰਬੰਧਾਂ ਦਾ ਹੈ। ਜਾਇਦਾਦੀ ਲਾਲਸਾ ਤੇ ਲਿੰਗ-ਭੁੱਖ ਦੀ ਚੇਸ਼ਟਾ ਤਹਿਤ ਘਰਾਂ-ਪਰਿਵਾਰਾਂ ਦੇ ਨਜ਼ਦੀਕੀ ਰਿਸ਼ਤਿਆਂ ਦੀਆਂ ਤੰਦਾਂ ਆਪੋ ਵਿਚ ਉਲਝੀਆਂ ਤੇ ਬਿਖਰੀਆਂ ਵਿਖਾਈ ਦਿੰਦੀਆਂ ਹਨ। ਮਾਇਆ ਨਗਰ ਦੇ ਆਮ ਮੁਹੱਲਿਆਂ ਵਿਚ ਰਹਿੰਦੇ ਮੱਧ ਸ਼੍ਰੇਣਿਕ ਮੁਲਾਜ਼ਮਾਂ ਤੇ ਦਲਾਲਾਂ ਦੀ ਕੁਰਪਸ਼ਨ ਤੇ ਹੇਰਾ-ਫੇਰੀ ਆਪਣੀ ਕਿਸਮ ਦੀ ਹੈ। ਬਿਲਕੁਲ ਹੀ ਸਾਧਨ ਵਿਹੂਣੇ ਜੂਨ-ਕਟੀ ਲਈ ਆਪਣੀ ਤਰ੍ਹਾਂ ਦੇ ਨਿਕਚੂ ਚੋਰ ਹਨ। ਗੰਦੀਆਂ ਬਸਤੀਆਂ, ਝੁੱਗੀਆਂ ਤੇ ਸਲੱਮ ਏਰੀਏ ਵਿਚ ਰਹਿੰਦਿਆਂ ਦੇ ਜੁਰਮਾਂ ਦੀ ਦਾਸਤਾਨ ਆਪਣੀ ਹੈ। ਬਸ ਅੱਡਿਆਂ, ਰੇਲਵੇ ਸਟੇਸ਼ਨਾਂ 'ਤੇ ਸੌਣ ਵਾਲੇ ਮੰਗਤਿਆਂ, ਛੋਟੇ-ਮੋਟੇ ਚੋਰਾਂ ਤੇ ਹੋਰ ਪਰਿਵਾਰ-ਬਾਹਰੇ ਪਾਤਰਾਂ ਲਈ ਹਵਾਲਾਤ ਜਾਂ ਜੇਲ੍ਹ ਕੋਈ ਸਮੱਸਿਆ ਵਾਲਾ ਸਥਾਨ ਨਾ ਹੋ ਕੇ ਇਕ ਸਿਰ ਲੁਕਾਵਾ ਹੈ। ਅਜਿਹੀਆਂ ਲੁੰਪਨ ਸ਼੍ਰੇਣੀਆਂ ਨਾਲ ਜੁੜੇ ਵਿਅਕਤੀ ਅੱਤ ਦੀ ਸਰਦੀ ਤੋਂ ਬਚਣ ਲਈ ਨਿੱਕੇ-ਮੋਟੇ ਜੁਰਮਾਂ ਵਿਚ ਜੇਲ੍ਹ ਪਹੁੰਚ ਜਾਂਦੇ ਹਨ। ਅਜਿਹੀ ਪੇਸ਼ਕਾਰੀ ਸਾਡੇ ਸੰਸਾਰ ਪ੍ਰਸਿੱਧ ਲੋਕਤੰਤਰੀ ਸਿਸਟਮ ਦੀ ਅੰਦਰਲੀ ਸਥਿਤੀ ਉੱਤੇ ਗਹਿਰੀ ਚੋਟ ਹੈ। ਸਥਿਤੀ ਦੀ ਹਕੀਕਤ ਇਹ ਹੈ ਕਿ ਆਲੀਸ਼ਾਨ ਕੋਠੀਆਂ ਵਿਚ ਰਹਿੰਦੇ ਮਗਰਮੱਛ ਰੂਪੀ ਵੱਡੇ ਚੋਰ ਇੱਜ਼ਤਦਾਰ/ਸ਼ਰੀਫ ਸ਼ਹਿਰੀ ਬਣੇ ਵਿਖਾਈ ਦਿੰਦੇ ਹਨ। ਕਾਨੂੰਨ ਦੀ ਇਨ੍ਹਾਂ ਵੱਲ ਅੱਖ ਪੁੱਟ ਕੇ ਵੇਖਣ ਦੀ ਜੁਰੱਅਤ ਨਹੀਂ ਹੈ। ਬੰਟੀ ਦਾ ਅਸਲ ਅਗਵਾਕਾਰ ਤੇ ਕਾਤਲ ਅਮੀਰ ਸੇਠ ਦਾ ਅਯਾਸ਼ ਲੜਕਾ ਹਰਮਨਬੀਰ ਹੈ। ਪਰ ਇਸ ਵੱਲ ਉਂਗਲ ਕਰਨ ਵਾਲੇ ਮੁਲਾਜ਼ਮ ਨੂੰ 'ਵੱਡੇ ਸਾਹਬਾਂ' ਦੀ ਉਪਰੋਂ ਪਈ ਝਿੜਕ ਤੇ ਘੁਰਕੀ ਚੁਪ ਕਰਾ ਦਿੰਦੀ ਹੈ। ਪਰ ਮਜਬੂਰੀ ਤੇ ਲਾਚਾਰੀ ਵਿਚ ਨਿੱਕੇ-ਮੋਟੇ ਚੋਰਾਂ 'ਤੇ ਕਾਨੂੰਨ ਦੀ ਪੂਰੀ ਸਾੜਸਤੀ ਵਰਤਦੀ ਹੈ। ਬਾਹਰਲੇ ਪ੍ਰਸ਼ਾਸਨ ਦੀ ਤਰ੍ਹਾਂ ਜੇਲ੍ਹ ਵੀ ਭ੍ਰਿਸ਼ਟਾਚਾਰੀ ਤੇ

ਕੁਨਬਾਪ੍ਰਵਰੀ ਦਾ ਪਿੜ ਹੈ। ਜੇਲ੍ਹ ਦੋਸ਼ੀਆਂ ਨੂੰ ਸੁਧਾਰਨ ਜਾਂ ਵਰਚਾਉਣ ਨਹੀਂ ਸਤਾਉਣ ਵਾਲਾ ਪਲੇਟਫਾਰਮ ਹੈ। ਪ੍ਰਸ਼ਾਸਨ ਦਾ ਹਰ ਮੋਹਰਾ ਲੋਕਾਂ ਤੋਂ ਕੁਝ ਖੱਟਣ ਤੇ ਵੱਟਣ ਦੇ ਇਕਤਰਫੇ ਵਿਹਾਰ ਦੀ ਕੋਸ਼ਿਸ਼ ਵਿਚ ਹੈ। ਇਹ ਆਮ ਦੋਸ਼ੀ ਨੂੰ ਹੋਰ ਵੱਡਾ ਦੋਸ਼ੀ ਬਨਾਉਣ ਦਾ ਸਬੱਬ ਬਣ ਰਿਹਾ ਹੈ। ਇਥੇ ਬੇਈਮਾਨੀ ਜਾਂ ਕੁਨਬਾਪ੍ਰਵਰੀ ਵਿਚ ਸ਼ਾਮਿਲ ਹੋਣ ਵਾਲਿਆਂ ਨੂੰ ਕੋਈ ਮੁਸੀਬਤ ਨਹੀਂ ਹੈ, ਸਗੋਂ ਮੁਸ਼ਕਲ ਤਾਂ ਇਸ ਤੋਂ ਆਨਾਕਾਨੀ ਕਰਨ ਵਾਲਿਆਂ ਲਈ ਹੈ। ਸਾਡੇ ਪ੍ਰਸ਼ਾਸਕੀ ਕੁਰੱਪਟ ਹੀ ਨਹੀਂ, ਬਦਮਾਸ਼ ਤੇ ਕਾਤਲ ਵੀ ਹਨ। ਇਹ ਲੁਟਦੇ ਹੀ ਨਹੀਂ, ਆਨਾ-ਕਾਨੀ ਕਰਨ ਵਾਲਿਆਂ ਨੂੰ ਸਰੀਰਕ ਰੂਪ ਵਿਚ ਨਿਗਲ ਜਾਂਦੇ ਹਨ। ਸਰਕਾਰੀ ਜਾਂ ਸਟੇਟ ਮਸ਼ੀਨਰੀ ਆਪਣੇ ਨਿਯਮਾਂ ਮੁਤਾਬਕ ਆਪ ਹੀ ਚੱਲਣ ਨੂੰ ਤਿਆਰ ਨਹੀਂ ਹੈ। ਇਹ ਸੁਰੱਖਿਆ ਜਾਂ ਸੁਧਾਰ ਦਾ ਜ਼ਾਮਨ ਨਾ ਹੋ ਕੇ ਅਫ਼ਰਾਤਫ਼ਰੀ ਫੈਲਾਉਣ ਦਾ ਕਾਰਣ ਜਾਪਦੀ ਹੈ। ਇਸ ਸਿਸਟਮ ਵਿਚ ਇਨਸਾਫ਼ ਲੈਣਾ ਅੱਤ ਦਾ ਮਹਿੰਗਾ, ਔਖਾ, ਲੰਮਾ ਤੇ ਪੇਚੀਦਾ ਮਸਲਾ ਹੈ। ਅਜੋਕੀ ਸਟੇਟ ਵਿਚ ਨਿਆਂ ਦੀ ਇਸ ਮਹਿੰਗੀ ਤੇ ਕੱਛੂਕੁੰਮਾ ਚਾਲ ਦੇ ਦੁਖਦਾਈ ਵਿਹਾਰ ਨੂੰ ਅਗਰਭੂਮ ਕਰਨਾ ਹੀ ਮੀਤ ਦੇ ਗਲਪ ਦੀ ਅਹਿਮ ਵਿਸ਼ੇਸ਼ਤਾ ਹੈ। ਆਮ ਆਦਮੀ ਨਿਆਂ ਜਾਂ ਇਨਸਾਫ਼ ਲੈਣ ਦੇ ਕਚਹਿਰੀ ਚੱਕਰ ਵਿਚ ਰੁਲ ਜਾਂਦਾ ਹੈ। ਇਸ ਸਬੰਧੀ ਚਲਦੇ ਅਮਲ ਵਿਚ ਪੀੜ੍ਹੀਆਂ ਬਦਲ ਜਾਂਦੀਆਂ ਹਨ। ਸਮਾਂ ਪਾ ਕੇ ਲੋਕਾਂ ਲਈ ਬੰਟੀ ਦੇ ਕਤਲ ਦੀ ਵਾਰਦਾਤ ਭੁੱਲੀ ਵਿਸਰੀ ਘਟਨਾ ਬਣ ਜਾਂਦੀ ਹੈ। ਬੰਟੀ ਦਾ ਦਾਦਾ ਪ੍ਰਲੋਕ ਸੁਧਾਰ ਜਾਂਦਾ ਹੈ। ਦੂਸਰੇ ਪਾਸੇ ਜੇਲ੍ਹ ਵਿਚ ਡੱਕੇ ਨਿਰਦੋਸ਼ ਪਾਲਾ ਤੇ ਮੀਤਾ ਤੀਹ-ਪੈਂਤੀ ਸਾਲ ਤੋਂ ਸੱਠ-ਪੈਂਹਠ ਦੇ ਹੋ ਕੇ ਬਰੀ ਹੁੰਦੇ ਹਨ। ਇਨ੍ਹਾਂ ਦੇ ਘਰਾਂ-ਪਰਿਵਾਰਾਂ ਦਾ ਸ਼ੀਰਾਜ਼ਾ ਅਸਲੋਂ ਹੀ ਬਿਖ਼ਰ ਜਾਂਦਾ ਹੈ। ਇਹ ਆਪ ਵੀ ਸਰੀਰ ਤੇ ਉਮਰ ਪੱਖੋਂ ਹੰਢ ਜਾਂਦੇ ਹਨ। ਇਹ ਜੇਲ੍ਹ ਵਿਚੋਂ ਤਾਂ ਰਿਹਾਅ ਹੁੰਦੇ ਹਨ ਪਰ ਬੁਢਾਪੇ ਦੀ ਪਰਨਿਰਭਰ ਹੋਂਦ ਵਿਚ ਪਏ ਵਿਖਾਈ ਦਿੰਦੇ ਹਨ। ਸਿਤਮ ਇਹ ਹੈ ਕਿ ਇਨ੍ਹਾਂ ਨੂੰ ਝੱਲਣ ਤੇ ਸਾਂਭਣ ਵਾਲੀ ਕੋਈ ਪਰਿਵਾਰਕ ਨਰਦ ਵੀ ਨਹੀਂ ਹੈ। ਕਾਨੂੰਨ ਦੀ ਅੱਤ ਲੰਮੀ ਪ੍ਰਕ੍ਰਿਆ ਰਾਹੀਂ ਮਿਲਿਆ ਇਨਸਾਫ ਵਰ ਨਹੀਂ ਸਰਾਪ ਦਿਸਦਾ ਹੈ। ਅਕਸਰ ਹੀ ਕਾਨੂੰਨ, ਨਿਆਂ ਪਾਲਕਾ ਤੇ ਸੰਵਿਧਾਨ ਪ੍ਰਤੀ ਅਨੰਨ ਸ਼ਰਧਾ, ਸੰਤੁਸ਼ਟੀ ਤੇ ਵਿਸ਼ਵਾਸ ਦਾ ਪਾਠ ਪੜ੍ਹਾਇਆ ਜਾਂਦਾ ਹੈ। ਕੀ ਇਹ ਬਿਲਕੁਲ ਹੀ ਮੁਕੰਮਲ ਤੇ ਲੋਕ ਪੱਖੀ ਹੈ? ਕੀ ਅੰਗਰੇਜ਼ਾਂ ਦੇ ਸਮੇਂ ਦਾ ਬਣਿਆ ਇਹ ਢਾਂਚਾ ਸਾਡੇ ਅਜੋਕੇ ਲੋਕਤੰਤਰੀ ਯੁੱਗ ਦੇ ਹਾਣ ਦਾ ਹੈ? ਕੀ ਇਸ ਨੂੰ ਮੁੜ ਤੋਂ ਵਿਉਂਤਣ ਜਾਂ ਵਿਸਥਾਰਨ ਦੀ ਲੋੜ ਨਹੀਂ ਹੈ? ਇਸ ਤਰ੍ਹਾਂ ਪਹਿਲੀ ਵਾਰ ਗਲਪ ਦੀ ਦੁਨੀਆ ਵਿਚ ਵੱਡੀ ਪੱਧਰ 'ਤੇ ਇਕ ਜਗਿਆਸੂ ਵਾਲੀ ਦ੍ਰਿਸ਼ਟੀ ਤੋਂ ਅਜਿਹੇ ਸ਼ੰਕੇ ਤੇ ਸਵਾਲ ਖੜ੍ਹੇ ਕੀਤੇ ਗਏ ਹਨ।

ਮੀਤ ਦਾ ਗਲਪ-ਬਿੰਬ ਨਾ ਨਿਰੋਲ ਦੁਖਾਂਤ ਹੈ ਤੇ ਨਾ ਸੁਖਾਂਤ। ਇਹ ਸਿਸਟਮ ਦੀ ਤਾਕਤ ਅਤੇ ਧੱਕੇਸ਼ਾਹੀ ਅਧੀਨ ਲਗਾਤਾਰ ਸਮੱਸਿਆਵਾਂ ਵਿਚ ਫਸੇ ਆਮ ਲਾਚਾਰ ਪਾਤਰਾਂ ਨਾਲ ਸੰਬੰਧਿਤ ਹੈ। ਆਮ ਕਰਕੇ ਦੁਖਾਂਤ ਨਾਵਲ ਵਧੇਰੇ ਯਥਾਰਥਕ ਮੰਨੇ ਜਾਂਦੇ ਹਨ। ਦੁਖਾਂਤ ਜਾਂ ਸੁਖਾਂਤ ਅਕਸਰ ਹੀ ਕੁਝ ਇਕ ਵਿਸ਼ੇਸ਼ ਪਾਤਰ ਨਾਲ ਵਾਪਰਦਾ ਵਿਖਾਇਆ ਜਾਂਦਾ ਹੈ। ਇਨ੍ਹਾਂ ਵਿਚ ਪਾਤਰ ਨਾ ਕਿਸੇ ਜਿੱਤ ਦੀ ਸ਼ਾਨ ਵੱਲ ਹਨ ਤੇ ਨਾ ਹੀ ਇਹ ਅਸਲੋਂ ਮਰ ਮੁੱਕ ਜਾਣ ਵਾਲੇ ਨਿਰਾਸ਼ਭਾਵੀ ਜੀਵ ਹਨ। ਮੀਤ ਦਾ ਨਾਵਲੀ ਸੰਸਾਰ ਨਾਨਕ ਸਿੰਘ ਤੇ ਕੰਵਲ ਦੀ ਨਾਵਲੀ ਪਰੰਪਰਾ ਵਾਂਗ ਸੁਖਾਂਤ ਤੇ ਕੁਰਬਾਨੀ ਰੂਪ ਵਾਲਾ ਨਹੀਂ ਹੈ। ਨਾ ਹੀ ਇਹ ਗੁਰਦਿਆਲ ਸਿੰਘ ਦੇ ਨਾਵਲਾਂ ਵਾਂਗ ਕੁਝ ਇਕ ਦੇ ਹੱਥੋਂ ਕੁਝ ਇਕ ਨੂੰ ਮਿਲੀ ਸਜ਼ਾ ਤੇ ਦੁਖਾਂਤ ਰੂਪ ਵਾਲਾ ਹੈ। ਗੁਰਦਿਆਲ ਸਿੰਘ ਦਾ ਮੁੱਲ ਬਲ, ਜੀਵਨ ਹੈ ਕੀ? ਸਾਡੀ ਪੀਢੀ ਸਮਾਜਕ-ਆਰਥਿਕ ਬਣਤਰ ਵਿਚ ਮਨੁੱਖੀ ਹੋਂਦ ਕਿਵੇਂ ਸੰਕਟਗ੍ਰਸਤ ਹੈ? ਵਗੈਰਾ ਸੰਬੰਧੀ ਸਵਾਲਾਂ ਉੱਤੇ ਕੇਂਦਰਿਤ ਹੈ। ਮੀਤ ਦਾ ਗਲਪ ਇੰਤਜ਼ਾਮੀਆਂ ਦੀ ਹਰਕਤ ਨਾਲ ਤਟਫ਼ਟ ਜਾਂ ਫੌਰੀ ਰੂਪ ਵਿਚ ਆਮ ਬੰਦੇ ਦੇ ਜੀਵਨ ਵਿਚ ਵਾਪਰਦੇ ਸਿੱਟਿਆਂ ਨਾਲ ਸੰਬੰਧਿਤ ਹੈ। ਮੀਤ ਆਮ ਲੋਕਾਈ ਜਾਂ ਸਾਧਨ ਵਿਹੂਣਿਆਂ ਉੱਤੇ ਸਟੇਟ ਮਸ਼ੀਨਰੀ ਦੇ ਅਨਿਆਂ ਦੀ ਚੱਲ ਰਹੀ ਚੱਕੀ ਉੱਤੇ ਧਿਆਨ ਜੋੜਦਾ ਹੈ। ਇਨ੍ਹਾਂ ਨਾਵਲਾਂ ਦੀ ਵਿਸ਼ੇਸ਼ਤਾ ਵਿਅਕਤੀ ਨਹੀਂ ਸਿਸਟਮ ਦੀ ਨੁਹਾਰ ਨੂੰ ਪਛਾਣਨ ਉੱਤੇ ਹੈ। ਭ੍ਰਿਸ਼ਟਾਚਾਰੀ, ਬੇਈਮਾਨੀ ਤੇ ਸਵਾਰਥ ਸਾਡੇ



ਅਜੋਕੇ ਸਿਸਟਮ ਦੀ ਬੁਨਿਆਦ ਵਿਚ ਹੈ। ਇਹ ਉਸਰਦਾ ਹੀ ਮਾਇਆ ਅਥਵਾ ਪੈਸੇ ਦੀ ਜੁਗਤ ਨਾਲ ਹੈ। ਅਜਿਹੀ ਵਿਵਸਥਾ ਕੁਝ ਇਕ ਲਈ ਹੀ ਸਮੱਸਿਆ ਜਾਂ ਪੀੜਾਜਨਕ ਨਹੀਂ ਹੈ, ਸਗੋਂ ਇਹ ਤਾਂ ਆਪਣੀ ਬਣਤਰ ਦੇ ਖਾਸੇ ਵਜੋਂ ਹੀ ਆਮ ਲੋਕਾਈ ਲਈ ਦੋਖੀ ਤੇ ਵਿਰੋਧੀ ਹੈ। ਸਾਧਨ ਵਿਹੂਣਿਆਂ ਲਈ ਇਸ ਦਾ ਮੂੰਹ ਕੁਰੱਖਤ ਤੇ ਦੈਂਤ ਰੂਪੀ ਹੈ।

ਮੀਤ ਦੇ ਨਾਵਲਾਂ ਦਾ ਪਾਤਰਾਵਲੀ ਸੰਸਾਰ ਆਪਣੀ ਕਿਸਮ ਦਾ ਹੈ। ਇਹ ਪਾਤਰ ਸਮਰੱਥਵਾਨ ਵਿਵਸਥਾ ਵਿਚ ਦੁੱਖਾਂ, ਮੁਸੀਬਤਾਂ ਦੇ ਝੰਬੇ ਆਮ ਦੁਨੀਆਦਾਰ ਹਨ। ਨਾਵਲਕਾਰ ਦਾ ਬਲ ਕੁਝ ਇਕ ਵਿਸ਼ੇਸ਼ ਪਾਤਰਾਂ ਦੀ ਥਾਂ ਪਾਤਰਾਂ ਦੇ ਸਮੂਹ ਉੱਤੇ ਹੈ। ਮੀਤ ਦੇ ਹਰ ਨਾਵਲ ਵਿਚ ਕਈ ਦਰਜਨਾਂ ਦੇ ਕਰੀਬ ਪਾਤਰ ਹਨ। ਇਨ੍ਹਾਂ ਵਿਭਿੰਨ ਪਾਤਰਾਂ ਰਾਹੀਂ ਪੁਲਿਸ, ਕਚਹਿਰੀ, ਜੇਲ੍ਹ, ਸਿਆਸਤ ਅਤੇ ਸਮਾਜ ਦੇ ਵਿਭਿੰਨ ਰੰਗਾਂ-ਢੰਗਾਂ ਦਾ ਵਿਸਤ੍ਰਿਤ ਸੰਸਾਰ ਸਾਹਮਣੇ ਆਉਂਦਾ ਹੈ। ਇਨ੍ਹਾਂ ਵਿਚ ਮੁੱਖ ਮੰਤਰੀ, ਵਜ਼ੀਰ, ਵਿਧਾਇਕ, ਸਿਆਸਤਦਾਨ, ਠੇਕੇਦਾਰ, ਵਪਾਰੀ, ਕਾਰਖਾਨੇਦਾਰ, ਕਬਾੜੀਏ, ਕਲੋਨਾਈਜ਼ਰ, ਜੱਜ, ਡਾਕਟਰ, ਵਕੀਲ, ਮੁਨਸ਼ੀ, ਗਵਾਹ, ਵੱਡੇ ਅਫ਼ਸਰ, ਪੁਲਸ ਮੁਲਾਜ਼ਮ, ਪੱਤਰਕਾਰ, ਦਲਾਲ, ਚੋਰ, ਸਮੱਗਲਰ, ਬੱਚੇ, ਇਸਤਰੀਆਂ, ਜੇਬ ਕਤਰੇ, ਸਾਂਸੀ, ਮੰਗਤੇ, ਕੁਸ਼ਟ ਰੋਗੀ, ਪ੍ਰਵਾਸੀ ਮਜ਼ਦੂਰ, ਯੁਵਾ ਸੰਘ ਤੇ ਸੰਘਰਸ਼ ਸੰਮਤੀ ਦੇ ਮੈਂਬਰ ਵਗੈਰਾ ਅਣਗਿਣਤ ਪਾਤਰ ਹਨ। ਸਾਡੇ ਪਰੰਪਰਾ ਦੇ ਪੰਜਾਬੀ ਨਾਵਲ ਵਿਚ ਬਲ ਕੁਝ ਇਕ ਵਿਸ਼ੇਸ਼ ਪਾਤਰਾਂ ਉੱਤੇ ਹੀ ਦਿੱਤਾ ਗਿਆ ਸੀ। ਪਰ ਮੀਤ ਦੇ ਨਾਵਲਾਂ ਵਿਚ ਪਾਤਰ ਰੂਪ ਵਿਚ ਨਾ ਕੋਈ ਨਾਇਕ ਹੈ, ਨਾ ਖ਼ਲਨਾਇਕ ਤੇ ਨਾ ਹੀ ਕੇਂਦਰੀ ਪਾਤਰ। ਇਸ ਵਿਚ ਸਮੁੱਚੀ ਵਿਵਸਥਾ ਹੀ ਨਾਇਕ, ਖ਼ਲਨਾਇਕ ਜਾਂ ਕੇਂਦਰੀ ਸੂਤਰ ਵਜੋਂ ਪੇਸ਼ ਹੋਈ ਹੈ। ਜਦ ਨਾਵਲ ਵਿਚ ਨਾਇਕ ਪਾਤਰ ਨੂੰ ਸਿਰਜਣ ਦੀ ਮਜਬੂਰੀ ਨਾ ਹੋਵੇ ਤਾਂ ਖ਼ਲਨਾਇਕ ਪਾਤਰ ਦੀ ਹੋਂਦ ਆਪਣੇ ਆਪ ਮੁੱਕ ਜਾਂਦੀ ਹੈ। ਮੀਤ ਦੇ ਗਲਪ ਸ਼ਾਸਤਰ ਦਾ ਖ਼ਲਨਾਇਕ ਵਿਅਕਤੀ ਨਹੀਂ ਸਿਸਟਮ ਹੈ। ਕਿਤੇ ਇਹ ਸਿਸਟਮ ਪੁਲਸ ਰੂਪ ਵਿਚ, ਕਿਤੇ ਕਚਹਿਰੀ, ਕਿਤੇ ਜੇਲ੍ਹ, ਕਿਤੇ ਸਟੇਟ ਰੂਪ ਵਿਚ ਅਤੇ ਕਿਤੇ ਇਹ ਸਾਰਾ ਕੁਝ ਅੰਤਰ-ਸੰਬੰਧਿਤ ਰੂਪ ਵਿਚ ਕੇਂਦਰੀ ਥੀਮ ਵਜੋਂ ਵਿਦਮਾਨ ਹੈ। ਪਾਤਰਾਂ ਦੀਆਂ ਵਿਭਿੰਨ ਲੜੀਆਂ ਰਾਹੀਂ ਸਮੁੱਚੇ ਸਿਸਟਮ ਦੇ ਵਿਭਿੰਨ ਅੰਗਾਂ ਤੇ ਇਸ ਦੀ ਸਿੱਧ-ਪੁੱਠ ਨੂੰ ਪੇਸ਼ ਕੀਤਾ ਗਿਆ ਹੈ। ਸਟੇਟ ਰੂਪੀ ਸਮੁੰਦਰ ਦੀ ਹਿਲਜੁਲ ਤੇ ਵੇਗ ਮੁਤਾਬਕ ਪਾਤਰ ਤਾਂ ਇਕ ਤਰਦਾ ਰੂਪ ਹਨ। ਤਫ਼ਤੀਸ਼ ਵਿਚ ਪੁਲਸ ਵਾਲਿਆਂ ਲਈ ਅੱਤਵਾਦ ਪੈਸੇ, ਸ਼ੁਹਰਤ ਤੇ ਅਹੁਦਿਆਂ ਦਾ ਜ਼ਰੀਆ ਹੈ। ਕਟਹਿਰਾ ਤੇ ਕੌਰਵ ਸਭਾ ਵਿਚ ਹੋਰ ਮਹਿਕਮਿਆਂ ਦੇ ਨਾਲ-ਨਾਲ ਮੁੱਖ ਰੂਪ ਵਿਚ ਬਲ ਜੱਜਾਂ ਤੇ ਵਕੀਲਾਂ ਦੇ ਭ੍ਰਿਸ਼ਟ ਵਿਹਾਰ ਤੇ ਅਜੋਕੇ ਕਚਹਿਰੀ ਵਿਹਾਰ ਨੂੰ ਚਿਤਰਣ 'ਤੇ ਹੈ। ਤਫ਼ਤੀਸ਼, ਕਟਹਿਰਾ, ਕੌਰਵ ਸਭਾ ਤੇ ਸੁਧਾਰ ਘਰ ਵਿਚ ਕੁਝ ਇਮਾਨਦਾਰ ਅਤੇ ਆਪਣੇ ਕਰਤੱਵ ਪ੍ਰਤੀ ਸੁਹਿਰਦ ਪਾਤਰ ਵੀ ਹਨ। ਪਰ ਸਮੁੱਚੇ ਭ੍ਰਿਸ਼ਟ ਸਿਸਟਮ ਵਿਚ ਅਜਿਹੇ ਵਿਰਲੇ ਟਾਵੇਂ ਪਾਤਰ ਸਥਿਤੀ ਨੂੰ ਕੋਈ ਨਵਾਂ ਮੋੜ ਦੇਣ ਤੋਂ ਅਸਮਰਥ ਦਿਸਦੇ ਹਨ। ਇਹ ਸਿਸਟਮ 'ਤੋਂ ਖਿੱਝੇ ਅਤੇ ਬੇਬੱਸ ਵਿਖਾਈ ਦਿੰਦੇ ਹਨ। ਇਨ੍ਹਾਂ ਨਾਵਲਾਂ ਵਿਚ ਕੋਈ ਇਕ ਪਾਤਰ ਨਾਵਲੀ ਥੀਮ ਦਾ ਅਸਲ ਧੁਰਾ ਨਹੀਂ ਹੈ। ਇਨ੍ਹਾਂ ਵਿਚ ਵਿਭਿੰਨ ਪਾਤਰਾਂ ਦੀਆਂ ਵਿਭਿੰਨ ਕੜੀਆਂ ਨਾਲ ਇਕ ਵਿਸਤ੍ਰਿਤ ਰੰਗ-ਬਿਰੰਗਾ ਸੰਸਾਰ ਸਾਹਮਣੇ ਆਉਂਦਾ ਹੈ। ਵਧੇਰੇ ਪਾਤਰ ਸਮਾਜ ਦੇ ਅੜੇ-ਥੁੜੇ ਤੇ ਚੰਗੇ ਮਾੜੇ ਰੂਪ ਵਿਚ ਆਮ ਵਿਹਾਰੀ ਜੀਵ ਹਨ। ਇਹ ਸਾਧਨ ਵਿਹੂਣੇ ਹਨ। ਨਾਵਲ ਵਿਚ ਸਿਸਟਮ ਦੇ ਵੱਖ-ਵੱਖ ਪ੍ਰਸ਼ਾਸਕੀ ਅੰਗ ਜਿਵੇਂ ਪੁਲਸ, ਅਦਾਲਤਾਂ ਤੇ ਜੇਲ੍ਹ ਹੀ ਕੇਂਦਰੀ ਜਾਂ ਨਾਇਕ ਰੂਪੀ ਹਨ। ਪ੍ਰਸ਼ਾਸਕੀ ਤਾਂ ਸਟੇਟ ਦੇ ਮੋਹਰੇ ਹਨ। ਹਰ ਛੋਟਾ ਮੋਹਰਾ ਵੱਡੇ ਜਾਂ ਤਾਕਤਵਰ ਦੀ ਮਾਰ ਹੇਠ ਹੈ। ਇਸ ਵਿਚ ਹਾਕਮ, ਹਕੂਮਤ, ਪ੍ਰਸ਼ਾਸਨ, ਪ੍ਰਸ਼ਾਸਕੀ ਸਭ ਖਲਨਾਇਕੀ ਧਿਰਾਂ ਹਨ। ਸਿਸਟਮ ਜਾਂ ਵਿਵਸਥਾ ਨੂੰ ਹੀ ਦੋਸ਼ੀ ਪੇਸ਼ ਕੀਤਾ ਗਿਆ ਹੈ। ਮੀਤ ਦੀ ਨਾਵਲੀ ਵਿਧੀ ਵਧੇਰੇ ਜਾਂ ਸਮੂਹ ਦੀ ਸ਼ਮੂਲੀਅਤ ਤੇ ਸਾਮਾਨਯ ਰੂਪ ਵਾਲੀ ਹੈ। ਹਰ ਪਾਤਰ ਵਿਅਕਤੀ ਵਿਸ਼ੇਸ਼ ਬਣ ਕੇ ਪੇਸ਼ ਹੋਣ ਦੀ ਥਾਂ ਆਮ ਰੂਪ ਵਜੋਂ ਪੇਸ਼ ਹੈ। ਪੰਜਾਬੀ ਨਾਵਲ ਦੇ ਇਤਿਹਾਸ ਵਿਚ ਵਧੇਰੇ ਕੇਂਦਰੀ ਪਾਤਰ ਵੱਡੇ ਸੁਪਨਿਆਂ ਨਾਲ ਜੁੜੇ ਹੋਣ ਕਰਕੇ ਵੱਡੇ ਦਿਖਾਈ ਦਿੰਦੇ ਹਨ। ਸ਼ਾਇਦ ਹੁਣ ਸਮਾਜ ਵਿਚ ਵੱਡੇ ਆਦਰਸ਼ਾਂ ਵਾਲੇ ਵੱਡੇ ਸਿਆਸੀ ਜਾਂ ਸਮਾਜਿਕ ਸਰੋਕਾਰਾਂ ਦੀ ਅਣਹੋਂਦ ਹੈ। ਇਸ ਕਰਕੇ

ਅਜੋਕੀ ਨਾਵਲੀ ਦੁਨੀਆ ਵਿਚ ਵੱਡੇ ਨਾਇਕ ਜਾਂ ਕੇਂਦਰੀ ਪਾਤਰ ਗਾਇਬ ਹੋਣ ਲੱਗੇ ਹਨ। ਮੀਤ ਦੇ ਗਲਪ-ਸ਼ਾਸਤਰ ਵਿਚ ਵੱਡੇ ਆਦਰਸ਼ਾਂ ਵਾਲੇ ਵੱਡੇ ਪਾਤਰ ਨਹੀਂ ਹਨ। ਇਨ੍ਹਾਂ ਨਾਵਲਾਂ ਦਾ ਪਾਤਰਾਵਲੀ ਨੇਮ-ਵਿਧਾਨ ਬਦਲ ਗਿਆ ਹੈ। ਸਾਡੇ ਪਰੰਪਰਾ ਦੇ ਨਾਵਲ ਵਿਚ ਸਾਧਾਰਨ ਪਾਤਰ ਅਸਾਧਾਰਨ ਰੂਪ ਵਿਚ ਪੇਸ਼ ਹੋਏ ਹਨ। ਨਾਨਕ ਸਿੰਘ ਤੇ ਕੰਵਲ ਦੇ ਨਾਵਲਾਂ ਵਿਚ ਮੁੱਖ ਪਾਤਰ ਕਰੁਣਾ, ਬੀਰਤਾ ਤੇ ਭਾਵੁਕਤਾ ਤਹਿਤ ਵੱਡੇ ਸੁਪਨਿਆਂ ਨਾਲ ਲਬਰੇਜ਼ ਹਨ। ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਪੀੜਾ ਮੁੱਖ ਹੈ। ਇਨ੍ਹਾਂ ਨਾਵਲਕਾਰਾਂ ਦੇ ਪਾਤਰ ਭਾਵੇਂ ਹਿਰਦੇ ਹਨ ਪਰ ਇਹ ਕਮਜ਼ੋਰ ਰੂਪ ਨਹੀਂ ਹਨ। ਇਹ ਆਪਣੇ ਹੱਠ ਤੇ ਸਿਰੜ 'ਤੇ ਡਟੇ ਰਹਿੰਦੇ ਹਨ। ਇਨ੍ਹਾਂ ਦੀ ਮੌਤ ਕੁਰਬਾਨੀ ਤੇ ਜੱਸ ਭਾਵਨਾ ਵਾਲੀ ਹੈ। ਇਨ੍ਹਾਂ ਦੀ ਵਾਸਤਵਿਕ ਸਥਿਤੀ ਭਾਵੇਂ ਹਾਰ ਵਾਲੀ ਹੈ ਪਰ ਮਾਨਸਿਕਤਾ ਚੜ੍ਹਤ ਵਾਲੀ ਹੈ। ਗੁਰਦਿਆਲ ਸਿੰਘ ਦੇ ਨਾਵਲ ਵੀ ਸਾਡੀ ਵਿਸ਼ੇਸ਼ ਸਮਾਜਕ ਤੇ ਆਰਥਿਕ ਬਣਤਰ ਪ੍ਰਤੀ ਸਥਿਤੀ-ਕੇਂਦਰਿਤ ਹਨ। ਪਰ ਗੁਰਦਿਆਲ ਸਿੰਘ ਸਥਿਤੀ ਵਿਚ ਫਸੇ ਜਾਂ ਉਲਝੇ ਕੁਝ ਖਾਸ ਪਾਤਰਾਂ ਦੀ ਉਚੇਰੀ ਨੁਹਾਰ ਘੜਨ ਉੱਤੇ ਵਿਸ਼ੇਸ਼ ਬਲ ਦਿੰਦਾ ਹੈ। ਇਸ ਕਰਕੇ ਇਹ ਪਾਤਰ ਆਮ ਦੁਨੀਆ ਤੋਂ ਵੱਖਰੇ ਤੇ ਵੱਡੇ ਦਿਖਾਈ ਦਿੰਦੇ ਹਨ। ਇਹ ਛੋਟੀ ਦੁਨੀਆ ਨਾਲ ਸੰਬੰਧਿਤ ਵੱਡੇ ਪਾਤਰ ਹਨ। ਕਰਮਜੀਤ ਸਿੰਘ ਕੁੱਸਾ ਦੇ ਨਾਵਲਾਂ ਵਿਚ ਪਾਤਰ ਵੱਡੇ ਸੁਪਨਿਆਂ ਤੋਂ ਰਹਿਤ ਆਮ ਵਿਹਾਰੀ ਜੀਵ ਹਨ। ਪਰ ਇਸ ਦੇ ਨਾਵਲਾਂ ਦਾ ਬਿਰਤਾਂਤਕ ਧੁਰਾ ਕੁਝ ਇਕ ਪਾਤਰਾਂ ਦੁਆਲੇ ਹੀ ਘੁੰਮਦਾ ਹੈ। ਮੀਤ ਦੇ ਪਾਤਰ ਪੂਰੀ ਤਰ੍ਹਾਂ ਸਧਾਰਨ ਤੇ ਲੋਕ ਰੂਪ ਵਿਚ ਪੇਸ਼ ਹੋਏ ਹਨ। ਇਹ ਪਾਤਰ ਸਮੂਹ ਤੋਂ ਵੱਖਰੇ ਨਹੀਂ ਸਮੂਹ ਵਰਗੇ ਹੀ ਹਨ। ਨਾਇਕ, ਕੇਂਦਰੀ ਅਤੇ ਅਸਾਧਰਨ ਪਾਤਰਾਂ ਬਿਨ੍ਹਾਂ ਵੀ ਯਥਾਰਥਕ ਨਾਵਲ ਲਿਖੇ ਜਾ ਸਕਦੇ ਹਨ, ਇਸ ਦੀ ਮਿਸਾਲ ਇਹ ਨਾਵਲ ਹਨ। ਪਰੰਪਰਾ ਦੇ ਨਾਵਲ ਵਿਚ ਜਿੱਥੇ ਕੁਝ ਪਾਤਰ ਯਾਦਗਾਰੀ ਹਨ ਉਥੇ ਮੀਤ ਦੇ ਨਾਵਲਾਂ ਦਾ ਰਚਨਾਤਮਿਕ ਅੰਦਾਜ਼ ਅਜਿਹਾ ਹੈ।

ਤਫ਼ਤੀਸ਼, ਕਟਹਿਰਾ, ਕੌਰਵ ਸਭਾ ਅਤੇ ਸੁਧਾਰ ਘਰ ਘਟਨਾ ਪ੍ਰਧਾਨ ਨਾਵਲ ਹਨ। ਘਟਨਾ ਤਾਂ ਇਨ੍ਹਾਂ ਵਿਚ ਪ੍ਰਵੇਸ਼ ਦੁਆਰ ਦੀ ਇਕ ਦਹਿਲੀਜ਼ ਸਮਾਨ ਹੈ। ਅਸਲ ਬਲ ਤਾਂ ਇਸ ਦਹਿਲੀਜ਼ ਤੋਂ ਅੰਦਰ ਉਸਰੇ ਪ੍ਰਸ਼ਾਸਕੀ ਸੰਸਾਰ ਉੱਤੇ ਹੈ। ਤਫ਼ਤੀਸ਼, ਕਟਹਿਰਾ ਤੇ ਕੌਰਵ ਸਭਾ ਵਿਚ ਅਗਵਾ, ਕਤਲ, ਬਲਾਤਕਾਰ ਤੇ ਡਾਕੇ ਦੀ ਘਟਨਾ ਸਿਰਫ ਇਕ ਪਿੱਠ ਭੂਮੀ ਹੈ। ਲੇਖਕ ਦਾ ਅਸਲ ਬਲ ਤਾਂ ਸਾਡੇ ਕਾਨੂੰਨੀ, ਸੁਰੱਖਿਆ ਤੇ ਨਿਆਂਇਕ ਢਾਂਚੇ ਦੇ ਵਿਹਾਰ ਨੂੰ ਕੁਰੇਦਣ ਉੱਤੇ ਹੈ। ਏਵੇਂ ਹੀ ਸੁਧਾਰ ਘਰ ਨਾਵਲ ਵਿਚ ਪਾਲੇ ਅਤੇ ਮੀਤੇ ਦੀ ਜੇਲ੍ਹ ਵਿਚ ਆਮਦ ਤਾਂ ਇਕ ਵੇਰਵਾ ਹੈ। ਇਸ ਵਿਚ ਮੁੱਖ ਜ਼ੋਰ ਜੇਲ੍ਹ ਅੰਦਰਲੇ ਪ੍ਰਸ਼ਾਸਕੀ ਵਿਹਾਰ ਦੀ ਪੇਸ਼ਕਾਰੀ ਉੱਤੇ ਹੈ। ਇਹ ਨਾਵਲ ਘਟਨਾਵਾਂ ਨਹੀਂ ਵੇਰਵਿਆਂ ਭਰਪੂਰ ਹਨ। ਘਟਨਾਵਾਂ ਅਕਸਰ ਹੀ ਬਿਰਤਾਂਤ ਨੂੰ ਸਿਰਜਣ, ਅੱਗੇ ਤੋਰਨ ਜਾਂ ਨਾਟਕੀ ਮੋੜ ਦੇਣ ਲਈ ਹੁੰਦੀਆਂ ਹਨ। ਜਦ ਕਿ ਤੱਥਾਂ ਦੇ ਵੇਰਵਿਆਂ ਦੀ ਭਰਮਾਰ ਵਾਲਾ ਕਥਾਨਕ ਵਿਵਸ਼ਥਾ ਜਾਂ ਸਿਸਟਮ ਪ੍ਰਤੀ ਵਿਸਤ੍ਰਿਤ ਜਾਣਕਾਰੀ ਤੇ ਸਮਝ ਦਿੰਦਾ ਹੈ। ਇਨ੍ਹਾਂ ਨਾਵਲਾਂ ਵਿਚ ਤੱਥਾਂ ਜਾਂ ਵੇਰਵਿਆਂ ਦੇ ਖਿਲਾਰ ਨਾਲ ਸਟੇਟ ਜਾਂ ਸਿਸਟਮ ਦਾ ਮਹਾ-ਦ੍ਰਿਸ਼ ਸਾਹਮਣੇ ਆਉਂਦਾ ਹੈ। ਪੁਲਸ ਦਾ ਦੋਸ਼ੀ ਲੱਭਣ ਤੇ ਫੜ੍ਹਨ ਦਾ ਤਰੀਕਾ ਕੀ ਹੈ? ਚਲਾਨ ਕੱਟਣ ਤੇ ਭੁਗਤਾਣ ਦਾ ਤਰੀਕਾ ਕੀ ਹੈ? ਜੁਰਮ ਦੀਆਂ ਧਾਰਾਵਾਂ ਕੀ ਹਨ? ਫਰਦ ਜੁਰਮ ਕਿਵੇਂ ਲੱਗਦੇ ਜਾਂ ਲਾਏ ਜਾਂਦੇ ਹਨ? ਗਵਾਹ ਕਿਵੇਂ ਭੁਗਤਦੇ ਹਨ? ਮੁਲਜ਼ਮਾਂ ਤੇ ਮਜ਼ਲੂਮਾਂ ਪ੍ਰਤੀ ਅਦਾਲਤਾਂ ਦਾ ਵਤੀਰਾ ਕਿਸ ਤਰ੍ਹਾਂ ਦਾ ਹੈ? ਕੇਸ ਕਿਵੇਂ ਲਟਕਾਏ ਤੇ ਝਟਕਾਏ ਜਾਂਦੇ ਹਨ? ਫੈਸਲੇ ਦੇਣ ਦਾ ਤਰਕ ਜਾਂ ਆਧਾਰ ਕਿਵੇਂ ਦਾ ਹੈ? ਸਜ਼ਾ ਯਾਫਤਾ ਲਈ ਜੇਲ ਮੈਨੂਅਲ ਕੀ ਹੈ? ਇਹ ਲਾਗੂ ਕਿਵੇਂ ਹੈ? ਵਪਾਰ ਅਤੇ ਕਾਰਖਾਨੇਦਾਰੀ ਦੀਆਂ ਕੀ ਮੁਸ਼ਕਿਲਾਂ ਹਨ? ਇੱਥੇ ਵੱਖਵਾਦ, ਅੱਤਵਾਦ ਕਿਵੇਂ ਦਾ ਹੈ? ਇਸ ਨਾਲ ਜੁੜੇ ਖਾੜਕੂ ਗਰੁੱਪ ਕਿਵੇਂ ਦੇ ਅਮਲ ਵਿਚ ਹਨ? ਸਿਆਸਤ ਅਤੇ ਅਫ਼ਸਰਸ਼ਾਹੀ ਦੀ ਅੰਦਰਲੀ ਗੁੱਟਬੰਦੀ ਕਿਸ ਤਰ੍ਹਾਂ ਦੀ ਹੈ? ਸਾਡੀ ਜਮਾਤੀ ਸਥਿਤੀ ਕਿਵੇਂ ਅੱਤਵਾਦ ਦਾ ਰੂਪ ਧਾਰ ਚੁੱਕੀ ਹੈ? ਸਾਡੇ ਸਮਾਜ ਵਿਚ ਅਮੀਰੀ ਤੇ ਗਰੀਬੀ ਹੀ ਨਹੀਂ, ਸਮਾਜ ਦੀ ਮੁੱਖ ਧਾਰਾ ਤੋਂ ਸਦਾ ਲਈ ਨਿਖੜੀਆਂ ਹੋਈਆਂ ਲੋਪਨ ਸ਼੍ਰੇਣੀਆਂ ਦਾ ਕੋਹੜ ਵੀ ਹੈ। ਸਾਡੇ ਸਿਸਟਮ ਨੂੰ ਅੱਤਵਾਦ, ਅਗਵਾ, ਕਤਲ, ਬਲਾਤਕਾਰ, ਡਾਕੇ ਤੇ ਚੋਰੀਆਂ ਦੀ ਵਿਸ਼ੇਸ਼ ਤਲਬ ਲੱਗੀ ਰਹਿੰਦੀ ਹੈ। ਇਹ ਵਾਰਦਾਤਾਂ ਤਾਂ ਸਟੇਟ ਮਸ਼ੀਨਰੀ ਲਈ ਵਾਰੇ-ਨਿਆਰੇ ਕਰਨ ਦਾ ਜ਼ਰੀਆ



ਹਨ। ਹਵਾਲਾਤ ਜਾਂ ਜੇਲ੍ਹ ਦਾ ਰੂਪ ਵੀ ਬਾਹਰਲੇ ਸੰਸਾਰ ਵਾਂਗ ਜਮਾਤੀ ਕਿਸਮ ਦਾ ਹੈ। ਕੌਰਵ ਸਭਾ ਵਿਚ ਪੰਕਜ ਤੇ ਨੀਰਜ ਨੂੰ ਹਵਾਲਾਤ ਵਿਚ 'ਫਾਈਵ ਸਟਾਰ' ਵਾਲੀਆਂ ਸਹੂਲਤਾਂ ਹਨ। ਸੁਧਾਰ ਘਰ ਵਿਚ ਵੀ ਜੇਲ੍ਹ ਦੇ ਹਸਪਤਾਲ ਤੇ ਕੋਠੀ ਵਿਚ ਰਹਿੰਦੇ ਵਿਧਾਇਕ, ਸੇਠ, ਸਮਗਲਰ ਤੇ ਖਾੜਕੂ ਸਰਗਣੇ ਮੌਜ ਦਾ ਜੀਵਨ ਬਿਤਾਉਂਦੇ ਹਨ। ਦੂਸਰੇ ਪਾਸੇ ਹਵਾਲਾਤ ਜਾਂ ਜੇਲ੍ਹ ਵਿਚ ਕੀੜੇ-ਮਕੌੜਿਆਂ ਵਾਂਗ ਜੂਨ ਕਟੀ ਵਾਲੇ ਵੀ ਹਨ। ਪੁਲਸ, ਅਦਾਲਤਾਂ ਤੇ ਜੇਲ੍ਹ ਨਿਰਦੋਸ਼ ਨੂੰ ਦੋਸ਼ੀ ਅਤੇ ਦੋਸ਼ੀ ਨੂੰ ਹੋਰ ਵੱਡਾ ਦੋਸ਼ੀ ਬਣਾਉਣ ਦਾ ਕਿਰਿਆਸ਼ੀਲ ਮੰਚ ਹਨ। ਇਹ ਸੁਰੱਖਿਆ, ਇਨਸਾਫ਼ ਤੇ ਸੁਧਾਰ ਦੇ ਅਸਲ ਉਦੇਸ਼ ਤੋਂ ਥਿੜਕ ਜਾਂ ਭਟਕ ਗਈਆਂ ਸੰਸਥਾਵਾਂ ਹਨ। ਨਾਵਲਕਾਰ ਦਾ ਮਕਸਦ ਵੇਰਵਿਆਂ ਦੀ ਬਹੁਤਾਤ ਰਾਹੀਂ ਸਮਾਜ, ਜੁਰਮ, ਕਾਨੂੰਨ ਅਤੇ ਇਸ ਨਾਲ ਜੁੜੀਆਂ ਵੱਖ-ਵੱਖ ਧਿਰਾਂ ਤੇ ਸੰਸਥਾਵਾਂ ਪ੍ਰਤੀ ਬਹੁਪੱਖੀ ਜਾਣਕਾਰੀ ਦੇਣਾ ਹੈ।

ਇਨ੍ਹਾਂ ਨਾਵਲਾਂ ਵਿਚ ਬਲ ਕਹਾਣੀ ਘੜਨ ਜਾਂ ਉਸਾਰਨ 'ਤੇ ਨਹੀਂ ਹੈ। ਕਹਾਣੀ ਤਾਂ ਇਕ ਪਤਲੀ ਤੇ ਮੱਧਮ ਲਕੀਰ ਵਾਂਗ ਅਧੀਨ ਸੁਰ ਵਿਚ ਹੈ। ਇਨ੍ਹਾਂ ਵਿਚ ਸਟੇਟ ਮਸ਼ੀਨਰੀ ਦੀ ਆਲੋਚਨਾਤਮਿਕ ਕਹਾਣੀ ਪੇਸ਼ ਹੋਈ ਹੈ। ਇਸ ਕਹਾਣੀ ਦੀ ਗਲਪੀ ਭਾਸ਼ਾ ਆਮ ਬੋਲਚਾਲ ਦੀ ਹੈ। ਇਹ ਬਿੰਬਾਂ, ਪ੍ਰਤੀਕਾਂ ਜਾਂ ਅਲੰਕਾਰਾਂ ਵਾਲੀ ਨਹੀਂ ਹੈ। ਆਮ ਭਾਸ਼ਾ ਨੂੰ ਦਿਲਚਸਪ ਤੇ ਅਰਥ ਭਰਪੂਰ ਬਣਾ ਕੇ ਪੇਸ਼ ਕੀਤਾ ਗਿਆ ਹੈ। ਨਾਵਲੀ ਵਿਧਾ ਦੇ ਪੱਖ ਤੋਂ ਮੀਤ ਦੇ ਗਲਪ ਸ਼ਾਸਤਰ ਦੀਆਂ ਆਪਣੀਆਂ ਕੁਝ ਨਿਵੇਕਲੀਆਂ ਵਿਸ਼ੇਸ਼ਤਾਵਾਂ ਹਨ। ਇਹ ਨਾਵਲੀ ਵਿਧਾ ਨੂੰ ਵੱਖਰੀ ਦਿਸ਼ਾ ਪ੍ਰਦਾਨ ਕਰਦੀਆਂ ਹਨ। ਕਿਉਂਕਿ ਨਾਵਲ ਸਾਡਾ ਜਿਉਂਦਾ ਸਾਹਿਤ ਰੂਪ ਹੈ, ਇਸ ਕਰਕੇ ਇਸ ਵਿਚ ਬਦਲਾਅ ਜਾਰੀ ਹੈ। ਇਸ ਲਈ ਨਾਵਲ ਨੂੰ ਕਿਸੇ ਬੰਦ ਨਹੀਂ ਖੁੱਲੇ ਸ਼ਾਸਤਰ ਵਜੋਂ ਵੇਖਣਾ ਜ਼ਰੂਰੀ ਹੈ। ਪੰਜਾਬੀ ਨਾਵਲ ਵਿਚ ਤਬਦੀਲੀ ਤਾਂ ਕਦੇ ਸੁਰਜੀਤ ਸਿੰਘ ਸੇਠੀ ਤੇ ਨਰਿੰਜਨ ਤਸਨੀਮ ਦੇ ਨਾਵਲਾਂ ਨਾਲ ਵੀ ਆਈ ਸੀ, ਪਰ ਇਹ ਤਬਦੀਲੀ ਕੇਵਲ ਪੱਛਮ ਦੇ ਨਵੇਂ ਤਕਨੀਕੀ ਕਿਸਮ ਦੇ ਰੂਪਕੀ ਵਿਹਾਰ ਤੱਕ ਹੀ ਸੀਮਿਤ ਸੀ। ਇਸ ਕਰਕੇ ਇਹ ਕੇਵਲ ਵੱਖਰਤਾ ਦੀ ਸੂਚਕ ਸੀ। ਮੀਤ ਦੇ ਨਾਵਲਾਂ ਦਾ ਰੂਪ-ਵਿਧਾਨ ਆਪਣੀ ਰਵਾਇਤ ਨਾਲੋਂ ਵੱਖਰੇ ਨੰਕਸ਼ ਸਥਾਪਿਤ ਕਰਦਾ ਹੈ। ਇਸ ਨਾਲ ਪੰਜਾਬੀ ਨਾਵਲ ਦੀ ਬਹੁ-ਰੀਤ ਬਦਲਦੀ ਹੈ।

ਇਨ੍ਹਾਂ ਨਾਵਲਾਂ ਵਿਚ ਅਜੋਕੀ ਸਟੇਟ ਮਸ਼ੀਨਰੀ ਦੇ ਵਿਰੋਧ ਵਿਚ ਵਿਚਰਣ ਵਾਲੀਆਂ ਧਿਰਾਂ ਵੀ ਹਨ। ਸੰਘਰਸ਼ ਸੰਮਤੀ, ਯੁਵਾ ਸੰਘ, ਵਿਕਟਰ ਵੈਲਫੇਅਰ ਸੁਸਾਇਟੀ, ਤਰਕਸ਼ੀਲ, ਹੈਲਪ ਲਾਈਨ, ਲੀਗਲ ਸੈੱਲ ਅਤੇ ਮਨੁੱਖੀ ਅਧਿਕਾਰ ਵਿੰਗ ਪੀੜਤ ਪਾਤਰਾਂ ਲਈ ਸਰਗਰਮ ਵਿਖਾਈ ਦਿੰਦੇ ਹਨ। ਇਨ੍ਹਾਂ ਦੇ ਆਪਣੇ ਵਿਸ਼ੇਸ਼ ਦਾਇਰੇ ਹਨ। ਇਨ੍ਹਾਂ ਵਿੰਗਾਂ ਜਾਂ ਸੰਮਤੀਆਂ ਦਾ ਖਾਸਾ ਸਥਾਨਕ ਕਿਸਮ ਦਾ ਅਤੇ ਫੌਰੀ ਰੂਪ ਵਾਲਾ ਹੈ। ਇਨ੍ਹਾਂ ਦੀਆਂ ਆਪਣੀਆਂ ਸੀਮਾਵਾਂ ਤੇ ਸੰਭਾਵਨਾਵਾਂ ਹਨ। ਇਨ੍ਹਾਂ ਦੇ ਸੰਘਰਸ਼ ਦਾ ਆਪਣਾ ਅੰਦਾਜ਼ ਹੈ। ਇਹ ਵਿੰਗ ਜਾਂ ਸੰਮਤੀਆਂ ਸ਼ਰਤਾਂ ਵਿਚ ਮਦਦ ਕਰਦੇ ਹਨ। ਇਹ ਕਿਸੇ ਘਟਨਾ ਦੇ ਪ੍ਰਤੀਕਰਮ ਵਜੋਂ ਸਰਗਰਮੀ ਫੜ੍ਹਦੀਆਂ ਹਨ? ਇਹ ਪ੍ਰਸ਼ਾਸਨ ਵਿਰੁੱਧ ਸਿਸਟਮ ਦੇ ਹੀ ਸੰਵਿਧਾਨਕ ਨਿਯਮਾਂ ਮੁਤਾਬਕ ਵਿਚਰਦੀਆਂ ਹਨ। ਇਹ ਕਾਨੂੰਨੀ ਦਾਅ ਪੇਚ ਜਾਂ ਮੀਡੀਏ ਰਾਹੀਂ ਮੁਲਜ਼ਮ ਧਿਰ ਨੂੰ ਘੇਰਨ ਜਾਂ ਵਲਣ ਦਾ ਯਤਨ ਕਰਦੀਆਂ ਹਨ। ਇਹ ਅਜੋਕਾ ਸਿਸਟਮ ਆਪਣੇ ਉੱਤੇ ਕੋਈ ਬਿਪਤਾ ਜਾਂ ਉਜ਼ਰ ਆਉਣ 'ਤੇ ਕਈ ਵਾਰ ਆਪਣੇ ਹੀ ਪੁਰਜ਼ਿਆਂ ਦਾ ਝਟਕਾਅ ਵੀ ਕਰ ਦਿੰਦਾ ਹੈ। ਅਜਿਹਾ ਵਿਹਾਰ ਲੋਕ ਰੋਹ ਜਾਂ ਜਨਤਕ ਸੰਘਰਸ਼ ਨੂੰ ਮੱਠਾ ਕਰਨ ਦੀ ਜੁਗਤ ਵਜੋਂ ਇਸਤੇਮਾਲ ਕੀਤਾ ਜਾਂਦਾ ਹੈ। ਇਸ ਸਿਸਟਮ ਨੇ ਕਿਸੇ ਹੋਰ ਰਾਜਸੀ ਬਦਲਦੇ ਨਾਅਰਿਆਂ ਜਾਂ ਆਦਰਸ਼ਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ ਹੈ। ਇਕ ਪਾਸੇ ਸਾਡੇ ਵਰਗੇ ਵਿਕਾਸਸ਼ੀਲ ਦੇਸ਼ ਦੇ ਲੋਕਤੰਤਰੀ ਪ੍ਰਬੰਧ ਵਿਚ 'ਸਮਾਜਵਾਦੀ' ਨਾਅਰੇ ਅਪਨਾਉਣ ਦਾ ਭੁਲਾਵਾ ਹੈ ਤੇ ਨਾਲ ਰਾਖਵੇਂਪਨ ਰਾਹੀਂ ਨਿਮਨ ਧਿਰਾਂ ਲਈ ਕਈ ਪਲਚਵੇਂ ਚੋਗੇ ਹਨ। ਇਸ ਸਿਸਟਮ ਦਾ ਵਿਖਾਵਾ ਸਭ ਲਈ, ਸਭ ਦੁਆਰਾ ਤੇ ਸਭ ਦਾ ਹੋਣ ਸੰਬੰਧੀ ਹੈ। ਪਰ ਅਮਲ ਦੀ ਪੱਧਰ 'ਤੇ ਇਹ ਕੁਝ 'ਸਕਤਿਆਂ' ਦਾ ਤੇ ਕੁਝ 'ਸਕਤਿਆਂ' ਲਈ ਹੀ ਹੈ। ਇਸ ਸਿਸਟਮ ਦਾ ਕਾਨੂੰਨ ਦੇ ਪ੍ਰਸ਼ਾਸਨ ਤਕੜੇ ਤੇ

ਹਿੱਤ ਮੁਤਾਬਕ ਤੁਰਦਾ ਹੈ ਅਤੇ ਮਾੜੇ ਨੂੰ ਆਪਣੇ ਮੁਤਾਬਕ ਤੋਰਦਾ-ਮਰੋੜਦਾ ਹੈ। ਵਿਕਸਤ ਦੇਸ਼ਾਂ ਕੋਲ 'ਵੈਲਫੇਅਰ ਸਟੇਟ' ਦਾ ਸੰਕਲਪ ਹੈ। ਸਮੁੱਚੀ ਦੁਨੀਆ ਸਰਮਾਏਦਾਰੀ ਦੀ ਖੁੱਲੀ ਮੰਡੀ ਦਾ ਰੂਪ ਲੈ ਰਹੀ ਹੈ। ਇਨਕਲਾਬੀ ਤਬਦੀਲੀ ਦੇ ਨਾਅਰੇ ਓਪਰੇ ਤੇ ਨਿਹੱਥੇ ਹੋ ਗਏ ਹਨ। ਇਸ ਕਰਕੇ ਹੁਣ ਸਿਸਟਮ ਦੇ ਸੁਧਾਰ ਦੀ ਗੱਲ ਤਾਂ ਹੈ ਪਰ ਸ਼ਾਇਦ ਇਸ ਦੇ ਬਦਲ ਦੀ ਨਹੀਂ। ਇਸ ਕਰਕੇ ਹੁਣ ਸਾਡੇ ਸੰਘਰਸ਼ ਦਾ ਨਾਅਰਾ 'ਤੂੰ ਹੀ ਚੰਗਾ ਜਾਂ ਬੰਦਾ ਬਣ' ਜਾਂ 'ਸਰਕਾਰ, ਸਰਕਾਰੀ ਨਿਯਮਾਂ ਮੁਤਾਬਕ ਚੱਲੇ' ਉੱਤੇ ਹੈ। ਮੌਜੂਦਾ ਮਨੁੱਖੀ ਅਧਿਕਾਰ ਵਿੰਗ ਸਿਧਾਂਤ ਦੀ ਪੱਧਰ 'ਤੇ ਮਿਲੇ ਹੱਕਾਂ ਨੂੰ ਅਮਲੀ ਰੂਪ ਦੇਣ ਲਈ ਕ੍ਰਿਆਸ਼ੀਲ ਹਨ। ਮੌਜੂਦਾ ਸਥਿਤੀ ਵਿਚ ਸਾਡੀਆਂ ਲੋਕ ਲਹਿਰਾਂ ਤੇ ਸੰਮਤੀਆਂ ਦਾ ਅੰਦਰ ਵੱਲ ਨੂੰ ਸੁੰਗੜ ਹੈ। ਇਹ ਅਜੋਕੇ ਸਮੇਂ ਦਾ ਸੱਚ ਹੈ, ਪਰ ਚਿੰਤਾ ਵਾਲਾ। ਮੌਜੂਦਾ ਸੱਤਾ ਦੀ ਸਿਆਸਤ ਕਿਸੇ ਵੱਡੇ ਚੈਲੰਜ ਜਾਂ ਬਦਲ ਦੇ ਕਿਸੇ ਹੋਰ ਮਾਡਲ ਤੋਂ ਬੇਖੌਫ਼ ਹੈ। ਹਾਂ, ਇਸ ਨੂੰ ਆਪਣੇ ਹੀ ਮੋਹਰਿਆਂ ਨੂੰ ਥਾਂ ਸਿਰ ਰੱਖਣ ਦੀ ਮੁਸ਼ਕਲ ਜਾਂ ਸਿਰ ਪੀੜ ਜ਼ਰੂਰ ਹੈ। ਇਸ ਦਾ ਝਰੋਖਾ ਕੌਰਵ ਸਭਾ ਵਿਚ ਜਥੇਦਾਰ ਬਘੇਲ ਸਿੰਘ ਅਤੇ ਸੁਧਾਰ ਘਰ ਵਿਚ ਵਿਧਾਇਕ ਨਛੱਤਰ ਸਿੰਘ ਨਾਲ ਦਬਾਅ ਤੇ ਸਮਝੌਤੇ ਦੀ ਰਣਨੀਤੀ ਵਿਚੋਂ ਖੁੱਲ੍ਹਦਾ ਹੈ। ਸਟੇਟ ਦੀ ਸੱਤਾ ਤਬਦੀਲੀ ਵਿਚ ਕਦੇ ਕਦਾਈਂ ਮਦਾਰੀ ਹੀ ਬਦਲਦੇ ਹਨ ਪਰ ਇਸ ਦਾ ਖਾਸਾ ਨਹੀਂ। ਲੇਖਕ ਦਾ ਇਸ ਸਿਸਟਮ ਪ੍ਰਤੀ ਲਹਿਜਾ ਲਗਾਵ ਦਾ ਨਹੀਂ ਅਸੰਮਤੀ ਤੇ ਸ਼ੰਕੇ ਵਾਲਾ ਹੈ। ਇਹ ਦ੍ਰਿਸ਼ਟੀਕੋਣ ਉਲਾਰ, ਪੱਖਵਾਦੀ ਤੇ ਰੁਮਾਂਟਿਕ ਨਹੀਂ ਹੈ। ਹੈਮਿੰਗਵੇ ਦੇ ਨਾਵਲ 'ਬੁੱਢਾ ਤੇ ਸਮੁੰਦਰ' ਵਿਚ ਜਿਵੇਂ ਮਛੇਰੇ ਦੀ ਪ੍ਰਾਪਤੀ ਇਕ ਪਿੰਜਰ ਰੂਪ ਵਿਚ ਨਿਰਾਰਥਕ ਦਿਸਦੀ ਹੈ ਤਿਵੇਂ ਅਖ਼ੀਰ ਪਾਲੇ ਤੇ ਮੀਤੇ ਦੀ ਰਿਹਾਈ ਵੀ ਵਿਅੰਗਮਈ ਹੈ। ਪਰ ਜਿਵੇਂ ਹੈਮਿੰਗਵੇ ਪ੍ਰਾਪਤੀ ਦੀ ਥਾਂ ਜੀਵਨ ਵਿਚ ਜੱਦੋ-ਜਹਿਦ ਵਿਚ ਵਿਸ਼ਵਾਸ ਰੱਖਦਾ ਹੈ ਤਿਵੇਂ ਹੀ ਮੀਤ ਵੀ ਅੱਤ ਦੀ ਦੁੱਖਾਂ-ਤਕਲੀਫਾਂ ਵਾਲੀ ਕਾਲੀ ਰਾਤ ਦੇ ਬਾਵਜੂਦ ਮਨੁੱਖ ਦੇ ਕ੍ਰਿਆਸ਼ੀਲਤਾ, ਏਕਤਾ ਤੇ ਸੰਘਰਸ਼ ਵਿਚ ਧਰਵਾਸ ਬੰਨ੍ਹਦਾ ਹੈ।

ਮੀਤ ਦੇ ਨਾਵਲੀ ਸੰਸਾਰ ਵਿਚ ਇਹ ਜੁੰਬਸ਼ ਵਿਸ਼ੇਸ਼ ਹੈ ਕਿ ਅਸੀਂ ਕਿਸ ਕਿਸਮ ਦੇ ਪ੍ਰਬੰਧ ਵਿਚ ਰਹਿ ਰਹੇ ਹਾਂ। ਸਾਡੇ ਇਸ ਪੂਰੇ ਸਿਸਟਮ ਦੀ ਗੰਗਾ ਆਪਣੀ ਗੰਗੋਤਰੀ ਤੋਂ ਸਿਰਿਆਂ ਤੱਕ ਪੂਰੇ ਗੰਧਲੇ ਤੇ ਵਿਗੜੇ ਰੂਪ ਵਿਚ ਸਾਹਮਣੇ ਆਉਂਦੀ ਹੈ। ਅਜਿਹਾ ਸੁਨੇਹਾ ਤੇ ਨਜ਼ਰ ਦੇਣ ਕਰਕੇ ਮੀਤ ਦੇ ਗਲਪ ਦੀ ਸਾਰਥਕਤਾ ਹੈ। ਇਸ ਕੁਰੱਪਟ ਤੇ ਉਲਝੀ, ਪਰ ਪਹਾੜ ਵਾਂਗ ਅਡੋਲ ਟਿਕੀ ਸ਼ਕਤੀਸ਼ਾਲੀ ਤਾਣੀ ਤੋਂ ਕਿਵੇਂ ਨਿਜਾਤ ਪਾਈ ਜਾਣੀ ਹੈ। ਇਸ ਸੰਬੰਧੀ ਕੋਈ ਸਿੱਧਾ ਹੱਲ ਪਾਠਕਾਂ ਅੱਗੇ ਵਿਆਖਿਆ ਜਾਂ ਉਪਦੇਸ਼ ਦੇ ਰੂਪ ਵਿਚ ਪਰੋਸਿਆ ਨਹੀਂ ਗਿਆ, ਬਲਕਿ ਇਸ ਨੂੰ ਘੋਖਵੀਂ ਸਮਝ ਦੇ ਰੂਪ ਵਿਚ ਪ੍ਰਗਟਾਇਆ ਹੈ। ਕਿਸੇ ਵਡੇਰੀ ਸਫਲਤਾ ਤੱਕ ਪਹੁੰਚਣ ਲਈ ਸੰਘਰਸ਼ ਦਾ ਲੰਮਾ ਪੈਂਡਾ ਤੈਅ ਕਰਨ ਦੀ ਲੋੜ ਦਾ ਸੱਚ ਉਭਰਦਾ ਹੈ। ਮੀਤ ਦੀ ਅਜਿਹੀ ਰਚਨਾਤਮਿਕ ਪ੍ਰਤਿਭਾ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਇਕ ਵੱਖਰੀ ਧਾਰਾ ਹੈ। ਇਹ ਸਾਡੇ ਨਾਵਲ ਸ਼ਾਸਤਰ ਵਿਚ ਵਿਸਥਾਰ ਵੀ ਹੈ ਤੇ ਨਿਖਾਰ ਵੀ।

( ਪ੍ਰਿੰ. ਗੁਰੂ ਗੋਬਿੰਦ ਸਿੰਘ ਕਾਲਜ ਸਰਹਾਲੀ ਅੰਮ੍ਰਿਤਸਰ)


ਹਰਭਜਨ ਸਿੰਘ ਹੁੰਦਲ

ਦੀ ਨਵੀਂ ਵਾਰਤਕ ਰਚਨਾ

ਚੀ ਗਵੇਰਾ (ਸੰਖੇਪ ਜੀਵਨੀ)

ਪੰਨੇ -64 ਮੁੱਲ 40/-

ਕੁਕਨੁਸ ਪ੍ਰਕਾਸ਼ਨ, ਜਲੰਧਰ




ਉਰਦੂ ਕਹਾਣੀ

# ਅਜੇਹੇ ਨਹਿਸ਼ ਸੱਯਾਦ ਨੂੰ

**ਤਰੰਨਮ ਰਿਆਜ਼**

ਕਦੇ ਕਦੇ ਤੁਹਾਨੂੰ ਇਸ ਤਰ੍ਹਾਂ ਅਨੁਭਵ ਨਹੀਂ ਹੁੰਦਾ ਕਿ ਜੇ ਤੁਸੀਂ ਘਰ ਖਾਲੀ ਕਰ ਦਿੱਤਾ ਹੁੰਦਾ ਤਾਂ ਮਿਸ਼ਰਾ ਜੀ ਦੇ ਬੱਚਿਆਂ ਦਾ ਘਰ ਨਾ ਟੁੱਟਦਾ।

ਸ਼ੀਨਾ ਨੇ ਗਹੁ ਨਾਲ ਸਈਦ ਸਾਹਿਬ ਦੇ ਚਿਹਰੇ ਵੱਲ ਦੇਖਿਆ। ਉਸ ਨੂੰ ਯਕੀਨ ਨਹੀਂ ਸੀ ਕਿ ਇਸ ਗੱਲ ਦੇ ਜੁਆਬ ਵਿਚ ਸਈਦ ਸਾਹਿਬ ਦੀ ਜ਼ਮੀਰ ਦਾ ਸਾਰਾ ਭਾਰ ਉਸ ਦੇ ਸਾਹਮਣੇ ਸਪੱਸ਼ਟ ਹੋ ਜਾਵੇਗਾ।

ਸਈਦ ਸਾਹਿਬ ਨੇ ਮੇਜ਼ ਤੋਂ ਪਾਣੀ ਦਾ ਗਲਾਸ ਚੁੱਕਿਆ ਤੇ ਇੱਕ ਘੁੱਟ ਭਰ ਕੇ ਵਾਪਸ ਰੱਖ ਦਿੱਤਾ। ਹੌਲੀ ਜਿਹੀ ਰੋਟੀ ਦੀ ਬੁਰਕੀ ਤੋੜ ਕੇ, ਕਟੋਰੀ ਦੇ ਕੰਢੇ ਦੇ ਲਾਗੇ ਜਾ ਕੇ ਰੋਕ ਲਈ ਤੇ ਸ਼ੀਨਾ ਦੀ ਕੌਲੀ ਨੂੰ ਵੇਖਣ ਲੱਗੇ।

"ਤੁਸੀਂ ਤਾਂ ਕੁਝ ਖਾਧਾ ਹੀ ਨਹੀਂ। ਤੁਸੀਂ ਗੱਲਾਂ ਵਿਚ ਉਲਝ ਗਏ ਸਉ ਜਾਂ ਫਿਰ ਖੇਚਲ।" ਉਹ ਨਰਮੀ ਨਾਲ ਮੁਸਕਰਾਏ।

ਕੋਈ ਮਹੀਨਾ ਪਹਿਲਾਂ ਸ਼ੀਨਾ ਦੀ ਨਿਯੁਕਤੀ ਇਸ ਯੂਨੀਵਰਸਿਟੀ ਵਿਚ ਫ਼ਿਲਾਸਫੀ ਦੀ ਟੀਚਰ ਵਜੋਂ ਹੋਈ ਸੀ। ਇਹ ਸ਼ਹਿਰ ਉਹਨਾਂ ਦੇ ਘਰ ਤੋਂ ਬਹੁਤ ਦੂਰ ਸੀ ਤੇ ਯੂਨੀਵਰਸਿਟੀ ਵਲੋਂ ਰਿਹਾਇਸ਼ ਅਲਾਟ ਹੋਣ ਵਿਚ ਅਜੇ ਦੇਰ ਸੀ। ਕਿਰਾਏ ਦੀ ਰਿਹਾਇਸ਼ ਦਾ ਪ੍ਰਬੰਧ ਕਰਨਾ ਤੇ ਇਕੱਲਾ ਰਹਿਣਾ ...... ਉਹ ਸੋਚਾਂ ਵਿਚ ਪੈ ਜਾਂਦੀ। ਕੁਝ ਦਿਨ ਤੋਂ ਉਹ ਯੂਨੀਵਰਸਿਟੀ ਦੇ ਗੈਸਟ-ਹਾਊਸ ਵਿਚ ਠਹਿਰੀ ਹੋਈ ਸੀ, ਪਰ ਉੱਥੇ ਵੀ ਆਖਰ ਕਦੋਂ ਤੱਕ ...... ਇਸ ਤੋਂ ਪਹਿਲਾਂ ਕਿ ਉਸਦੀ ਪ੍ਰੇਸ਼ਾਨੀ ਵਧ ਜਾਂਦੀ - ਸਈਦ ਸਾਹਿਬ ਨੇ ਉਸ ਨੂੰ ਪ੍ਰਬੰਧ ਹੋ ਜਾਣ ਤੀਕ ਆਪਣੇ ਘਰ ਰਹਿਣ ਦਾ ਸੱਦਾ ਦੇ ਦਿੱਤਾ। ਉਹਨਾਂ ਕੋਲ ਦੋ ਬੈੱਡ ਰੂਮ ਵਾਲਾ ਘਰ ਸੀ। ਬੇਟੀ ਸਹੁਰੇ ਚਲੇ ਗਈ ਸੀ ਤੇ ਉਸ ਦਾ ਕਮਰਾ ਖਾਲੀ ਪਿਆ ਸੀ।

ਸ਼ੀਨਾ ਸਈਦ ਸਾਹਿਬ ਦੀ ਨੇਕ ਤਬੀਅਤ ਸ਼ਖ਼ਸੀਅਤ ਤੋਂ ਪਹਿਲਾਂ ਹੀ ਪ੍ਰਭਾਵਿਤ ਸੀ। ਉਹਨਾਂ ਦੀ ਬੇਗ਼ਮ ਨਾਲ ਮੁਲਾਕਾਤ ਹੋਣ ਤੋਂ ਬਾਅਦ ਸ਼ੀਨਾ ਨੇ ਖੁਸ਼ੀ ਨਾਲ ਉਹਨਾਂ ਦਾ ਸੱਦਾ ਪ੍ਰਵਾਨ ਕਰ ਲਿਆ।

ਸਈਦ ਸਾਹਿਬ ਹਰ ਇੱਕ ਦੀ ਤਕਲੀਫ਼ ਵਿਚ ਕੰਮ ਆਉਣ ਲਈ ਮਸ਼ਹੂਰ ਸੀ। ਜਿੱਥੇ ਉਹਨਾਂ ਦਾ ਘਰ ਸੀ, ਉਹ ਥਾਂ ਬਹੁਤ ਸੁੰਦਰ ਸੀ, ਸੁੰਦਰ ਚਾਰ ਨੁੱਕਰੀ ਪਾਰਕ ਤੇ ਤਿੰਨ ਪਾਸੇ ਉਸਾਰੇ ਗਏ ਇੱਕੋ ਜਿਹੀ ਸ਼ਕਲ ਵਾਲੇ ਮਕਾਨ ਅਰਥਾਤ ਸਾਹਮਣੇ ਪਾਸੇ ਮਕਾਨਾਂ ਦਾ ਸਿਲਸਿਲਾ ਨਹੀਂ ਸੀ ਤੇ ਇੱਕ ਖੁੱਲੀ ਸੜਕ ਸੀ। ਜਿਸ ਨਾਲ ਖੁੱਲੇਪਨ ਦਾ ਅਹਿਸਾਸ ਹੁੰਦਾ ਸੀ ਕਿ ਸੜਕ ਉੱਤੇ ਆਵਾਜਾਈ ਏਨੀ ਕੁ ਹੀ ਸੀ, ਜਿੰਨੇ ਕੁ ਲੋਕ ਇਧਰ-ਉਧਰ ਰਹਿ ਰਹੇ ਸੀ।

ਦਰੱਖਤਾਂ ਨਾਲ ਘਿਰਿਆ ਹਰਿਆਲੀ ਨਾਲ ਭਰਿਆ ਇਲਾਕਾ ਦਿਨ ਭਰ ਪੰਛੀਆਂ ਦੀ ਚਹਿਚਹਾਟ ਕੰਨਾਂ ਵਿਚ ਰਸ ਘੋਲਦੀ ਮਲੂਮ ਹੁੰਦੀ, ਮਾਹੌਲ ਸ਼ਾਂਤੀ ਭਰਿਆ।

ਸਈਦ ਸਾਹਿਬ ਦਾ ਫਲੈਟ ਦੂਸਰੀ ਮੰਜ਼ਿਲ ਉੱਤੇ ਸੀ ਤੇ ਉੱਤੇ ਵੱਡੀ ਸਾਰੀ ਛੱਤ ਸੀ। ਜਿੱਥੋਂ ਸਿਰਫ ਖੁੱਲਾ ਆਕਾਸ਼ ਵਿਖਾਲੀ ਦਿੰਦਾ ਸੀ।

ਹੇਠਲੇ ਫਲੈਟ ਵਿਚ ਮਿਸ਼ਰਾ ਜੀ ਰਹਿੰਦੇ ਸਨ। ਆਪਣੀ ਬੁੱਢੀ ਅਹੱਲਿਆ ਦੇ ਨਾਲ।

ਇੱਕ ਦਿਨ ਜਦੋਂ ਸ਼ੀਨਾ ਯੂਨੀਵਰਸਿਟੀ ਤੋਂ ਮੁੜੀ ਤਾਂ ਦੋਵੇਂ ਮੀਆਂ-ਬੀਵੀ ਬਗੀਚੇ ਵਿਚ ਬੈਠੇ ਸਨ। ਬਾਂਸ ਦੀਆਂ ਪੁਰਾਣੀਆਂ ਕੁਰਸੀਆਂ ਦੇ ਸਾਹਮਣੇ ਬਾਂਸ ਦੀ ਗੋਲ ਮੇਜ਼ ਪਈ ਸੀ, ਜਿਸ ਦੇ ਉੱਪਰ ਸ਼ੀਸ਼ਾ ਲੱਗਾ ਹੋਇਆ ਸੀ। ਮੇਜ਼ ਉੱਤੇ ਚਾਹ ਦੇ ਬਰਤਨ ਪਏ ਸਨ।

"ਆਦਾਬ ਅਰਜ਼ ਹੈ ਬੇਟਾ।" ਸ਼ੀਨਾ ਉਹਨਾਂ ਦੀ ਹਾਜ਼ਰੀ ਮਹਿਸੂਸ ਕਰਕੇ ਸੱਜੇ ਖੱਬੇ ਨਾ ਵੇਖ ਕੇ, ਰਾਹਦਾਰੀ ਪਾਰ ਕਰ ਰਹੀ ਸੀ ਕਿ ਮਿਸ਼ਰਾ ਜੀ ਨੇ ਆਵਾਜ਼ ਮਾਰ ਕੇ ਆਖਿਆ।

"ਜ਼ੀ ਆਦਾਬ" ਉਹ ਦੋਹਾਂ ਵੱਲ ਵੇਖ ਕੇ ਵਾਰੀ-ਵਾਰੀ ਮੁਸਕਰਾਈ।

"ਆਓ, ਚਾਹ ਪੀਓ ਸਾਡੇ ਨਾਲ।" ਮਿਸਿਜ਼ ਸ਼ਰਮਾ ਨੇ ਪਿਆਰ ਨਾਲ ਸਿਰ ਹਿਲਾ ਕੇ ਕਿਹਾ।

"ਮੈਂ ਕੱਪ ਲਿਆਉਂਦੀ ਹਾਂ।" ਉਹ ਕੁਰਸੀ ਤੋਂ ਉੱਠਣ ਲੱਗੀ।

"ਨਹੀਂ, ਨਹੀਂ ਤੁਸੀਂ ਤਸ਼ਰੀਫ ਰੱਖੋ – ਮੈਂ ਲਿਆਉਂਦੀ ਹਾਂ", ਸ਼ੀਨਾ ਨੇ ਖੁਸ਼ਦਿਲੀ ਨਾਲ ਕਿਹਾ ਤੇ ਘਰ ਦੇ ਅੰਦਰ ਵੱਲ ਨੂੰ ਵਧੀ, ਅੰਦਾਜ਼ਾ ਸੀ ਕਿ ਰਸੋਈ ਕਿੱਥੇ ਕੁ ਸੀ, ਕਿਉਂਕਿ ਦੋਵਾਂ ਮੰਜ਼ਿਲਾਂ ਦੀ ਬਨਾਵਟ ਇੱਕੋ ਜਿਹੀ ਮਾਲੂਮ ਹੁੰਦੀ ਸੀ, ਉਹ ਪਿਆਲਾ ਲੈ ਕੇ ਬਾਹਰ ਆਈ ਤੇ ਕੁਰਸੀ ਖਿੱਚ ਕੇ ਉਸ ਦੇ ਸਾਹਮਣੇ ਬੈਠ ਗਈ।

"ਸਈਦ ਸਾਹਿਬ ਦੀ ਰਿਸ਼ਤੇਦਾਰ ਹੋ?" ਮਿਸਿਜ਼ ਸ਼ਰਮਾ ਨੇ ਪਿਆਲੀ ਵਿਚ ਚਾਹ ਪਾਉਂਦੇ ਹੋਏ ਪੁੱਛਿਆ।

"ਜੀ ਬੱਸ ...... ਇੱਕ ਅਪਣੱਤ ਹੈ, ਇਹਨਾਂ ਲੋਕਾਂ ਦੇ ਨਾਲ।" ਸ਼ੀਨਾ ਨੇ ਗਰਦਨ ਨੂੰ ਇਕ ਪਾਸੇ ਮੋੜ ਕੇ ਨਰਮ ਲਹਿਜੇ ਵਿਚ ਕਿਹਾ। ਸਈਦ ਸਾਹਿਬ ਦੇ ਨਾਲ ਹੀ ਮੈਂ ਵੀ ਯੂਨੀਵਰਸਿਟੀ ਵਿਚ ਹਾਂ।

ਸ਼ੀਨਾ ਨੇ ਆਪਣੀ ਪਿਆਲੀ ਵਿਚ ਇਕ ਚਮਚ ਖੰਡ ਪਾਈ ਤੇ ਮਿਸਿਜ਼ ਸ਼ਰਮਾ ਨੇ ਉਸ ਵਿਚ ਥੋੜ੍ਹਾ ਜਿਹਾ ਦੁੱਧ ਪਾ ਦਿੱਤਾ।

"ਤੁਹਾਡੇ ਆਉਣ ਨਾਲ ਰੌਣਕ ਆ ਗਈ ਹੈ।" ਉਹਨਾਂ ਨੇ ਪਿਆਰ ਭਰੀਆਂ ਨਜ਼ਰਾਂ ਨਾਲ ਸ਼ੀਨਾ ਨੂੰ ਵੇਖਿਆ ਤੇ ਪਿਆਲੀ ਹੱਥ ਵਿਚ ਲੈ ਕੇ ਦੋਵਾਂ ਹੱਥਾਂ ਨਾਲ ਸ਼ੀਨਾ ਨੂੰ ਫੜਾ ਦਿੱਤੀ। ਸ਼ੀਨਾ ਨੇ ਵੇਖਿਆ ਕਿ ਉਹਨਾਂ ਦੇ ਹੱਥ ਹਲਕੇ ਹਲਕੇ ਕੰਬ ਰਹੇ ਸੀ। ਉਸਨੇ ਜਲਦੀ ਨਾਲ ਪਿਰਚ ਪਿਆਲੀ ਸੰਭਾਲ ਲਈ।

"ਮੈਂ ਵੀ ਤੁਹਾਨੂੰ ਮਿਲਣਾ ਚਾਹ ਰਹੀ ਸੀ, ਪਰ ਜਾਣ-ਪਛਾਣ ਨਹੀਂ ਹੋਈ ਸੀ, ਇਸ ਲਈ ਜ਼ਰਾ ਜਿਹੀ ਝਿਜਕ ......।"

"ਪਿਆਰ ਵਿਚ ਜਾਣ-ਪਛਾਣ ਦੀ ਲੋੜ ਨਹੀਂ ਹੁੰਦੀ ...... ਬੱਸ ਆ ਜਾਂਦੀ।" ਮਿਸਟਰ ਸ਼ਰਮਾ ਬੋਲੇ।

ਪਉੜੀਆਂ ਉਤਰਨ ਦੀ ਆਵਾਜ਼ ਉੱਤੇ ਸ਼ੀਨਾ ਨੇ ਮੁੜ ਕੇ ਵੇਖਿਆ, ਬੇਗਮ ਸਈਦ ਸੀ।

"ਮੈਂ ਆਪਣੇ ਲਈ ਪਿਆਲੀ ਲੈਣ ਜਾ ਰਹੀ ਹਾਂ ...... ਸਮਝ ਗਈ ਸੀ ਕਿ ਆਂਟੀ ਨੇ ਰੋਕਿਆ ਹੋਵੇਗਾ ਤੈਨੂੰ ਲਾਅਨ ਵਿੱਚ।" ਉਹ ਮੁਸਕਰਾਉਂਦੀ ਹੋਈ ਬੋਲੀ ਤੇ ਰਸੋਈ ਵਿਚ ਜਾਣ ਲਈ ਮੁੜੀ।

"ਸਬਾ ਹੁਣ ਦੋ ਲੈ ਆਵੀਂ ...... ਤੁਹਾਡੇ ਮੀਆਂ ਵੀ ਆ ਰਹੇ ਹੋਣਗੇ।" ਮਿਸ਼ਰਾ ਜੀ ਦੀ ਬੇਗਮ ਨੇ ਆਵਾਜ਼ ਦਿੱਤੀ।

"ਅਕਸਰ ਸ਼ਾਮਾਂ ਨੂੰ ਇੰਝ ਹੀ ਹੁੰਦਾ ਹੈ। ਅਸੀਂ ਸਾਰੇ ਇੱਥੇ ਇਕੱਠੇ ਹੋ ਜਾਂਦੇ ਹਾਂ।" ਬੇਗਮ ਸਬਾ ਸਈਦ ਨੇ ਇਕ ਕੁਰਸੀ ਨੂੰ ਮੇਜ਼ ਵੱਲ ਖਿੱਚਦੇ ਹੋਏ ਆਖਿਆ।

"ਤੀਹ ਸਾਲ ਦੀ ਨੇੜਤਾ ਹੈ, ਕੋਈ ਮਜ਼ਾਕ ਨਹੀਂ। ਆਦਤ ਜਿਹੀ ਪੈ ਗਈ ਹੈ ਇਹਨਾਂ ਲੋਕਾਂ ਦੀ।" ਮਿਸ਼ਰਾ ਜੀ ਦੀ ਆਵਾਜ਼ ਵਿਚ ਕੁਝ ਸੰਜੀਦਗੀ ਘੁਲ ਗਈ।

"ਹੋਰ ਕੌਣ-ਕੌਣ ਹਨ ਘਰ ਵਿਚ" ਸ਼ੀਨਾ ਨੇ ਪੁੱਛਣਾ ਚਾਹਿਆ ਤਾਂ ਬੇਗਮ ਸਈਦ ਜਲਦੀ ਨਾਲ ਬੋਲੀ।

"ਬੱਸ ਇਹ ਦੋ ਹੀ ਹਾਂ ਅਸੀਂ ਕੀ ਕਾਫੀ ਨਹੀਂ?" ਉਹਨਾਂ ਨੇ ਹਲਕਾ ਜਿਹਾ ਕਹਿਕਹਾ ਲਗਾਇਆ, ਪਰ ਬਜ਼ੁਰਗ ਮੀਆਂ ਬੀਵੀ ਦੇ ਚਿਹਰਿਆਂ ਉੱਤੇ ਗੰਭੀਰਤਾ ਉਤਰ ਆਈ। ਪਲ ਭਰ ਬਾਅਦ ਮਿਸਿਜ਼ ਮਿਸ਼ਰਾ ਨੇ ਹੱਥ ਵਿਚ ਫੜੀ ਪਿਆਲੀ ਮੇਜ਼ ਉੱਤੇ ਰੱਖ ਦਿੱਤੀ।

"ਇੱਕ ਬੇਟਾ ਹੈ ਸਾਡਾ ਅਮਰੀਕਾ ਵਿਚ ਰਹਿੰਦਾ ਹੈ।" ਉਹਨਾਂ ਦੇ ਚਿਹਰੇ ਉੱਤੇ ਹਲਕੀ ਜਿਹੀ ਚਮਕ ਨਜ਼ਰ ਆ ਰਹੀ ਸੀ। ਦੋ ਸਾਲ ਪਹਿਲਾਂ ਆਇਆ ਸੀ। ਸ਼ਾਇਦ ਇਸ ਸਾਲ ਵੀ ਆਵੇਗਾ। ਤੁਹਾਨੂੰ ਮਿਲਾਵਾਂਗੇ ਉਹਨਾਂ ਨਾਲ।" ਮਿਸ਼ਰਾ ਜੀ ਨੇ ਪ੍ਰਭਾਵਹੀਣ ਚਿਹਰਾ ਲਈ ਆਖਿਆ ਤੇ ਚਾਹ ਪੀਣ ਲੱਗ ਪਏ। ਮਿਸਿਜ਼ ਮਿਸ਼ਰਾ ਨੇ ਇਕ ਬਿਸਕੁੱਟ ਦੇ ਦੋ ਚਾਰ ਟੁਕੜੇ ਕਰ ਕੇ ਕੰਧ ਵੱਲ ਉਛਾਲ ਦਿੱਤੇ ਤੇ ਚਾਹ ਪੀਣ ਲੱਗੇ। ਓਧਰ ਇਕ ਛੋਟਾ ਜਿਹਾ ਰੁੱਖ ਸੀ, ਜਿਹੜਾ ਕੰਧ ਦੀ ਉਚਾਈ ਨਾਲੋਂ ਕੁਝ ਹੀ ਉੱਚਾ ਸੀ। ਇਸ ਉੱਤੇ ਦੋ ਗੁਲਕਚੀਆਂ ਬੈਠੀਆਂ ਸਨ। ਬਿਸਕੁਟ ਵੇਖ ਕੇ ਇਕ ਗੁਲਕਚੀਆ ਚਹਿਕੀ। ਉੱਚੀ ਬਾਰੀਕ ਆਵਾਜ਼ ਵਿਚ ਤੇ ਸਭ ਨੂੰ ਹਾਸਾ ਆ ਗਿਆ। ਦੂਜੀ ਫੁਰਰ ਕਰਦੀ ਹੇਠਾਂ ਆ ਗਈ। ਕੁਝ ਦੇਰ ਬਾਅਦ ਪਹਿਲੀ ਵੀ



ਆ ਗਈ। ਦੋਵੇਂ ਬਿਸਕੁਟ ਉੱਤੇ ਜ਼ੋਰ ਅਜ਼ਮਾਈ ਕਰਨ ਲੱਗੀਆਂ।

"ਪਿਛਲੇ ਕਈ ਸਾਲਾਂ ਤੋਂ ਇਹ ਮੈਨਾਵਾਂ ਏਥੇ ਹੀ ਰਹਿੰਦੀਆਂ ਹਨ।" ਸਬਾ ਬੇਗਮ ਬੋਲੀ।

"ਹਾਂ, ਹੈਰਾਨੀ ਤੇ ....... ਤੇ ਸਦਾ ਹੀ ਦੋ ਨਜ਼ਰ ਆਉਂਦੀਆਂ ਨੇ" ਮਿਸਿਜ਼ ਮਿਸ਼ਰਾ ਨੇ ਆਖਿਆ।

"ਇਹਨਾਂ ਦਾ ਇੱਕ ਆਹਲਣਾ ਵੀ ਹੈ – ਓਧਰ – ਉਪਰ ਉਸ ਥਾਂ 'ਤੇ ਜਿੱਥੋਂ ਇਕ ਇੱਟ ਨਿਕਲੀ ਹੈ।" ਸਬਾ ਬੇਗਮ ਨੇ ਆਖਿਆ।

ਜਦੋਂ ਅਸੀਂ ਘਰ ਬਣਾ ਰਹੇ ਸੀ ...... ਕੋਈ...... 32 ਵਰ੍ਹੇ ਪਹਿਲਾਂ ...... ਉਪਰ ਵਾਲਾ ਲੱਕੜੀ ਦਾ ਢਾਂਚਾ ਬਣਿਆ ਹੋਇਆ ਸੀ ...... ਆਸਪਾਸ ...... ਮਜ਼ਦੂਰਾਂ ਦੇ ਕੰਮ ਕਰਨ ਲਈ। ਇਸੇ ਸਮੇਂ ਕਿਤਿਓਂ ਇਹਨਾਂ ਮੈਨਾਵਾਂ ਨੇ ਆਹਲਣਾ ਪਾ ਲਿਆ। ਜਦ ਮਕਾਨ ਮੁਕੰਮਲ ਹੋ ਰਿਹਾ ਸੀ ਤਾਂ ਬਾਂਸ ਦਾ ਢਾਂਚਾ ਖੋਹਲਣਾ ਪਿਆ ਸੀ ...... ਵੇਖਿਆ ਤਾਂ ਲੱਕੜ ਅਤੇ ਦੀਵਾਰ ਦੇ ਵਿਚਕਾਰ ...... ਇੱਕ ਆਹਲਣਾ ਸੀ ...... ਰੇਖਾ ਦੀ ਨਜ਼ਰ ਪੈ ਗਈ ...... ਨਹੀਂ ਤਾਂ ਮਜ਼ਦੂਰਾਂ ਨੂੰ ਤਾਂ ਬੱਸ ਉਖੇੜਨ ਦੀ ਕਾਹਲੀ ਸੀ। ਮਿਸ਼ਰਾ ਜੀ ਨੇ ਬੀਵੀ ਵੱਲ ਵੇਖਿਆ ਅਤੇ ਆਹਲਣੇ ਵੱਲ ਹੱਥ ਨਾਲ ਇਸ਼ਾਰਾ ਕੀਤਾ।

"ਮੈਂ ਉੱਥੋਂ ਇਕ ਇੱਟ ਕਢਵਾ ਕੇ ਬੜੀ ਸੰਭਾਲ ਨਾਲ ਆਹਲਣਾ ਖਾਲੀ ਜਗ੍ਹਾ ਵਿਚ ਤਬਦੀਲ ਕਰ ਦਿੱਤਾ।" ਮਿਸਿਜ਼ ਮਿਸ਼ਰਾ ਬੋਲੀ।

"ਦੋ ਆਂਡੇ ਵੀ ਸੀ ਨਾ ਉਸ ਵਿਚ, ਮੈਂ ਤੁਹਾਨੂੰ ਦੱਸਿਆ ਸੀ।" ਸਬਾ ਬੇਗਮ ਨੇ ਕਿਹਾ।

"ਹਾਂ ਹੈਗੇ ਸੀ। ਖਬਰੇ ਕੀ ਹੋਇਆ ...... ਜਾਂ ਤੇ ਬੱਚੇ ਵੱਡੇ ਹੋ ਕੇ ਏਥੇ ਹੀ ਰਹਿੰਦੇ ਹਨ ਤੇ ਮਾਂ ਬਾਪ ਉੱਡ ਜਾਂਦੇ ਹਨ ਜਾਂ ਫਿਰ ਬੱਚੇ ਹੀ ਕਿਤੇ ਉੱਡ ਜਾਂਦੇ ਹਨ।"

"ਬੱਚੇ ਹੀ ਕਿਤੇ ਉੱਡ ਜਾਂਦੇ ਹੋਣਗੇ।" ਉਹਨਾਂ ਨੇ ਇਕ ਦੱਬੀ-ਦੱਬੀ ਜਿਹੀ ਡੂੰਘੀ ਸਾਹ ਲਈ। "ਨਜ਼ਰ ਤਾਂ ਇਹ ਦੋ ਹੀ ਮੈਨਾ ਆਉਂਦੀਆਂ ਹਨ – ਹਮੇਸ਼ਾ।"

ਮਿਸ਼ਰਾ ਜੀ ਅਤੇ ਰੇਖਾ ਮਿਸ਼ਰਾ ਜੀ ਦੇ ਹੋਠਾਂ ਉੱਤੇ ਬੇਅਰਥ ਜਿਹੀ ਮੁਸਕਰਾਹਟ ਫੈਲੀ ਹੋਈ ਸੀ।

"ਕਿੰਨੇ ਉਦਾਸ ਹੁੰਦੇ ਨੇ ਮਾਂ-ਬਾਪ" ਸਬਾ ਬੇਗਮ ਤੇ ਸ਼ੀਨਾ ਜਦ ਉੱਪਰ ਆ ਗਈਆਂ ਤਾਂ ਸ਼ੀਨਾ ਨੇ ਆਖਿਆ।

"ਬੱਚੇ ਖੌਰੇ ਕਿਉਂ ਛੱਡ ਜਾਂਦੇ ਹਨ ਇਸ ਤਰ੍ਹਾਂ ...... ਮਾਂ ਪਿਉ ਨੂੰ" ਸ਼ੀਨਾ ਦੇ ਲਹਿਜੇ ਵਿਚ ਦੁੱਖ ਸੀ।

"ਨਹੀਂ ...... ਅਸਲ ਵਿਚ ਇਹਨਾਂ ਦਾ ਲੜਕਾ ਬੜਾ ਆਗਿਆਕਾਰ ਸੀ।" ਸਬਾ ਬੇਗਮ ਰਸੋਈ ਵੱਲ ਵਧੀ ਸ਼ੀਨਾ ਉਸ ਦੇ ਪਿੱਛੇ ਤੁਰ ਪਈ।

"ਤਾਂ ਫਿਰ ਕੀ ਹੋਇਆ ...... ਏਨੀ ਦੂਰ ...... ਬੁੱਢੇ ਮਾਂ ਬਾਪ।" ਸ਼ੀਨਾ ਨੇ ਪੁੱਛਿਆ।

ਸਬਾ ਬੇਗਮ ਨੇ ਰਸੋਈ ਦੀ ਖਿੜਕੀ ਖੋਲ੍ਹ ਦਿੱਤੀ, ਜਿਹੜੀ ਗੈਸ ਦੇ ਚੁੱਲ੍ਹੇ ਦੇ ਦੂਜੇ ਪਾਸੇ ਸੀ। ਉੱਥੇ ਰੁੱਖਾਂ ਦੀਆਂ ਉੱਚੀਆਂ ਟਾਹਣੀਆਂ ਨਜ਼ਰ ਆਉਂਦੀਆਂ ਸਨ। ਲਾਗੇ ਇਕ ਨਿੰਮ ਦਾ ਦਰੱਖਤ ਵੀ ਸੀ, ਜਿਸ ਦੇ ਸੰਘਣੇ ਪੱਤਿਆਂ ਵਿਚ ਚਿੜੀਆਂ ਏਧਰ ਉਧਰ ਉੱਡ ਰਹੀਆਂ ਸਨ।

"ਬੜੀ ਖ਼ੂਬਸੂਰਤੀ ਨਾਲ ਸਜਾਈ ਹੈ ਤੁਸੀਂ ਰਸੋਈ।" ਸ਼ੀਨਾ ਨੇ ਆਖਿਆ।

"ਤੀਹ ਸਾਲਾਂ ਤੋਂ ਚਲਾ ਰਹੀ ਹਾਂ ...... ਇਸ ਘਰ ਨੂੰ ...... ਇਹ ਤਖਤੇ ਤੇ ਹੁੰਦੇ ਹੀ ਨਹੀਂ ਸੀ।" ਸਬਾ ਬੇਗਮ ਮੁਸਕਰਾਈ।

"ਹੁਣ ਤੇ ਘਰ ਸੰਵਾਰਿਆ ਨਹੀਂ ਜਾਂਦਾ। ਨਗਮਾ ਹੁੰਦੀ ਸੀ ਤਾਂ ਘਰ ਵਿਆਂਦੜ ਵਾਂਗ ਲੱਗਦਾ ਸੀ, ਹੁਣ ਸਹੁਰੇ ਘਰ ਹੈ।" ਸਬਾ ਬੇਗਮ ਨੇ ਧੀਰਜ ਨਾਲ ਕਿਹਾ

"ਹੱਛਾ ਭਾਬੀ, ਮਿਸ਼ਰਾ ਜੀ ਦੇ ਬੇਟੇ ਨੇ ਸ਼ਾਦੀ ਵੀ ਵਿਦੇਸ਼ ਵਿਚ ਹੀ ਕੀਤੀ ਹੈ?" ਸ਼ੀਨਾ ਨੇ ਪੁੱਛਿਆ।

"ਏਹੋ ਤਾਂ ਦੁੱਖ ਦੀ ਗੱਲ ਹੈ ...... ਮੈਂ ਏਸੇ ਲਈ ਹੇਠਾਂ ਲਾਅਨ ਵਿਚ ਵਿਸ਼ਾ ਬਦਲ ਦਿੱਤਾ ਸੀ ...... ਨਹੀਂ ਤਾਂ।"

"ਕਿਉਂ?"

"ਉਹ ਇਸ ਲਈ ਉਸ ਦੀ ਬੀਵੀ ਹੁਣ ਉਸ ਦੇ ਨਾਲ ਨਹੀਂ ਰਹਿੰਦੀ। ਪਰ ਸ਼ਾਦੀ ਉਸਨੇ ਆਪਣੀ ਮਰਜ਼ੀ ਨਾਲ ਨਹੀਂ ਸੀ ਕੀਤੀ। ਨਿਮਰਤਾ ਮਿਸ਼ਰਾ ਜੀ ਦੇ ਦੋਸਤ ਦੀ ਬੇਟੀ ਸੀ। ਵਰ੍ਹਿਆਂ ਤੋਂ ਆਣਾ-

ਜਾਣਾ ਸੀ। ਰੋਹਿਤ ਤੇ ਨਿਮਰਤਾ ਵਿਚ ਦੋਸਤੀ ਵੀ ਸੀ। ਦੋਵੇਂ ਮਿਹਨਤੀ ਤੇ ਨੌਕਰੀ ਪੇਸ਼ਾ ਸੀ। ਇੱਕ ਦੂਸਰੇ ਨੂੰ ਸਮਝਦੇ ਸੀ। ਘਰ ਵਾਲਿਆਂ ਸ਼ਾਦੀ ਕਰ ਦਿੱਤੀ।" ਸਬਾ ਬੇਗਮ ਨੇ ਫਰਿੱਜ ਵਿਚੋਂ ਸਬਜ਼ੀ ਦੀ ਥੈਲੀ ਕੱਢਦੇ ਹੋਏ ਕਿਹਾ। ਸ਼ੀਨਾ ਪਰਾਤ ਵਿਚ ਆਟਾ ਕੱਢਣ ਲੱਗੀ।

"ਫਿਰ ਭਾਬੀ ਜੀ?"

"ਦੋ ਢਾਈ ਵਰ੍ਹੇ ਤਾਂ ਖ਼ੂਬ ਨਿਕਲੇ ਦੋਵਾਂ ਦੇ। ਫਿਰ ਪਤਾ ਨਹੀਂ ਕੀ ਹੋਇਆ? ਨਿਮਰਤਾ ਚੁੱਪ ਚੁੱਪ ਜਿਹੀ ਰਹਿਣ ਲੱਗੀ। ਕਦੇ-ਕਦੇ ਉਹਨਾਂ ਦੇ ਕਮਰੇ ਵਿਚੋਂ ਬਹਿਸ ਕਰਨ ਦੀਆਂ ਉੱਚੀਆਂ-ਉੱਚੀਆਂ ਆਵਾਜ਼ਾਂ ਆਉਂਦੀਆਂ। ਉਹਨਾਂ ਦਾ ਕਮਰਾ ਬਿਲਕੁਲ ਸਾਡੇ ਬੈੱਡ ਰੂਮ ਦੇ ਹੇਠਾਂ ਸੀ।"

"ਜੀ, ਫਿਰ ਕੀ ਹੋਇਆ?"

"ਖ਼ੁਦਾ ਜਾਣੇ ਕੀ ਗੱਲ ਹੋਈ। ਨਿਮਰਤਾ ਆਪ ਹੀ ਘਰ ਨਜ਼ਰ ਆਉਣ ਲੱਗੀ ਜਦਕਿ ਦੋਵਾਂ ਨੇ ਇੱਕ ਸਾਂਝਾ ਦਫ਼ਤਰ ਖੋਲ੍ਹਿਆ ਹੋਇਆ ਸੀ। ਇੰਝ ਲੱਗਦਾ ਸੀ ਕਿ ਜਿਵੇਂ ਦਫ਼ਤਰ ਵਿਚ ਨਿਮਰਤਾ ਦਾ ਦੂਜੇ ਲੋਕਾਂ ਨਾਲ ਵਿਰੋਧ ਸੀ। ਰੋਹਿਤ ਕੁਝ ਜ਼ਿੱਦੀ ਕਿਸਮ ਦਾ ਲੜਕਾ ਜਾਪਦਾ ਸੀ। ਉਹਨਾਂ ਦਿਨਾਂ ਵਿਚ ਨਿਮਰਤਾ ਕੁਝ ਆਸਵੰਦ ਸੀ। ਘਰ ਵਿਚ ਤਣਾਅ ਰਹਿਣ ਲੱਗਾ ...... ਤਾਂ ਮਿਸ਼ਰਾ ਜੀ ਅਤੇ ਮਿਸਿਜ਼ ਮਿਸ਼ਰਾ ਤੇ ਨਿਮਰਤਾ ਦੇ ਮਾਂ-ਬਾਪ ਨੇ ਸਲਾਹ ਕੀਤੀ ਕਿ ਦੋਵਾਂ ਦੇ ਦਫ਼ਤਰ ਵੱਖ-ਵੱਖ ਹੋ ਜਾਣ ਤਾਂ ਖਿਚਾਅ ਘੱਟ ਹੋ ਸਕਦਾ ਹੈ। ਪਹਿਲਾਂ ਤਾਂ ਰੋਹਿਤ ਇਸ ਗੱਲ ਉੱਤੇ ਰਾਜ਼ੀ ਹੀ ਨਹੀਂ ਹੋਇਆ। ਪਰ ਪਿੱਛੋਂ ਰੱਬ ਦੀ ਮਿਹਰ ਨਾਲ ਮੰਨ ਗਿਆ। ਤੈਅ ਇਹ ਹੋਇਆ ਕਿ ਨਿਮਰਤਾ ਦੇ ਬੱਚਾ ਜੰਮਣ ਤੋਂ ਬਾਅਦ ਬੇਸਮੇਂਟ ਵਿਚ ਹੀ ਉਸ ਦਾ ਦਫ਼ਤਰ ਖੋਲ੍ਹਿਆ ਜਾਵੇਗਾ। ਫਿਰ ...... ਕੁਝ ਹਫ਼ਤਾ ਦਸ ਦਿਨ, ਸ਼ਾਂਤੀ ਰਹੀ, ਪਰ ਫਿਰ ਤਣਾਅ ਵਧਣ ਲੱਗਾ। ਦੋਵਾਂ ਦੇ ਮਾਤਾ-ਪਿਤਾ ਦਹਾਕਿਆਂ ਦੇ ਪੁਰਾਣੇ ਵਾਕਿਫ਼ ਸੀ। ਹੈਰਾਨ ਸੀ ਕਿ ਕੀ ਹੋ ਗਿਆ?"

"ਸ਼ਾਇਦ ਉਹੀ ਹਉਮੈ ਦਾ ਟਕਰਾਅ" ਸ਼ੀਨਾ ਨੇ ਕਿਹਾ।

"ਹਾਂ ਹੋ ਸਕਦਾ ਹੈ। ਮਰਦਾਂ ਦੀ ਆਕੜ ਹੁੰਦੀ ਵੀ ਤਾਂ ਉਹਨਾਂ ਦੇ ਕੱਦ ਨਾਲੋਂ ਵੱਡੀ ਹੈ। ਉਹਨਾਂ ਨੂੰ ਜ਼ਹੀਨ ਬੀਵੀ ਦੀ ਹਾਜ਼ਰੀ ਵਿਚ ਬਿਨਾਂ ਕਾਰਨ ਆਪਣੀ ਹੈਸੀਅਤ ਖ਼ਤਰੇ ਵਿਚ ਪਈ ਨਜ਼ਰ ਆਉਂਦੀ ਹੈ। ਹਾਲਾਂਕਿ ਔਰਤਾਂ ਦਾ ਇਸ ਪਾਸੇ ਧਿਆਨ ਜਾ ਹੀ ਨਹੀਂ ਸਕਦਾ। ਉਹ ਤਾਂ ਹਰ ਹਾਲਤ ਵਿਚ ਆਪਣੇ ਪਤੀ ਨੂੰ ਆਪਣੇ ਨਾਲੋਂ ਬਿਹਤਰ ਵੇਖਣਾ ਚਾਹੁੰਦੀ ਹੈ।"

"ਪਰ ਭਾਬੀ ...... ਕਦੇ ਕਦੇ ਅਜਿਹਾ ਵੀ ਹੋ ਸਕਦਾ ਹੈ ਕਿ ਪਤਨੀ ਹੀ ਆਪਣੀ ਹੈਸੀਅਤ ਮਨਵਾਉਣ ਤੇ ਤੁਲ ਜਾਵੇ।"

"ਹਾਂ ਹੁੰਦਾ ਹੈ, ਪਰ ਉਸ ਵਕਤ ਜਦੋਂ ਮਰਦ ਉਸਦੀ ਹੈਸੀਅਤ ਨੂੰ ਲਲਕਾਰੇ।"

"ਹੱਛਾ, ਤਾਂ ਫਿਰ ਹੋਇਆ ਕੀ?"

ਬੱਸ ਦੋਵਾਂ ਦੇ ਮਾਤਾ-ਪਿਤਾ ਕਿਸੇ ਤਰ੍ਹਾਂ ਇਸ ਸ਼ਾਦੀ ਨੂੰ ਬਣਾਈ ਰੱਖਣਾ ਚਾਹੁੰਦੇ ਸਨ। ਇਹ ਕਿਸੇ ਨਾ ਕਿਸੇ ਤਰ੍ਹਾਂ ਉਹਨਾਂ ਨੂੰ ਬੱਚੇ ਦੇ ਜਨਮ ਤੀਕ ਨਾਲ ਰੱਖਣ ਦੀ ਕੋਸ਼ਿਸ਼ ਕਰਨਾ ਚਾਹੁੰਦੇ ਸਨ ਤਾਂ ਕਿ ਬਾਅਦ ਵਿਚ ਬੱਚਾ ਖ਼ੁਦ ਦੋਵਾਂ ਨੂੰ ਨੇੜੇ ਲੈ ਆਉਂਦਾ।"

"ਤਾਂ ਅਜਿਹਾ ਨਹੀਂ ਹੋਇਆ?"

"ਨਹੀਂ ...... ਦੋਵਾਂ ਦੇ ਕਮਰਿਆਂ ਵਿਚੋਂ ਰੋਜ਼ ਰਾਤ ਨੂੰ ਝਗੜਨ ਦੀਆਂ ਆਵਾਜ਼ਾਂ ਆਉਂਦੀਆਂ। ਨਿਮਰਤਾ ਨੇ ਕਿਹਾ ਕਿ ਉਹ ਬੱਚਾ ਹੋਣ ਤੀਕ ਵੱਖਰੇ ਕਮਰੇ ਵਿਚ ਰਹੇਗੀ ...... ਪਰ ਕਮਰਾ ਤਾਂ ਹੈ ਹੀ ਨਹੀਂ ਸੀ ......" ਸਬਾ ਬੇਗਮ ਨੇ ਇਕ ਲੰਮੀ ਸਾਹ ਲਈ।

"ਅਸੀਂ ਵੀ ਬਹੁਤ ਸਮਝਾਉਂਦੇ ਕਿ ਨਿਭ ਜਾਵੇ ਪਰ ਖ਼ੈਰ ਸਾਨੂੰ ਕਿਹਾ ਗਿਆ ਕਿ ਘਰ ਖਾਲੀ ਕਰ ਦੇਈਏ, ਸੱਯਦ ਸਾਹਿਬ ਨੇ ਕਿਹਾ ਕਿ ਠੀਕ ਹੈ ...... ਅਸੀਂ ਲੋਕ ਪੂਰੇ ਇਕ ਮਹੀਨੇ ਬਾਅਦ ਘਰ ਖਾਲੀ ਕਰਨ ਵਾਲੇ ਸੀ ਕਿ ...... ਅਚਾਨਕ ਇਕ ਦਿਨ ਸਾਡੇ ਨਾਮ ਅਦਾਲਤ ਦਾ ਸੰਮਨ ਆ ਗਿਆ।" ਸਬਾ ਬੇਗਮ ਨੇ ਏਨਾ ਹੀ ਕਿਹਾ ਸੀ ਕਿ ਬੂਹੇ ਦੀ ਘੰਟੀ ਵੱਜੀ। ਸੱਯਦ ਸਾਹਿਬ ਲੱਦੇ ਹੋਏ ਆ ਰਹੇ ਸੀ।

"ਮੌਸਮ ਦੇ ਪਹਿਲੇ ਅੰਬ ਹਨ।" ਸਈਦ ਸਾਹਿਬ ਨੇ ਸਾਮਾਨ ਬੀਵੀ ਦੇ ਹੱਥਾਂ ਵਿਚ ਦਿੰਦੇ ਹੋਏ ਦੋਵਾਂ



ਵੱਲ ਮੁਸਕਰਾ ਕੇ ਵੇਖਿਆ।

ਸਬਾ ਬੇਗਮ ਉਹਨਾਂ ਵੱਲ ਸਵਾਲੀਆ ਨਜ਼ਰਾਂ ਨਾਲ ਵੇਖਣ ਲੱਗੀ।

"ਹਾਂ ਭਾਈ, ਦੇ ਆਇਆ ਹਾਂ ਇੱਕ ਥੈਲੀ ਹੇਠਾਂ ਵੀ।" ਉਹ ਮੁਸਕਰਾਏ।

ਸ਼ੀਨਾ ਦੀ ਹੈਰਾਨੀ ਕੁਝ ਹੋਰ ਵਧ ਗਈ।

"ਫਿਰ ਕੀ ਹੋਇਆ ਭਾਬੀ?" ਸ਼ੀਨਾ ਸਬਾ ਬੇਗਮ ਦੇ ਹੱਥਾਂ ਵਿਚੋਂ ਸਾਮਾਨ ਲੈ ਕੇ ਅਲਮਾਰੀਆਂ ਤੇ ਫਰਿੱਜ ਵਿਚ ਰੱਖਣ ਲੱਗੀ।

"ਫਿਰ ...... ਅਸੀਂ ਹੈਰਾਨ ਕਿ ਕੇਹਾ ਸੰਮਨ ਹੈ।" ਸਬਾ ਬੇਗਮ ਬੋਲੀ ਤਾਂ ਸਈਦ ਸਾਹਿਬ ਚੌਂਕ ਉੱਠੇ।

"ਹੱਛਾ, ਉਹ ਗੱਲ ...... ਮੈਂ ਦੱਸਦਾ ਹਾਂ ...... ਉਹਨਾਂ ਨੇ ਜਾਣ ਬੁੱਝ ਕੇ ਸੰਮਨ ਭਿਜਵਾਇਆ ...... ਮੈਂ ਇਕਰਾਰ ਤਾਂ ਕੀਤਾ ਹੀ ਹੋਇਆ ਸੀ। ਮੈਂ ਕਦੇ ਕਚਹਿਰੀ ਦੇ ਚੱਕਰ ਵਿਚ ਪਿਆ ਹੀ ਨਹੀਂ ਸੀ ...... ਹੈਰਾਨੀ ਵਿਚ ਪੈ ਗਿਆ।

ਅਸਲ ਵਿਚ ਇਹ ਸਭ ਰੋਹਿਤ ਦਾ ਕੀਤਾ ਕੰਮ ਸੀ ...... ਉਹ ਅਜੀਬ ਜਿਹਾ ਸਿਰ ਫਿਰਿਆ ਸੀ ...... ਮੈਨੂੰ ਵੀ ਗੁੱਸਾ ਆ ਗਿਆ। ਮੈਂ ਕਿਹਾ ਠੀਕ ਹੈ - ਹੁਣ ਜੋ ਫੈਸਲਾ ਕੋਰਟ ਕਰੇਗੀ - ਉਹੀ ਆਖ਼ਰੀ ਹੋਵੇਗਾ। ਸ਼ੁਰੂ ਹੋ ਗਈਆਂ ਤਰੀਕਾਂ। ਰੋਹਿਤ ਗੱਡੀ ਚਲਾਉਂਦਾ। ਮਿਸ਼ਰਾ ਜੀ ਅਤੇ ਮਿਸਿਜ਼ ਮਿਸ਼ਰਾ ਕਚਹਿਰੀ ਜਾਣ ਤੋਂ ਪਹਿਲਾਂ ਮੈਨੂੰ ਵੀ ਆਵਾਜ਼ ਮਾਰਦੇ, ਮੈਂ ਵੀ ਉਸੇ ਹੀ ਗੱਡੀ ਵਿਚ ਬੈਠਦਾ। ਇਕੱਠੇ ਕਚਹਿਰੀ ਪਹੁੰਚਦੇ ਤੇ ਉੱਥੇ ਜਾ ਕੇ ਵੱਖ-ਵੱਖ ਕਟਹਿਰਿਆਂ ਵਿਚ ਖਲੋ ਜਾਂਦੇ।

ਸਈਦ ਸਾਹਿਬ ਨੇ ਇਕ ਡੂੰਘਾ ਸਾਹ ਲਿਆ। ਬੇਗਮ ਨੇ ਪਾਣੀ ਦਾ ਗਲਾਸ ਫੜਾਇਆ। ਸਾਰੇ ਲੋਕ ਤੁਰਦੇ-ਤੁਰਦੇ ਬੈਠਕ ਵਿਚ ਆ ਗਏ।

"ਰੰਜ ਹੁੰਦਾ ਹੈ ਯਾਦ ਕਰਕੇ।" ਉਹ ਸਿਰ ਝੁਕਾਉਂਦੇ ਹੋਏ ਬੋਲੇ ਤੇ ਸੋਫ਼ੇ 'ਤੇ ਬੈਠ ਗਏ।

ਜੱਜ ਨੇ ਬਿਆਨ ਲੈਣਾ ਸ਼ੁਰੂ ਕੀਤਾ। ਮਿਸ਼ਰਾ ਜੀ ਨੂੰ ਪੁੱਛਿਆ ਕਿ ਘਰ ਵਿਚ ਕਿੰਨੇ ਜੀਅ ਹਨ ਤਾਂ ਪਤਾ ਚੱਲਿਆ ਕਿ ਚਾਰ। ਪੁੱਛਿਆ ਕਿ ਫਿਰ ਕਿਸ ਲਈ ਉਪਰਲੀ ਮੰਜ਼ਿਲ ਖਾਲੀ ਕਰਵਾ ਰਹੇ ਹੋ। ਜੋ ਲੋਕ ਪੰਝੀ ਸਾਲ ਤੋਂ ਰਹਿ ਰਹੇ ਹਨ ਉਹ ਕਿੱਥੇ ਜਾਣਗੇ? ਕਿਸ ਲਈ ਚਾਹੁੰਦੇ ਹੋ ਕਮਰੇ? ਤਾਂ ਮਿਸ਼ਰਾ ਜੀ ਬੋਲੇ ਵਹੁਟੀ ਲਈ। ...... ਹੁਣ ਜੱਜ ਨੇ ਕਿਹਾ ਕਿ ਕੀ ਬੇਟਾ ਤੇ ਵਹੁਟੀ ਵੱਖਰੇ-ਵੱਖਰੇ ਕਮਰਿਆਂ ਵਿਚ ਸੌਣਗੇ ਤਾਂ ਮਿਸ਼ਰਾ ਜੀ ਚੁੱਪ ਹੋ ਗਏ। ਲੋਕੀਂ ਹੱਸ ਪਏ। ਜੱਜ ਨੇ ਫੈਸਲਾ ਸਾਡੇ ਹੱਕ ਵਿਚ ਸੁਣਾ ਦਿੱਤਾ।

ਸਈਦ ਸਾਹਿਬ ਕੁਝ ਮੁਸਕਰਾ ਕੇ ਚੁੱਪ ਹੋ ਗਏ।

"ਕੀ ਤੁਸੀਂ ਏਥੇ ਹੀ ਰਹੋਗੇ?"

"ਹਾਂ - ਹੋਰ ਕੀ"

"ਤੇ ਕਿਰਾਇਆ?"

"ਤੀਹ ਸਾਲ ਪਹਿਲਾਂ ਸਵਾ ਸੌ ਦਿੰਦੇ ਸੀ, ਉਹ ਤਿੰਨ ਸੌ ਦਿੰਦੇ ਹਾਂ।" ਸਬਾ ਬੇਗਮ ਨੇ ਕਿਹਾ ਤਾਂ ਦੋਵੇਂ ਮੀਆਂ ਬੀਵੀ ਮੁਸਕਰਾ ਪਏ।

ਸ਼ਾਮ ਢਲ ਚੁੱਕੀ ਸੀ। ਇੱਕ ਬੁਲਬੁਲ ਆ ਕੇ ਖਿੜਕੀ ਦੇ ਤਖ਼ਤੇ ਤੇ ਬਹਿ ਕੇ ਚਹਿਚਹਾਉਣ ਲੱਗੀ। ਜਾਲੀ ਲੱਗੀ ਖਿੜਕੀ ਵਿਚੋਂ ਦੀ ਉਸ ਨੂੰ ਅੰਦਰ ਬੈਠੇ ਹੋਏ ਇਨਸਾਨ ਨਜ਼ਰ ਨਹੀਂ ਆ ਰਹੇ ਸੀ। ਉਸੇ ਵੇਲੇ ਦੱਖਣ ਦੀ ਆਜ਼ਾਨ ਹੋਈ ਤਾਂ ਸਈਦ ਸਾਹਿਬ ਉੱਠ ਗਏ।

"ਅੱਛਾ ਭਾਈ, ਜ਼ਰਾ ਨਮਾਜ਼ ਪੜ੍ਹ ਲਈਏ।" ਉਹ ਜਾਂਦੇ ਹੋਏ ਬੋਲੇ, ਸ਼ੀਨਾ ਇੰਝ ਸੀ ਜਿਵੇਂ ਸੋਚਾਂ ਵਿਚ ਡੁੱਬੀ ਹੋਈ ਸੀ। ਰਾਤ ਦੇ ਖਾਣੇ ਦੇ ਵਕਤ ਸ਼ੀਨਾ ਨੇ ਗੱਲ ਛੇੜੀ।

"ਫਿਰ ਨਿਮਰਤਾ ਦਾ ਕੀ ਹੋਇਆ?" ਉਸ ਨੇ ਸਬਾ ਬੇਗਮ ਵੱਲ ਵੇਖਿਆ।

"ਨਿਮਰਤਾ ਉਹਨਾਂ ਹੀ ਦਿਨਾਂ ਵਿਚ ਆਪਣੇ ਮਾਤਾ-ਪਿਤਾ ਦੇ ਘਰ ਚਲੀ ਗਈ ਸੀ।" ਸਈਦ ਸਾਹਿਬ ਨੇ ਕਿਹਾ। ਫਿਰ ਇੱਕ ਦਿਨ ਉਹਨਾਂ ਨੂੰ ਪਤਾ ਲੱਗਾ ਕਿ ਉਸ ਨੇ ਆਬਰਸ਼ਨ ਕਰਵਾ ਲਿਆ ਸੀ। ਕੁਝ ਚਿਰ ਬਾਅਦ ਰੋਹਿਤ ਨੂੰ ਅਮਰੀਕਾ ਤੋਂ ਪੇਸ਼ਕਸ਼ ਆਈ ...... ਅਸਲ ਵਿਚ ਉਹ ਇਸ ਲਈ ਕਾਫ਼ੀ ਦੇਰ ਤੋਂ ਯਤਨ ਕਰ ਰਿਹਾ ਸੀ। ਉਹ ਚਲਾ ਗਿਆ।" ਸਬਾ ਬੇਗਮ ਨੇ ਆਖਿਆ।

"ਤੇ ਇੰਝ ਸਾਰਾ ਘਰ ਖਿੰਡ ਗਿਆ।" ਸ਼ੀਨਾ ਜਿਵੇਂ ਆਪਣੇ ਆਪ ਨਾਲ ਗੱਲ ਕਰਦੀ ਹੋਵੇ।

ਕੁਝ ਦੇਰ ਚੁੱਪ ਛਾਈ ਰਹੀ। ਸ਼ੀਨਾ ਨੇ ਸਿਰ ਚੁੱਕ ਕੇ ਸਈਦ ਸਾਹਿਬ ਨੂੰ ਤੱਕਿਆ।

"ਸਰ, ਤੁਹਾਨੂੰ ਕੀ ਕਦੇ ਦੁੱਖ ਹੁੰਦਾ ਹੈ ਕਿ ਇਹ ਸਭ ਕੀ ਹੋਇਆ?" ਉਹ ਹੌਲੀ-ਹੌਲੀ ਜਿਹੀ ਬੋਲੀ।

"ਹਾਂ ਭਈ ........ ਜੇ ਅਸੀਂ ਇੱਥੇ ਨਾ ਰਹੇ ਹੁੰਦੇ ਤਾਂ ਘੱਟੋ-ਘੱਟ ਆਪਣਾ ਘਰ ਬਣਾਉਣ ਦਾ ਖ਼ਿਆਲ ਤਾਂ ਕਰਦੇ। ਨਗ਼ਮਾ ਆਪਣੇ ਘਰ ਦੀ ਹੋ ਗਈ। ਸੇਵਾ-ਮੁਕਤ ਹੋਣ ਬਾਅਦ ਇਸ ਸ਼ਹਿਰ ਵਿਚ ਕੀ ਕਰਾਂਗੇ? ਵਾਪਸ ਪਿੰਡ ਜਾਵਾਂਗੇ। ਘਰ, ਜ਼ਮੀਨ ਆਦਿ ਸੰਭਾਲਾਂਗੇ" ਸਈਦ ਸਾਹਿਬ ਦੀ ਥਾਂ ਬੇਗਮ ਬੋਲੀ।

"ਤੇ........ ਫਿਰ ਏਥੇ ਕੀ ਪਤਾ ਕੀ ਹੋ ਜਾਵੇ। ਜਦ ਕਬਜ਼ਾ ਹੀ ਨਾ ਰਹੇਗਾ, ਕੱਲ੍ਹ ਨੂੰ ਨਗਮਾ ਦੇ ਬੱਚੇ ਆਉਣਗੇ। ਤਾਂ ........ ਸ਼ਹਿਰ ਵਿਚ ਕੋਈ ਟਿਕਾਣਾ ਤੇ ਹੋਵੇ। ਰੱਬ ਦੀ ਮਿਹਰ ਨਾਲ ਉਹ ਗਰਭਵਤੀ ਹੈ।"

ਸਈਦ ਸਾਹਿਬ ਸਿਰ ਝੁਕਾਈ ਹੌਲੀ-ਹੌਲੀ ਖਾਣਾ ਖਾਂਦੇ ਰਹੇ।

"ਹਾਂ ਸਬਾ ਨੂੰ ਇਸ ਗੱਲ ਦਾ ਬੇਹੱਦ ਗੁੱਸਾ ਹੈ ਕਿ ਮੈਂ ਆਪਣਾ ਘਰ ਨਹੀਂ ਬਣਾਇਆ। ਭਾਈ ਹੁਣ ਥਾਂ ਕਿੱਥੇ ਮਿਲਦੀ ਹੈ ਇਸ ਭੀੜ-ਭਾੜ ਵਿਚ। ਏਥੇ ਦੀ ਆਦਤ ਹੋ ਗਈ ਸੀ ........ ਕੋਈ ਜਗ੍ਹਾ ਜਚੀ ਹੀ ਨਹੀਂ। ਫਿਰ ਉਹਨਾਂ ਨੇ ਫਰਸ਼ ਵੱਲ ਸੱਜੇ ਖੱਬੇ ਵੇਖ ਕੇ ਕਿਹਾ ਫਿਰ ਕੁਝ ਦੇਰ ਚੁੱਪ ਹੋ ਗਏ। ਜੱਗ ਵਿਚੋਂ ਪਾਣੀ ਗਲਾਸ ਵਿਚ ਪਾਇਆ।

"ਕਦੇ ਤੁਹਾਨੂੰ ਅਜਿਹਾ ਲੱਗਦਾ ਹੈ ਕਿ ਇਹ ਸਭ ਗਲਤ ਹੋਇਆ। ਅਜਿਹਾ ਹੋਣਾ ਨਹੀਂ ਚਾਹੀਦਾ ਸੀ।" ਸ਼ੀਨਾ ਨੇ ਹੌਲੀ ਜਿਹੀ ਪੁੱਛਿਆ। ਉਸ ਯਕੀਨ ਸੀ ਕਿ ਸਾਰੀ ਯੂਨੀਵਰਸਿਟੀ ਦੇ ਦੁੱਖ-ਦਰਦ ਵਿਚੋਂ ਆਪਣਾ ਹਿੱਸਾ ਮੰਗਣ ਵਾਲੇ ਸਈਦ ਸਾਹਿਬ ਇਸ ਗੱਲ ਉੱਤੇ ਰੰਜੀਦਾ ਤਾਂ ਜ਼ਰੂਰ ਹੋਣਗੇ ਕਿ ਉਹ ਵਰ੍ਹਿਆਂ ਤੀਕ ਕਿਸੇ ਦੂਸਰੇ ਦੇ ਘਰ ਦੇ ਖਾਹ-ਮਖਾਹ ਮਾਲਕ ਬਣੇ ਰਹੇ। ਅਤੇ ਹਾਲਾਤ ਅਜਿਹੇ ਹੋ ਗਏ।

"ਹਾਂ ........ ਕੱਲ੍ਹ ਨੂੰ ਨਗ਼ਮਾ ਦੇ ਬੱਚੇ ਜੇ ਨਾਨਾ-ਨਾਨੀ ਦੇ ਨਾਲ ਕਦੇ ਸ਼ਹਿਰ ਵਿਚ ਰਹਿਣਾ ਚਾਹੁਣਗੇ ਤਾਂ ਕੀ ਕਰਾਂਗਾ। ਇਸ ਮਕਾਨ ਨੇ ਮੈਨੂੰ ਭਵਿੱਖ ਦੇ ਬਾਰੇ ਸੋਚਣ ਹੀ ਨਹੀਂ ਦਿੱਤਾ।"

ਉਹ ਹੌਲੀ ਜਿਹੇ ਕੁਝ ਕਹਿੰਦੇ-ਕਹਿੰਦੇ ਰੁਕ ਗਏ ਹੋਣ। ਸ਼ੀਨਾ ਸਮਝ ਗਈ ਕਿ ਵਾਕਈ ਉਹਨਾਂ ਨੂੰ ਇਸ ਹਾਲਾਤ ਵਿਚ ਪਛਤਾਵਾ ਹੈ। ਜੇ ਉਹ ਜਾਣ ਬੁਝ ਕੇ ਉਸ ਨੂੰ ਸਵਾਲ ਕਰੂਗੀ ਤਾਂ ਪੱਕੀ ਗੱਲ ਹੈ ਕਿ ਉਹੀ ਗੱਲ ਉਹਨਾਂ ਦੀ ਜ਼ੁਬਾਨ ਉੱਤੇ ਆਵੇਗੀ ਜੋ ਸ਼ੀਨਾ ਉਹਨਾਂ ਕੋਲੋਂ ਸੁਣਨਾ ਚਾਹੁੰਦੀ ਸੀ। ਉਸ ਨੇ ਪਹਿਲਾਂ ਸਬਾ ਬੇਗਮ ਤੇ ਫਿਰ ਸਈਦ ਸਾਹਿਬ ਵੱਲ ਵੇਖਿਆ ਕਿ ਕਾਨੂੰਨ ਇੱਕ ਪਾਸੇ, ਪਰ ਖ਼ੁਦ ਉਹਨਾਂ ਦਾ ਜ਼ਮੀਰ ਤਾਂ ਕੁਝ ਹੋਰ ਕਹਿੰਦਾ ਹੋਵੇਗਾ।

"ਸਰ, ਜੇ ਤੁਸੀਂ ਉਸ ਵੇਲੇ ਇਹ ਘਰ ਛੱਡ ਦਿੰਦੇ, ਤਾਂ ਕੁਝ ਦੇਰ ਵੱਖਰੇ ਕਮਰੇ ਵਿਚ ਬਹਿਸ ਤੇ ਝਗੜੇ ਤੋਂ ਦੂਰ ਰਹਿ ਕੇ ਸ਼ਾਇਦ ਨਿਮਰਤਾ ਦਾ ਦਿਮਾਗੀ ਤਣਾਓ ਘਟ ਜਾਂਦਾ।" ਉਸਨੇ ਸਬਾ ਬੇਗਮ ਵੱਲ ਵੇਖਿਆ।

"ਹੋ ਸਕਦਾ ਹੈ ਉਹ ਪੇਕੇ ਨਾ ਜਾਂਦੀ ........ ਆਪਣੇ ਬੱਚੇ ਨੂੰ ਜਨਮ ਦੇਣ ਤੋਂ ਪਹਿਲਾਂ ........ ਅਤੇ ਫਿਰ ਦੋਵੇਂ ਮੀਆਂ-ਬੀਵੀ ਆਖਰਕਾਰ ਨਾ ਵਿਛੜਦੇ........ ਜਾਂ ਫਿਰ ........ ਜਾਂ ਫਿਰ ਰੋਹਿਤ ਹੀ ਅਮਰੀਕਾ ਨਾ ਜਾਂਦਾ ........ ਤੇ ਅੰਕਲ, ਆਂਟੀ ਇੰਝ ਇਕੱਲੇ ਕਾਹੇ।" ਸ਼ੀਨਾ ਆਖਰੀ ਵਾਕ ਕਹਿੰਦੀ ਹੋਈ ਉਦਾਸ ਵਿਖਾਈ ਦੇਣ ਲੱਗੀ। ਸਈਦ ਸਾਹਿਬ ਨੇ ਹੌਲੀ ਜਿਹੀ ਬੁਰਕੀ ਤੋੜੀ ਤੇ ਉਸ ਨੂੰ ਸਬਜ਼ੀ ਦੀ ਕੌਲੀ ਦੇ ਕੰਢੇ ਨਾਲ ਟਿਕਾ ਕੇ ਪਤਾ ਨਹੀਂ ਕਿਧਰ ਵੇਖਣ ਲੱਗ ਪਏ।

"ਹਾਂ ਪਤਾ ਨਹੀਂ, ਪਰ ਅਕਸਰ ਮੇਰੀ ਜ਼ਮੀਰ ਇਸ ਗੱਲ ਲਈ ਮੈਨੂੰ ਕੋਸਦੀ ਹੈ ਕਿ ਮੈਂ ਆਪਣੀ ਬੇਟੀ ਜਾਂ ਉਸਦੇ ਹੋਣ ਵਾਲੇ ਬੱਚਿਆਂ ਲਈ ਇਕ ਘਰ ਤੱਕ ਨਾ ਬਣਵਾ ਸਕਿਆ।" ਉਹ ਉਦਾਸ ਹੋ ਕੇ ਰੁਕ-ਰੁਕ ਕੇ ਬੋਲੇ ਅਤੇ ਸ਼ੀਨਾ ਹੈਰਾਨ ਹੋਈ ਉਹਨਾਂ ਨੂੰ ਵੇਖਦੀ ਰਹੀ। • (ਪੰਜਾਬੀ ਰੂਪ ਹ. ਸ. ਹ.)



ਵਾਘਿਓਂ ਪਾਰ

# ਯਾਦਾਂ ਦੇ ਪਰਛਾਵੇਂ

## ਸਾਈਂ ਅਖ਼ਤਰ ਲਾਹੌਰੀ

ਮੈਂ ਨਿੱਕੇ ਹੁੰਦਿਆਂ ਤੋਂ ਈ ਭਾਵੇਂ ਇਕ ਘੁੱਟਿਆ ਘੁੱਟਿਆ ਜਿਹਾ ਬੱਚਾ ਸਾਂ, ਪਰ ਥੋੜ੍ਹਾ ਜਿਹਾ ਸ਼ਰਾਰਤੀ ਤੇ ਗਵੇੜੀ ਵੀ ਸਾਂ। ਨਿੱਕੀ ਉਮਰੇ ਈ ਮਾਂ ਮਰ ਗਈ ਤੇ ਇਕਲਾਪੇ ਪਾਰੋਂ ਮੇਰਾ ਧਿਆਨ ਬਹੁਤਾ ਬਾਗਾਂ ਦੇ ਮੁਸ਼ਾਇਰਿਆਂ ਵੱਲ ਈ ਰਿਹਾ। ਮੈਂ ਹਰ ਛੁੱਟੀ ਵਾਲੇ ਦਿਨ ਲਾਹੌਰੀ ਕਿਲ੍ਹੇ ਦੇ ਦੱਖਣ ਪਾਸੇ ਲੈਲਾ ਪਾਰਕ (ਅਲੀ ਪਾਰਕ) ਵਿਚ ਮੁਸ਼ਾਇਰੇ ਸੁਣਨ ਜਾਂਦਾ ਤੇ ਚੁੱਪਚਾਪ ਗੁੰਮਸੁੰਮ ਹੋ ਕੇ ਉਸ ਵੇਲੇ ਦੇ ਵੱਡੇ ਕਵੀਆਂ ਦੇ ਸ਼ਿਅਰ ਸੁਣਦਾ ਰਹਿੰਦਾ। ਇਹਨਾਂ ਵਿਚੋਂ ਉਸਤਾਦ ਇਮਾਮਉਦੀਨ ਅੰਮ੍ਰਿਤਸਰੀ, ਉਸਤਾਦ ਅੱਲਾ ਦਿੱਤਾ, ਸਾਬਰ, ਉਸਤਾਦ ਅੱਲਾ ਲੋਕ, ਉਸਤਾਦ ਕਰਮ, ਉਸਤਾਦ ਕਾਮਲ, ਉਸਤਾਦ ਮਿਹਰਾਜਦੀਨ ਅਖ਼ਤਰ, ਉਸਤਾਦ ਮਹਿਬੂਬ, ਉਸਤਾਦ ਬਖ਼ਤ, ਉਸਤਾਦ ਨਾਜ਼ਰ, ਉਸਤਾਦ ਜ਼ਿਆ ਅੱਲਾ ਖਾਨ, ਸਾਗਰ ਬੱਟ, ਉਸਤਾਦ ਅਮੀਨ ਮਹਿਸਨ, ਉਮਰ ਦੀਨ ਫਤੂਰ ਤੇ ਉਸਤਾਦ ਡਾਲਟਾ ਮਾਲਟਾ ਦੇ ਨਾਂ ਯਾਦ ਹਨ। ਉਸਤਾਦ ਡਾਲਟਾ ਮਾਲਟਾ, ਤੁਕਬੰਦ ਤੇ ਮਖੌਲੀਆ ਸ਼ਾਇਰ ਸੀ ਤੇ ਉਹ ਲੁੱਟ ਦੇ ਨਿਜ਼ਾਮ ਉੱਤੇ ਬੜੀਆਂ ਸੁਹਣੀਆਂ ਚੋਟਾਂ ਕਰਦਾ ਸੀ। ਇਹਨਾਂ ਸ਼ਾਇਰਾਂ ਦੇ ਸ਼ਿਅਰ ਸੁਣ ਕੇ ਸੋਚਦਾ ਰਹਿੰਦਾ ਸੀ, ਬਈ ਇਹ ਕਿਵੇਂ ਸ਼ਿਅਰ ਬਣਾ ਲੈਂਦੇ ਨੇ ਤੇ ਮੇਰੇ ਅੰਦਰ ਸੱਧਰ ਜਾਗਦੀ ਤੇ ਸ਼ਿਅਰ ਆਖਣ ਦਾ ਚਾਅ ਚੜ੍ਹਦਾ। ਮੈਂ ਟੁੱਟੇ ਭੱਜੇ ਜੋੜ ਮੇਲ ਵੀ ਕਰਦਾ, ਪਰ ਆਪਣੇ ਆਪ ਨੂੰ ਇਹਨਾਂ ਤੁਕ-ਬੰਦੀਆਂ ਦਾ ਸਵਾਦ ਨਾ ਆਉਂਦਾ ਤੇ ਆਪੇ ਈ ਇਹਨਾਂ ਤੁਕਾਂ ਦੀ ਸੰਘੀ ਘੁੱਟ ਦਿੰਦਾ। ਇਕਲਾਪੇ ਤੇ ਘੁਟਾਪੇ ਨੇ ਸੰਗ ਬਨਾਣ ਤੇ ਤੁੱਕਾਂ ਸੁਨਾਣ ਦਾ ਹੌਸਲਾ ਨਾ ਦਿੱਤਾ। ਸ਼ਾਇਰੀ ਦੀ ਚੱਸ ਮੇਰੇ ਵਿਚ ਸੀ, ਇਸ ਲਈ ਜਦੋਂ ਏਥੇ ਮੁਸ਼ਾਇਰਿਆਂ ਦਾ ਖਾਤਮਾ ਹੋ ਗਿਆ, ਉਦੋਂ ਮੈਂ ਤੇ ਮਾਸਟਰ ਮਹਿਰਾਜ ਦੀਨ ਮੋਚੀ ਦਰਵਾਜ਼ੇ ਦੇ ਬਾਹਰ ਚੈਂਬਰਜ ਲੇਨ ਦੀ ਇਕ ਗਲੀ ਵਿਚ ਸਾਈਂ ਨਵਾਬ ਦੇ ਆਰੇ 'ਤੇ ਚਲੇ ਜਾਂਦੇ, ਜਿੱਥੇ ਹੀਰ ਖਵਾਨੀ ਤੇ ਅਹਿਸਾਨ ਅਲਕਸਸੇ ਪੜ੍ਹੀ ਜਾਂਦੀ ਸੀ ਤੇ ਅਸੀਂ ਸ਼ਿਅਰ ਸੁਣਨ ਦਾ ਚੱਸ ਪੂਰਾ ਕਰਦੇ ਰਹਿੰਦੇ। ਹੌਲ਼ੀ-ਹੌਲ਼ੀ ਜਿਵੇਂ ਜਿਵੇਂ ਉਮਰ ਅੱਗੇ ਵਧਦੀ, ਇਹ ਇਕਲਾਪੇ ਤੇ ਘੁਟਾਪੇ ਦਾ ਰੰਗ ਘਟਦਾ ਗਿਆ ਤੇ ਮੈਂ ਸ਼ਹਿਰ ਦੀ ਤੇ ਪਿੰਡ ਦੀ ਵਸੋਂ, ਰੀਤਾਂ-ਰਿਵਾਜਾਂ, ਮੇਲੇ ਠੇਲੇ, ਨਿੱਕੇ ਵੱਡਿਆਂ ਨਾਲ ਮੇਲ ਜੋਲ ਤੇ ਇਲਮੀ ਅਦਬ (ਵਿਦਿਅਕ ਤੇ ਸਾਹਿਤਕ) ਮਜਲਸਾਂ ਵੱਲ ਵਧਦਾ ਗਿਆ ਅਤੇ ਗਹੁ ਕਰਦਾ ਰਿਹਾ। ਇਲਮ ਅਦਬ ਵੱਲ ਧਿਆਨ ਤੇ ਰਾਹ ਕਰਮ ਦੀ ਆਦਤ ਵੀ ਅਸਲ ਪੁੱਠ ਮੈਨੂੰ ਉਦੋਂ ਚੜ੍ਹਨੀ ਸ਼ੁਰੂ ਹੋਈ, ਜਦੋਂ ਮੈਂ ਉਸਤਾਦ ਦਾਮਨ ਦੇ ਲੜ ਲੱਗਾ।

ਉਸਤਾਦ ਹੋਰੀਂ ਮੈਨੂੰ ਫੱਟੀ ਪੋਚ ਦਿੰਦੇ, ਨਾਲੇ ਪੂਰਨੇ ਪਾ ਦਿੰਦੇ। ਮੈਂ ਬੈਠਾ ਲਿਖਦਾ ਰਹਿੰਦਾ। ਪੜ੍ਹਨ ਦੇ ਨਾਲ਼-ਨਾਲ਼ ਏਥੇ ਇਕ ਤੇ ਮੇਰਾ ਸ਼ਿਅਰੀ ਸ਼ੌਕ ਪੂਰਾ ਹੁੰਦਾ ਰਿਹਾ। ਦੂਜਾ ਫਲਸਫੇ ਤੇ ਸਿਆਸਤ ਦੀ ਪੁੱਠ ਚੜ੍ਹਦੀ ਗਈ। ਉਸਤਾਦ ਹੁਰਾਂ ਕੋਲ ਵੱਡੇ-ਵੱਡੇ ਬੰਦੇ ਆਉਂਦੇ, ਜਿਨ੍ਹਾਂ ਦੇ ਨਾਵਾਂ ਤੋਂ ਮੈਂ ਵੱਡਾ ਹੋ ਕੇ ਜਾਣੂ ਹੋਇਆ।

1949-50 ਵਿਚ ਉਸਤਾਦ ਸ਼ਾਹੀ ਮਸੀਤ ਦੇ ਪਰਬਤ ਵਾਲੇ ਵਰਾਂਡੇ ਵਿਚੋਂ ਉਠ ਕੇ ਪੁਰਾਣੀ ਸ਼ਾਹੀ ਮਸਜਿਦ ਟਕਸਾਲੀ ਗੇਟ ਲਾਹੌਰ ਦੇ ਥੱਲੜੇ ਹੁਜਰੇ ਵਿਚ ਆ ਗਏ ਤੇ ਮੈਂ ਵੀ ਉਸਤਾਦ ਹੋਰਾਂ ਦੇ ਨਾਲ ਹੀ ਆਇਆ।

ਏਸ ਹੁਜਰੇ ਵਿਚ ਸ਼ਹਿਨਸ਼ਾਹ ਅਕਬਰ ਦੇ ਦੌਰ ਵਿਚ ਪੰਜਾਬੀ ਸ਼ਾਇਰੀ ਦੇ ਦੂਜੇ ਤੇ ਕਾਫੀ ਅੰਗ ਦੇ ਪਹਿਲੇ ਸੂਫੀ ਸ਼ਾਇਰ ਹੁਸੈਨ (ਮਾਧੋ ਲਾਲ ਹੁਸੈਨ) ਰਹਿੰਦੇ ਰਹੇ ਨੇ। ਹੁਣ ਸ਼ਾਹ ਹੁਸੈਨ ਦਾ ਵਾਰਸ ਦਾਮਨ ਏਸ ਹੁਜਰੇ ਵਿਚ ਆਇਆ ਤੇ ਇਕ ਵਾਰੀ ਫੇਰ ਰੌਣਕਾਂ ਲੱਗ ਗਈਆਂ। ਸ਼ਾਇਰ ਅਦੀਬ, ਆਲਮ ਫਾਜ਼ਿਲ, ਵਕੀਲ, ਸਿਆਸਤਦਾਨ, ਡਾਕਟਰ, ਇੰਜੀਨੀਅਰ ਤੇ ਹੋਰ ਬਹੁਤ ਸਾਰੇ ਮਹਿਕਮਿਆਂ ਦੇ ਵੱਡੇ-ਛੋਟੇ ਬੰਦੇ

ਆਉਂਦੇ ਜਾਂਦੇ ਰਹੇ।

ਜੈੱਡ ਏ. ਬਖ਼ਾਰੀ, ਸਾਈਂ ਹੱਯਾਤ ਪਸਰੂਰੀ, ਫ਼ੈਜ਼ ਅਹਿਮਦ ਫੈਜ਼, ਗਾਗਰੇ ਸਦੀਕੀ, ਹਬੀਬ ਜਾਲਿਬ, ਅਬਦੁੱਲ ਹਮੀਦ ਅਦਮ, ਸੂਫੀ ਗੁਲਾਮ ਮੁਸਤਫਾ ਤਬੱਸਮ, ਡਾ. ਨਜ਼ੀਰ ਅਹਿਮਦ, ਹੁਸੈਨ ਸ਼ਹੀਦ ਬਹਿਰਾਵਰਦੀ (ਸਾਬਕਾ ਵਜ਼ੀਰੇ ਆਜ਼ਮ ਪਾਕਿਸਤਾਨ ਸੱਯਦ ਅਤੇ ਅੱਲਾ ਸ਼ਾਹ ਬਖ਼ਾਰੀ) ਰਿਆਜ਼ ਸਾਹਿਦ, ਸੋਰਸ਼ ਕਾਸ਼ਮੀਰੀ, ਮਸੂਦ ਖੱਦਰ ਪੋਸ਼, ਮਿਰਜ਼ਾ ਇਬਰਾਹੀਮ, ਚੌਧਰੀ ਜ਼ਰੂਰ ਇਲਾਹੀ, ਚੌਧਰੀ ਸੁਜਾਹਤ ਹੁਸੈਨ, ਰਫੀਕ ਅਹਿਮਦ ਬਾਜਵਾ ਐਡਵੋਕੇਟ, ਹਕੀਮ ਅੱਬਦੁਲ ਰਹਿਮਾਨ, ਮਹਾਰਾਜ ਗੁਲਾਮ ਹੁਸੈਨ ਕੱਥਕ, ਅਲਾਉਦੀਨ ਮੁਹੰਮਦ ਅਲੀ, ਯੂਸਫ਼ ਖਾਂ, ਮਾਸਟਰ ਸ਼ਰੀਫ਼, ਹਾਫ਼ਿਜ਼ ਅਬਦੁੱਲ ਸਮੱਦ, ਮਲਕ ਮੁਹੰਮਦ ਯੂਨਸ, ਸ਼ਹਿਬਾਨ ਰਾਜਾ ਉਰਫ਼ ਰਾਜਨ, ਮੁਸ਼ਤਾਕ ਰਾਜ, ਗੁਲਾਮ ਹਸਨ ਸ਼ਾਹੀਨ, ਆਰਟਿਸਟ ਐਮ ਅਫ਼ਜ਼ਲ, ਅਹਿਸਾਨ ਬਾਜਵਾ ਤੇ ਹੋਰ ਬਹੁਤ ਸਾਰੇ ਵੱਡੇ ਛੋਟੇ ਏਸ ਹੁਜਰੇ ਵਿਚ ਆਏ ਤੇ ਮੈਂ ਇਲਮ ਤੇ ਦਾਨਸ਼ (ਅਕਲ) ਦੀਆਂ ਮਹਿਫਲਾਂ ਵਿਚੋਂ ਮੋਤੀ ਝੋਲੀ ਪਾਉਂਦਾ ਰਿਹਾ।

1957 ਈ, ਵਿਚ ਸਿਟੀ ਮੁਸਲਿਮ ਹਾਈ ਸਕੂਲ ਸੱਯਦ ਮਿੱਠਾ ਬਾਜ਼ਾਰ ਲਾਹੌਰ ਤੋਂ ਮੈਟ੍ਰਿਕ ਕੀਤੀ। 1961 ਈ, (P.T.C.) ਦੇ ਮਹਿਕਮੇ ਵਿਚ ਭਰਤੀ ਹੋ ਗਿਆ। ਰੁਜ਼ਗਾਰ ਦੇ ਗ਼ਮ ਕੋਲੋਂ ਥੋੜ੍ਹੀ ਜਿਹੀ ਵਿਹਲ ਮਿਲੀ ਤਾਂ ਮੈਂ ਉਸਤਾਦ ਦੇ ਹੁਜਰੇ ਦੇ ਨਾਲ਼-ਨਾਲ਼ ਲਾਹੌਰ ਸ਼ਹਿਰ ਦੇ ਤਰੱਕੀ ਪਸੰਦ ਇਲਮੀ ਤੇ ਅਦਬੀ ਹਲਕਿਆਂ ਵਿਚ ਵੀ ਜਾਣ ਲੱਗ ਪਿਆ। ਵਹੀਦ ਕਾਸਮੀ, ਯੂਨਿਸ ਅਦੀਬ, ਹਕੀਮ ਮੁਹੰਮਦ, ਯੂਸਫ਼ ਜੰਜੂਆ, ਅਬਦੁਲ ਇਸਲਾਮ ਬੱਟ ਸਹਾਫੀ, ਹੀਰਾ ਪਹਿਲਵਾਨ ਤੇ ਖਵਾਜਾ ਇਫਤਖਾਰ ਜੀ ਵਰਗੇ ਸਿਆਸਤਦਾਨ ਤੇ ਸਮਾਜ ਦਾ ਇਲਮ ਤੇ ਸੂਝ ਰੱਖਣ ਵਾਲੇ ਦਾਨਸ਼ਮੰਦ ਸਿਆਣਿਆਂ ਦੀ ਸੰਗਤ ਵਿਚ ਰਹਿ ਕੇ ਬੜਾ ਕੁਝ ਸਿੱਖਿਆ। ਇਹ ਰੌਸ਼ਨ ਖਿਆਲੀ ਤੇ ਲੁੱਟ ਦੇ ਨਿਜ਼ਾਮ ਬਾਰੇ ਨਿੱਘੀਆਂ-ਨਿੱਘੀਆਂ ਗੱਲਾਂ ਕਰਦੇ ਸੁਣ, ਜਿਹਨਾਂ ਦੀ ਬੇਵਥੀ ਜ਼ਮੀਨ ਕਰਾਹ ਕੇ, ਵਾਹ ਕੇ ਤੇ ਸੁਹਾਗਾ ਮਾਰ ਕੇ ਤਿਆਰ ਕਰਨ ਤੋਂ ਬਾਅਦ ਲੁੱਟਮਾਰ ਤੋਂ ਆਜ਼ਾਦ, ਨਵੇਂ ਵਸੇਬੇ (ਸਭਿਆਚਾਰ) ਬੀ ਬੋਂਦੇ ਸਨ। ਇਹ ਆਪਣੇ ਵਸੇਬੇ ਤੇ ਜਗਤ-ਵਸੇਬ ਦੇ ਡਾਢੇ ਜਾਣੂ ਸਨ ਤੇ ਸਾਡੇ ਵਰਗੇ ਬੇਖ਼ਬਰਾਂ ਨੂੰ ਜੱਗ ਦੀਆਂ ਖ਼ਬਰਾਂ ਦੇ ਕੇ ਖਬਰਦਾਰ ਕਰਦੇ ਸਨ।

ਹੁਣ ਮੇਰਾ ਝਾਕਾ ਲਹਿਣਾ ਸ਼ੁਰੂ ਹੋ ਗਿਆ ਸੀ ਤੇ ਮੈਂ ਮੁਲਾਜ਼ਮਤ ਤੋਂ ਇਕ ਸਾਲ ਮਗਰੋਂ 1962 ਵਿਚ ਹੌਲ਼ੀ-ਹੌਲ਼ੀ, ਪੋਲੇ ਪੈਰੀਂ ਟਰੇਡ ਯੂਨੀਅਨ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਮੇਰਾ ਹੋਰ ਵੀ ਝਾਕਾ ਲੱਥਾ ਤੇ ਮੈਂ ਮਿਹਨਤਕਸ਼ ਕਲਰਕਾਂ ਉੱਤੇ ਨਜ਼ਮਾਂ ਲਿਖੀਆਂ ਤੇ ਪੜ੍ਹੀਆਂ। ਦਾਦ ਮਿਲੀ। ਉਸਤਾਦ ਦਾਮਨ ਨੇ ਨਜ਼ਮਾਂ ਸੁਣ ਕੇ ਥਾਪੜਾ ਦਿੱਤਾ। ਉਸਤਾਦ ਜੀ ਤੇ ਦੂਜੇ ਲੋਕਾਂ ਦੀ ਹੱਲਾਸ਼ੇਰੀ ਨਾਲ ਮੇਰਾ ਹੌਸਲਾ ਵਧਿਆ ਤੇ ਡਰ ਖ਼ੌਫ ਝਾਕਾ ਕੁਝ ਵੀ ਨਾ ਰਿਹਾ ਤੇ ਇੰਝ ਮੇਰੇ ਅੰਦਰ ਦਾ ਸ਼ਾਇਰ ਬਾਹਰ ਆ ਕੇ ਪਿੜ ਵਿਚ ਆ ਖਲੋਤਾ। ਏਸ ਸਮੇਂ ਵੀ ਮੇਰੀ ਸ਼ਾਇਰੀ ਉਰਦੂ ਤੇ ਪੰਜਾਬੀ ਦੋਵਾਂ ਜ਼ੁਬਾਨਾਂ ਵਿਚ ਸੀ। ਬੜੀਆਂ ਸੁਹਣੀਆਂ ਨਜ਼ਮਾਂ ਸਨ, ਪਰ ਗ਼ਫ਼ਲਤ ਪਾਰੋਂ ਛਪ ਨਾ ਸਕੀਆਂ ਤੇ ਇਹ ਨਾ ਹੀ ਸੰਭਾਲੀਆਂ ਗਈਆਂ।

ਟਰੇਡ ਯੂਨੀਅਨ ਵਿਚ ਰਿਆਜ਼ ਲੋਨ, ਡਾ. ਰਸ਼ੀਦ ਅਕਬਰ, ਖਵਾਜਾ ਉਮਰ ਹਯਾਤ, ਖਾਲਦ ਯਾਮੀਨ ਸਫਦਰ, ਕਾਜ਼ੀ ਜ਼ਫ਼ਰ, ਮਸਊਦ ਏ. ਮਲਕ ਐਡਵੋਕੇਟ, ਇਕਬਾਲ ਬੱਟ ਤੇ ਹੋਰ ਦੂਜੇ ਸਾਥੀ ਮੇਰੀ ਮਦਦ ਕਰਦੇ ਰਹੇ।

ਟੀਚਰਾਂ ਵਿਚ ਮਾਸਟਰ ਮਹਿਰਾਜਦੀਨ ਖੋਖਰ, ਮਾਸਟਰ ਅਖਲਾਕ ਜੀ, ਆਪਣੇ ਦਫਤਰ ਵਿਚੋਂ ਮੁਹੰਮਦ ਅਨਵਰ ਜੀ, ਕਰਨਲ ਅਮੀਨ, ਪ੍ਰੋ. ਅਖ਼ਤਰ ਲਾਜ਼ਮੀ ਤੇ ਰਾਜਾ ਜ਼ਹੂਰ, ਖਲੀਲ ਖਾਨ ਭਾਵੇਂ ਮੇਰੇ ਫਲਸਫ਼ੇ ਦੇ ਹਿਮਾਇਤੀ ਨਹੀਂ ਸਨ, ਪਰ ਦੋਸਤਾਨਾ ਨਿਭਾਉਂਦਾ ਰਹੇ। ਮੈਂ ਹਮੇਸ਼ਾ ਹੀ ਸਾਥੀਆਂ ਦੇ ਸਾਥ ਨਾਲ ਤੇ ਉਹਨਾਂ ਦੀਆਂ ਮੁਹੱਬਤਾਂ ਤੇ ਰੱਬ ਦੇ ਕਰਮ ਨਾਲ ਤਗੜਾ ਰਿਹਾ ਆਂ ਤੇ ਅੱਜ ਤੀਕਰ ਤਗੜਾ ਤੇ ਜ਼ਿੰਦਾ ਹਾਂ।

ਦੋ ਵਾਰੀ ਜੇਲ੍ਹ ਗਿਆ। ਨੌਕਰੀ ਵਿਚ ਤਰੱਕੀ ਤਨਜ਼ਲੀ ਹੋਈ। ਸਜ਼ਾਵਾਂ ਭੋਗੀਆਂ। ਪਰ ਰੱਬ ਸੋਹਣੇ



ਨੇ ਆਪਣੇ ਕਰਮ ਨਾਲ ਮੇਰਿਆਂ ਯਾਰਾਂ ਕੋਲੋਂ ਮੈਨੂੰ ਹਮੇਸ਼ਾ ਨਫ਼ੇ ਵਿਚ ਰੱਖਿਆ ਏ।

ਅਨਵਰ ਜੀ ਨੇ ਖਾਸ ਕਰ ਮੇਰੀ ਬੜੀ ਮਦਦ ਕੀਤੀ ਤੇ ਨਾਲੇ ਰਾਜਾ ਜੀ ਤੇ ਕਰਨਲ ਅਮੀਨ ਜੀ ਨੇ। ਦਫਤਰ ਵਿਚ ਦੂਜੇ ਸੀਨੀਅਰ ਯਾਰ ਖੁੱਲ੍ਹੇ ਡੁੱਲ੍ਹੇ ਤੇ ਆਜ਼ਾਦ ਖਿਆਲ ਸਨ। ਜਿਨ੍ਹਾਂ ਨਾਲ ਮੇਰਾ ਉੱਠਣ-ਬੈਠਣ ਸੀ। ਉਹਨਾਂ ਵਿਚੋਂ ਸਜਾਨ ਜੀ, ਅਲਮਦਾਰ ਹੁਸੈਨ ਨਕਵੀ, ਖਵਾਜਾ ਮਨਜ਼ੂਰ ਮਰਹੂਮ, ਨਵਾਬ ਇਬਰਾਹੀਮ ਮਰਹੂਮ, ਰਾਜਾ ਇਨਾਇਤ ਤੇ ਮੁਹੰਮਦ ਮਨੀਰ ਜੀ ਸਨ। ਜਿਨ੍ਹਾਂ ਕੋਲੋਂ ਮੈਨੂੰ ਬਰਦਾਸ਼ਤ ਦੀ ਤਾਕਤ ਤੇ ਮੋਹਤਦਿੱਲ (ਸਾਵੀਂ) ਸੋਚ ਮਿਲੀ। ਜਿਨ੍ਹਾਂ ਮੈਨੂੰ ਟਰੇਡ ਯੂਨੀਅਨ ਦੀਆਂ ਸਰਗਰਮੀਆਂ ਵਿਚ ਵਰਤ ਕੇ ਸਿਹਤਮੰਦ ਟਰੇਡ ਯੂਨੀਅਨ ਬਣਾਈ।

ਮੈਂ ਹਮੇਸ਼ਾ ਖੱਬੇ ਪਾਸੇ ਦੀ ਸੋਚ ਨੂੰ ਪਸੰਦ ਕੀਤਾ ਏ ਤੇ ਤਰੱਕੀ ਪਸੰਦ ਖ਼ਿਆਲਾਂ ਦੇ ਵਾਧੇ ਲਈ ਕੰਮ ਕੀਤਾ ਏ। ਏਸ ਪਿੜ ਵਿਚ ਮਿਰਜ਼ਾ ਇਬਰਾਹੀਮ, ਸਰਦਾਰ ਸ਼ੌਕਤ ਅਲੀ, ਸੀ. ਆਰ. ਅਸਲਮ ਤੇ ਮੰਟੋ ਜੀ ਵਰਗੇ ਤਰੱਕੀ ਪਸੰਦਾਂ ਦੇ ਨੇੜੇ ਹੋਣ ਦੀ ਵਡਿਆਈ ਮਿਲੀ।

ਦਫਤਰੋਂ, ਵਿਹਲੇ ਹੋ ਕੇ ਅਸੀਂ ਡਾ. ਇਫਤਖਾਰ ਅਹਿਮਦ ਖਾਨ ਉਰਫ਼ ਡੈਡੀ ਜੀ ਮਰਹੂਮ ਦੇ ਡੇਰੇ 'ਤੇ ਬੈਠ ਜਾਂਦੇ ਜਿੱਥੇ ਡੈਡੀ ਜੀ ਦੇ ਨਾਲ ਇਬਰਾਹੀਮ ਗੁੱਜਰ ਦਾਨਸ਼ਵਰ, ਆਫਤਾਬ ਜ਼ਿਆ ਕੁਰੈਸ਼ੀ, ਸ਼ੇਖ ਖਲੀਲ, ਸ਼ੇਰਦੀਨ, ਜ਼ਿਆ ਅਲਫਕਾਰ ਸੇਵਕ, ਤਾਇਆ ਰਫੀਕ ਨਈਮ ਬੱਟ, ਚਾਚਾ ਅਲਾਉਦੀਨ, ਕਮਰ ਯੋਰਸ਼, ਮੁਖਤਾਰ ਅਹਿਮਦ ਖਲੀਲ ਮੁਜੰਗਵਾਲਾ, ਮਾਸਟਰ ਮਹਿਰਾਜ ਦੀਨ ਖੋਖਰ, ਸਲਾਹਉਲਦੀਨ ਬੱਟ, ਮੁਹੰਮਦ ਨਸੀਰ ਉਰਫ਼ ਨਸੀਰ ਅਤੇ ਹੋਰ ਬਹੁਤ ਸਾਰੇ ਸੱਜਣਾਂ ਬੇਲੀਆਂ ਦਾ ਸਾਥ ਰਹਿੰਦਾ। ਡੈਡੀ ਦੇ ਡੇਰੇ ਪੜ੍ਹੀ ਲਿਖੀ, ਤਰੱਕੀ ਪਸੰਦ ਸੋਚ ਰੱਖਣ ਵਾਲੀਆਂ, ਬੀਬੀਆਂ ਵੀ ਆਉਂਦੀਆਂ ਸਨ। ਜਿਨ੍ਹਾਂ ਵਿਚ ਉਘੜਵਾਂ ਨਾਂ ਮੁਹਤਰਮਾ ਅਫ਼ਜ਼ਲ ਤੌਸੀਫ਼ ਜੀ ਦਾ ਏ। ਡੈਡੀ ਜੀ ਆਪ ਬੜੇ ਵਜ਼ਾਦਾਰ ਡੇਰੇਦਾਰ ਸਨ। ਹਰ ਵੇਲੇ ਮਲੰਗਾਂ ਤੇ ਦਰਵੇਸ਼ਾਂ (ਡੇਰੇ 'ਤੇ ਆਉਣ ਵਾਲੇ) ਲਈ ਲੰਗਰ ਚੱਲਦਾ ਰਹਿੰਦਾ। ਕਾਗਜ਼ ਚੁਣਨ ਵਾਲੇ ਬੱਚਿਆਂ ਤੇ ਗਰੀਬ ਮਸਕੀਨ ਵੀ ਏਥੇ ਆਪਣੇ ਢਿੱਡ ਦੀ ਅੱਗ ਬੁਝਾਉਂਦੇ ਸਨ। ਏਸ ਡੇਰੇ 'ਤੇ ਵੀ ਬੜੇ ਰੌਸ਼ਨ-ਖ਼ਿਆਲ ਤੇਂ ਵੱਡੀਆਂ ਸੋਚਾਂ ਵਾਲੇ ਬੰਦੇ ਆਉਂਦੇ ਸਨ। ਜਿਨ੍ਹਾਂ ਦੀਆਂ ਗੱਲਾਂ ਵਾਫਰ, ਸੁਲੱਖਣੀਆਂ ਤੇ ਵੰਨ-ਸੁਵੰਨੀਆਂ ਹੁੰਦੀਆਂ ਸਨ। ਇਹਨਾਂ ਸੋਚਾਂ, ਫਿਕਰਾਂ ਤੇ ਵੰਨ ਸੁਵੰਨੇ ਖਿਆਲਾਂ ਨਾਲ ਵਿਚੋਂ ਵਿਚ ਟਰੇਨਿੰਗ ਹੁੰਦੀ ਰਹੀ ਤੇ ਇਹਨਾਂ ਵਿਚੋਂ ਕਈ ਸੋਚਾਂ ਫਿਕਰਾਂ ਮੇਰੀ ਸ਼ਾਇਰੀ ਦਾ ਹਿੱਸਾ ਵੀ ਬਣ ਗਈਆਂ।

ਟਰੇਡ ਯੂਨੀਅਨ ਰਾਹੀਂ ਮੈਨੂੰ ਮਜ਼ਦੂਰਾਂ, ਮਿਹਨਤਕਸ਼ਾਂ ਤੇ ਕਮਜ਼ੋਰ ਬੰਦਿਆਂ ਦੀ ਹੱਯਾਤੀ ਨੂੰ ਬੜੇ ਨੇੜੇ ਤੋਂ ਵੇਖਣ ਦਾ ਮੌਕਾ ਮਿਲਿਆ। ਇਹਨਾਂ ਦੀ ਪਤਲੀ ਤੇ ਮਾੜੀ ਹਾਲਤ ਨੇ ਮੈਨੂੰ ਉਹਨਾਂ ਲਈ ਕੁਝ ਕਰਨ ਗੁਜ਼ਰਨ ਵੱਲ ਉਭਾਰਿਆ। ਮੈਂ ਆਪਣੀ ਤਾਕਤ ਤੇ ਕੁਦਰਤ ਦੇ ਅਨੁਸਾਰ ਜੋ ਕਰ ਸਕਦਾ ਸੀ, ਕਰਦਾ ਰਿਹਾ।

1974 ਈ. ਤੋਂ ਬਾਅਦ ਟਰੇਡ ਯੂਨੀਅਨ ਵਿਚ ਹਿੱਸਾ ਲੈਣਾ ਘਟ ਗਿਆ, ਕਿਉਂਕਿ ਜੋ ਮੇਰੇ ਸਾਰੇ ਦਿਆਨਤਦਾਰ ਤੇ ਸਰਗਰਮ ਸਾਥੀ ਕੁਝ ਤੇ ਨੌਕਰੀਓਂ ਕੱਢ ਦਿੱਤੇ ਗਏ ਤੇ ਬਾਕੀ ਵਕੀਲ ਬਣ ਕੇ ਆਪ ਨੌਕਰੀ ਛੱਡ ਗਏ। ਮੇਰੇ ਅੰਦਰ ਪੱਕਦੇ ਖ਼ਿਆਲਾਂ ਨੇ ਸ਼ਾਇਰੀ ਦੀ ਰਾਹ ਅਖ਼ਤਿਆਰ ਕਰ ਲਈ ਤੇ ਮੈਂ ਪੰਜਾਬੀ ਅਦਬੀ ਸੰਗਤ ਵਿਚ ਜਾਣ ਲੱਗ ਪਿਆ। ਏਸ ਦਾ ਕਾਰਨ ਉਸਤਾਦ ਦਾਮਨ ਵੀ ਸਨ। ਕਿਉਂ ਜੇ ਉਹ ਏਸ ਦੇ ਮੋਢੀ ਮੈਂਬਰਾਂ ਵਿਚੋਂ ਸਨ। ਅਕਬਰ ਲਾਹੌਰੀ, ਅਹਿਮਦ ਰਾਹੀ, ਸ਼ਫ਼ਕੱਤ ਤਨਵੀਰ ਮਿਰਜ਼ਾ, ਰਾਜ ਰਸਾਲੂ, ਆਸਿਫ ਖਾਨ, ਡਾ. ਉਜੀਜ਼ੁਲ ਹੱਕ ਵੀ ਸਨ। ਨੌਜਵਾਨਾਂ ਵਿਚੋਂ ਤਨਵੀਰ ਜ਼ਹੂਰ ਤੇ ਮੁਸ਼ਤਾਕ ਕੰਵਲ ਮੋਢੀ ਮੈਂਬਰ ਨੇ ਤੇ ਇਹਨਾਂ ਸਾਰਿਆਂ ਨੂੰ ਪੰਜਾਬੀ ਅਦਬੀ ਸੰਗਤ ਨੂੰ ਬੜੀ ਮਿਹਨਤ ਯਤਨਾਂ ਨਾਲ ਚਲਾਇਆ ਤੇ ਅੱਲਾ ਦੇ ਕਰਮ ਨਾਲ ਇਹ ਸੰਗਤ ਹੁਣ ਤੀਕਰ ਚੱਲ ਰਹੀ ਏ ਤੇ ਚਲਦੀ ਰਹੇਗੀ।

ਹਾਂ ਤੇ ਮੈਂ ਆਖ ਰਿਹਾ ਸਾਂ ਬਈ ਟਰੇਡ ਯੂਨੀਅਨ ਵਿਚ ਹਿੱਸਾ ਘਟਣ ਮਗਰੋਂ ਮੇਰੇ ਉਸਤਾਦ ਤੇ ਮਾਂ ਬੋਲੀ ਦੀ ਮੁਹੱਬਤ ਮੈਨੂੰ ਖਿੱਚ ਕੇ ਪੰਜਾਬੀ ਅਦਬੀ ਸੰਗਤ ਵੱਲ ਲੈ ਗਈ। ਮਾਂ ਬੋਲੀ ਨਾਲ ਹੋਣ ਵਾਲੇ ਧਰੋਹ

ਉੱਤੇ ਸੜਦਾ ਕੁੜ੍ਹਦਾ ਅੰਦਰ ਦਾ ਪੰਜਾਬੀ ਜਾਗਿਆ ਤੇ ਮਾਂ ਬੋਲੀ ਮੇਰੀ ਸ਼ਾਇਰੀ ਦਾ ਪ੍ਰਗਟਾਵਾ ਬਣ ਗਈ। ਮਾਂ ਤੇ ਨਿੱਕੇ ਹੁੰਦਿਆਂ ਮਰ ਗਈ ਸੀ, ਏਸ ਲਈ ਮਾਂ ਦਾ ਪੂਰਾ ਪਿਆਰ ਤੇ ਨਾ ਮਿਲ ਸਕਿਆ, ਪਰ ਮਾਂ ਬੋਲੀ ਨੇ ਏਸ ਪਿਆਰ ਦੀ ਕਮੀ ਨੂੰ ਇੰਝ ਪੂਰਾ ਕੀਤਾ, ਬਈ ਏਸ ਮਾਂ ਬੋਲੀ ਨੇ ਅੱਲਾ ਤਾਲਾ ਦੀ ਮਿਹਰਬਾਨੀ ਨਾਲ ਮੈਨੂੰ ਹਰ ਥਾਂ 'ਤੇ ਹਰ ਕਿਸੇ ਕੋਲੋਂ ਪਿਆਰ ਤੇ ਇੱਜ਼ਤ ਰੱਜ ਕੇ ਦਿਵਾਈ ਏ।

ਉਸਤਾਦ ਦਾਮਨ ਦੇ ਲੜ ਲੱਗਿਆ, ਪੰਜਾਬੀ ਅਦਬੀ ਸੰਗਤ ਦੇ ਸੰਗ, ਲਾਹੌਰ ਦੇ ਗਲੀ ਕੂਚਿਆਂ ਨੇ ਮੇਰੇ ਜੱਦੀ ਦੀ ਮਿੱਟੀ ਨੇ ਮੇਰਾ ਤੇ ਮੇਰੀ ਸ਼ਾਇਰੀ ਦਾ ਰੂਪ ਨਿਖਾਰਿਆ ਏ (ਮੇਰਾ ਜੱਦੀ ਪਿੰਡ ਕਰਨਗਾਲੀ ਤਹਿਸੀਲ ਪਸਰੂਰ ਵਿਚ ਏ)

ਤਿੰਨ ਦਸੰਬਰ 1984 ਈ. ਨੂੰ ਉਸਤਾਦ ਦਾਮਨ ਹੋਰੀਂ ਚਲਾਣਾ ਕਰ ਗਏ। ਸਭਨਾਂ ਨੂੰ ਡਾਢਾ ਫੱਟ ਲੱਗਾ ਤੇ ਦੁੱਖ ਹੋਇਆ। ਅਸੀਂ ਸਾਰੇ ਦਾਮਨ ਦੀ ਕੋਠੜੀ ਦੇ ਮੈਂਬਰ ਸ਼ੇਖ ਮੁਹੰਮਦ ਰਫੀਕ, ਹਾਫ਼ਜ਼ ਅਬਦੁੱਲ ਸਮਦ, ਮਲਕ ਮੁਹੰਮਦ ਯੂਨਸ, ਸ਼ਹਾਬੁਲਦੀਨ, ਸ਼ਫ਼ਕਤ ਪ੍ਰਵੇਜ਼ ਭੱਟੀ, ਵਾਰਸ ਲੁਧਿਆਣਵੀ ਸੇਠ ਅਬਦੁਲ ਰਹਿਮਾਨ, ਮੁਹੰਮਦ ਸਾਬਰ, ਯੂਸਫ ਬੱਟ, ਸੈਫ ਅੱਲਾ ਸੈਫ਼, ਮੁਹੰਮਦ ਅਕਬਰ ਸਲੇਚ, ਹਕੀਮ ਅਬਦੁੱਲ ਕਦੂਸ, ਰਾਜਾ ਮੁਹੰਮਦ ਰਿਆਜ਼, ਫਰਜ਼ੰਦ ਅਲੀ, ਤਾਹਤ ਮਹਿਮੂਦ, ਮੁਹੰਮਦ ਬਾਬਰ, ਅਸ਼ਰਫ਼ ਸ਼ਹਾਬ ਪੁਰੀ, ਹਾਜੀ ਸੁਲਤਾਨ ਆਗਾ ਤੇ ਹੋਰ ਢੇਰ ਸਾਰੇ ਸੱਜਣ ਬੇਲੀ ਸੋਚਣ ਲੱਗੇ। ਹੁਣ ਕੀ ਕਰੀਏ?

ਸੋਚ ਵਿਚਾਰ ਤੋਂ ਬਾਅਦ ਉਸਤਾਦ ਦਾਮਨ ਮੈਮੋਰੀਅਲ ਕੌਂਸਲ ਬਣਾਈ। ਵਾਰਸ ਲੁਧਿਆਣਵੀ ਸਦਰ ਬਣੇ ਤੇ ਫੇਰ ਕੁਝ ਚਿਰ ਮਗਰੋਂ ਉਸਤਾਦ ਦਾਮਨ ਅਕਾਡਮੀ ਦੀ ਨੀਂਹ ਰੱਖੀ ਤੇ ਨਾਲੇ ਉਸਤਾਦ ਦਾਮਨ ਦੇ ਕਲਾਮ ਦੀ ਭਾਲ ਕਰਕੇ ਛਪਵਾਉਣ ਦਾ ਸੋਚਿਆ। ਕਿਉਂ ਜੇ ਉਸਤਾਦ ਹੋਰਾਂ ਬਾਗਬਾਨ ਪੁਰੇ ਆਪਣੀ ਦੁਕਾਨ ਤੇ ਲਾਇਬ੍ਰੇਰੀ ਸੜਨ ਮਗਰੋਂ ਹੱਥੀਂ ਲਿਖ ਕੇ ਸਾਂਭਣਾ ਛੱਡ ਦਿੱਤਾ ਸੀ।

ਮੈਨੂੰ ਕਾਫੀ ਕਲਾਮ ਯਾਦ ਸੀ। ਕੁਝ ਕਲਾਮ ਸ਼ਫ਼ਕਤ ਪ੍ਰਵੇਜ਼ ਭੱਟੀ, ਖਾਨਾ ਮਸਤਾਨਾ ਜੀ ਤੇ ਹੋਰ ਦੂਜੇ ਸੱਜਣਾਂ ਕੋਲੋਂ ਲੱਭਿਆ। ਅਸੀਂ ਹਰ ਬਰਸੀ 'ਤੇ ਲੋਕਾਂ ਨਾਲ ਵਾਅਦਾ ਕਰਦੇ ਕਿ ਅਗਲੀ ਬਰਸੀ 'ਤੇ ਕਲਾਮ ਆ ਜਾਵੇਗਾ। ਮੈਂ ਲਿਖਣ ਤੋਂ ਹਮੇਸ਼ਾ ਕੰਮ ਕੋਸ ਰਿਹਾ ਹਾਂ ਤੇ ਨਾਲੇ ਮੇਰੇ ਨਾਲ ਏਸ ਸਿਲਸਿਲੇ ਵਿਚ ਹੱਥ ਵਟਾਣ ਵਾਲਾ ਵੀ ਕੋਈ ਨਹੀਂ ਸੀ। ਏਸ ਲਈ ਵਾਅਦਾ ਪੂਰਾ ਨਾ ਕਰ ਸਕੇ। ਆਪਣੇ ਉਸਤਾਦ ਦਾ ਕਲਾਮ ਛਪਵਾਉਣ ਦਾ ਮੈਨੂੰ ਸ਼ੌਕ ਵੀ ਬੜਾ ਸੀ, ਪਰ ਹੌਲ਼ੀ-ਹੌਲ਼ੀ ਮੈਂ ਬਦਦਿਲ ਜਿਹਾ ਹੋਣ ਲੱਗ ਪਿਆ। ਕਿਉਂ ਜੇ ਕੋਈ ਵਾਹ ਨਜ਼ਰ ਨਹੀਂ ਸੀ ਆਉਂਦਾ। ਉਂਞ ਤੇ ਰਾਜਾ ਮੁਹੰਮਦ ਰਿਆਜ਼, ਫਰਜ਼ੰਦ ਅਲੀ, ਹਕੀਮ ਅਬਦੁਲ ਕਦੂਸ, ਮੁਹੰਮਦ ਯੂਸਫ਼ ਤੇ ਨਦੀਮ ਵਰਗੇ ਨੌਜਵਾਨ ਸਾਡੇ ਕੋਲ ਅਕਾਡਮੀ ਦੀਆਂ ਸਰਗਰਮੀਆਂ ਲਈ ਕੰਮ ਕਰਨ ਵਾਲੇ ਮੌਜੂਦ ਸਨ, ਪਰ ਕਿਤਾਬ 'ਤੇ ਕੰਮ ਨਹੀਂ ਸੀ ਹੋ ਰਿਹਾ।

1990 ਵਿਚ ਇਕ ਦਿਨ ਮੁਹੰਮਦ ਇਕਬਾਲ ਐਡਵੋਕੇਟ, ਰਾਜਾ ਮੁਹੰਮਦ ਰਿਆਜ਼ ਤੇ ਮੈਂ ਸ਼ਾਮ ਵੇਲੇ ਇਕੱਠੇ ਰਾਜਾ ਸਲਮਾਨ ਆਗਾ ਦੇ ਘਰ ਵੱਲ ਜਾ ਰਹੇ ਸਾਂ ਤੇ ਰਾਹ ਵਿਚ ਉਸਤਾਦ ਦੇ ਕਲਾਮ ਬਾਰੇ ਗੱਲ ਸ਼ੁਰੂ ਹੋਈ ਤੇ ਮੁਹੰਮਦ ਇਕਬਾਲ ਮੁਹੰਮਦ ਹੋਰਾਂ ਸਾਥ ਦੇਣ ਦਾ ਵਾਅਦਾ ਕੀਤਾ ਤੇ ਅਗਲੇ ਜੁੰਮੇ ਅਕਾਡਮੀ ਦੀ ਮੀਟਿੰਗ ਵਿਚ ਇਹਨਾਂ ਨੂੰ ਅਕਾਡਮੀ ਦੇ ਮੈਂਬਰਾਂ ਨੇ ਅਕਾਦਮੀ ਦੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਵੀ ਦੇ ਦਿੱਤੀ। ਇਕਬਾਲ ਜੀ ਨੇ ਬੜੀ ਮਿਹਨਤ ਨਾਲ ਮੇਰੇ ਨਾਲ ਕੰਮ ਕੀਤਾ। ਉੱਥੇ ਜਿੱਥੇ ਜਾਣਾ ਪਿਆ ਅਸੀਂ ਗਏ। ਮੈਂ ਬੜੀ ਦਿਆਨਤਦਾਰੀ ਨਾਲ ਇਹ ਗੱਲ ਕਹਿ ਸਕਨਾਂ ਭਈ ਜੇ ਇਕਬਾਲ ਸਾਹਿਬ ਨਾ ਹੁੰਦੇ ਤਾਂ ਖੌਰੇ ਖੁਦਾ ਨਾ ਕਰੇ ਮੇਰੇ ਉਸਤਾਦ ਦਾ ਕਲਾਮ ਨਾ ਛਪਦਾ। ਐਡੇ ਉੱਦਮ ਦੇ ਮਾਲਕ ਨੇ ਤੇ ਉੱਦਮ ਇਹਨਾਂ ਦੇ ਪੈਰੀਂ ਪੈਂਦੇ ਨੇ। ਜਿਸ ਕੰਮ ਨੂੰ ਛੂਹ ਲੈਣ ਪੂਰਾ ਕਰ ਕੇ ਛੱਡਦੇ ਨੇ। ਹੁਣ ਮੇਰਾ ਖਰੜਾ (ਮਸੌਦਾ) ਵੀ ਇਹਨਾਂ ਦੀ ਮਿਹਨਤ ਦੇ ਸਾਏ ਥੱਲੇ ਲਿਖਿਆ ਗਿਆ ਏ। ਸਗੋਂ ਜਿਵੇਂ ਇਹਨਾਂ ਉਸਤਾਦ ਹੋਰਾਂ ਦਾ ਖਰੜਾ ਬਾਰ ਬਾਰ ਲਿਖਿਆ ਤੇ ਫੇਰ ਮੈਂ ਤੇ ਅਲੀ ਅਰਸ਼ਦ ਮੀਰ ਨੇ ਬਹਿ ਕੇ ਵੇਖਿਆ, ਏਵੇਂ ਇਹਨਾਂ ਮੇਰੇ ਮਸੌਦੇ ਦੇ ਨਾਲ ਵੀ ਪਿਆਰ ਕੀਤਾ ਤੇ ਉਹਨੂੰ ਬੁਣਾਇਆ, ਸੰਵਾਰਿਆ ਜਿਹੜਾ ਹੁਣ ਤੁਹਾਡੇ ਸਾਹਮਣੇ ਹੈ।

(ਉਸਤਾਦ ਦਾਮਨ ਅਕਾਡਮੀ (ਰਜਿਸਟਰਡ) ਟਕਸਾਲੀ ਗੇਟ ਲਾਹੌਰ )



<u>ਪੁਸਤਕ ਪੜਚੋਲ</u>

# 'ਘੁੰਮਦੇ ਫਿਰਦਿਆਂ' ਸਹਿਜ ਤੇ ਸਾਰਥਕ ਵਿਅਕਤੀ ਚਿਤਰ

ਹਰਭਜਨ ਸਿੰਘ ਹੁੰਦਲ ਆਪਣੇ ਆਪ ਨੂੰ ਕਵੀ ਕਹਿ ਕੇ ਪ੍ਰਸੰਨ ਹੈ ਅਤੇ ਉਸ ਦੀ ਕਾਵਿ ਰਚਨਾ ਗੁਣਾਤਮਕ ਤੇ ਮਾਤ੍ਰਾਤਮਕ ਦੋਹਾਂ ਪੱਖਾਂ ਤੋਂ ਉਸ ਦੇ ਕਵੀ ਵਜੋਂ ਸਥਾਨ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਸੁਰੱਖਿਅਤ ਕਰਦੀ ਹੈ। ਕੁਝ ਵਰ੍ਹੇ ਪਹਿਲਾਂ ਉਸ ਨੇ ਸ਼ੌਕੀਆ ਕਹੋ ਜਾਂ ਮਨ ਦੀ ਮੌਜ ਕਹੋ, ਵਾਰਤਕ ਲਿਖਣੀ ਸ਼ੁਰੂ ਕੀਤੀ। ਉਸ ਦੀ ਵਾਰਤਕ ਇੰਨੀ ਸਹਿਜ, ਪ੍ਰਭਾਵਸ਼ਾਲੀ ਤੇ ਪੜ੍ਹਨਯੋਗ ਸੀ ਕਿ ਉਸ ਨੇ ਕਵਿਤਾ ਨਾਲੋਂ ਵੱਧ ਛੇਤੀ ਇਸ ਖੇਤਰ ਵਿਚ ਆਪਣੀ ਥਾਂ ਬਣਾ ਲਈ ਹੈ। ਇਸ ਦਾ ਕਾਰਨ ਉਸ ਦਾ ਲੰਬਾ ਸੰਘਰਸ਼ ਭਰਪੂਰ ਜੀਵਨ ਹੈ। ਉਸਦਾ ਵਿਸ਼ਾਲ ਅਧਿਐਨ ਹੈ, ਜਿਸ ਨੇ ਉਸਨੂੰ ਆਸ-ਪਾਸ ਦੇ ਜੀਵਨ ਤੇ ਸਮਾਜ ਦੇ ਜਟਿਲ ਵਰਤਾਰਿਆਂ ਦੀ ਤਹਿ ਵਿਚ ਛਪੇ ਵਿਚਾਰਧਾਰਾਈ ਅਧਾਰਾਂ ਬਾਰੇ ਸੋਝੀ ਦਿੱਤੀ ਹੈ। ਉਸ ਦੀ ਨਿਸਚਿਤ ਜੀਵਨ ਦ੍ਰਿਸ਼ਟੀ ਹੈ ਜੋ ਉਸ ਦੀਆਂ ਲਿਖਤਾਂ ਨੂੰ ਵਿਵੇਕਸ਼ੀਲ ਬਣਾਈ ਰੱਖਦੀ ਹੈ। ਉਸ ਦੀ ਪੰਜਾਬ ਦੇ ਸਮਾਜਿਕ, ਸੱਭਿਆਚਾਰਕ, ਸਾਹਿਤਕ ਤੇ ਧਾਰਮਿਕ ਪਿਛੋਕੜ ਦੀ ਸਮਝ ਹੈ ਜੋ ਉਸ ਦੀ ਵਾਰਤਕ ਨੂੰ ਜਨ ਸਧਾਰਨ ਨਾਲ ਜੋੜਦੀ ਹੈ। ਇਸ ਨੂੰ ਪੜ੍ਹਨਯੋਗ ਸਹਿਜ ਤੇ ਸਾਰਥਕ ਬਣਾਉਂਦੀ ਹੈ। 'ਘੁੰਮਦੇ ਫਿਰਦਿਆਂ' ਹੁੰਦਲ ਦੁਆਰਾ ਰਚਿਤ ਰੇਖਾ ਚਿਤਰਾਂ ਤੇ ਮੁਲਾਕਾਤਾਂ ਦਾ ਸੰਗ੍ਰਹਿ ਹੈ ਜਿਸ ਨੂੰ ਪੜ੍ਹਨ ਉਪਰੰਤ ਮੈਂ ਉਕਤ ਟਿੱਪਣੀ ਕਰਨ ਲਈ ਪ੍ਰੇਰਿਤ ਹੋਇਆ ਹਾਂ।

'ਘੁੰਮਦੇ ਫਿਰਦਿਆਂ' ਰੂਪਕ ਹੁੰਦਲ ਦੀ ਇਸ ਪੁਸਤਕ ਦੀ ਸਿਰਜਨ ਵਿਧੀ ਦਾ ਵਿਵੇਕ ਲਈ ਬੈਠਾ ਹੈ। ਇੱਕ ਅਧਿਆਪਕ, ਵਿਚਾਰਧਾਰਾਈ ਅਧਾਰਾਂ ਵਾਲੇ ਯੂਨੀਅਨਿਸਟ ਤੇ ਸਾਹਿਤਕਾਰ ਵਜੋਂ ਉਹ ਪੰਜਾਬ ਅਤੇ ਪੰਜਾਬ ਤੋਂ ਬਾਹਰ ਦੇਸ਼ ਦੇ ਹੋਰ ਨਗਰਾਂ-ਮਹਾਨਗਰਾਂ ਵਿਚ ਅਕਸਰ ਹੀ ਤੁਰਿਆ ਰਹਿੰਦਾ ਹੈ। 1993 ਦੀਆਂ ਗਰਮੀਆਂ ਵਿਚ ਉਸ ਨੂੰ ਪ੍ਰਗਤੀਸ਼ੀਲ ਲਿਖਾਰੀ ਸਭਾ ਦੇ ਸੱਦੇ ਉੱਤੇ ਇੰਗਲੈਂਡ ਜਾਣ ਦਾ ਅਵਸਰ ਮਿਲਿਆ। ਚਾਰ ਮਹੀਨੇ ਉੱਥੇ ਰਹਿਣ ਦੌਰਾਨ ਉਹ ਉੱਥੇ ਦੇ ਲਗਭਗ ਸਾਰੇ ਪੰਜਾਬੀ ਲੇਖਕਾਂ ਨੂੰ ਉਚੇਚਾ ਮਿਲਿਆ। ਇਥੇ ਆਪਣੇ ਦੇਸ਼ ਵਿਚ ਵੀ ਉਹ ਪੰਜਾਬੀ, ਹਿੰਦੀ ਤੇ ਅੰਗ੍ਰੇਜ਼ੀ ਦੇ ਲੇਖਕਾਂ ਨੂੰ ਮਿਲਦਾ-ਗਿਲਦਾ ਰਹਿੰਦਾ ਸੀ। ਕਲਾਕਾਰਾਂ, ਪੱਤਰਕਾਰਾਂ, ਚਿੰਤਕਾਂ ਤੇ ਆਲੋਚਕਾਂ ਨਾਲ ਸੰਵਾਦ ਰਚਾਉਂਦਾ ਰਹਿੰਦਾ ਸੀ। ਉਸ ਨੇ ਇਨ੍ਹਾਂ ਲੇਖਕਾਂ, ਕਲਾਕਾਰਾਂ, ਚਿੰਤਕਾਂ ਤੇ ਮਿੱਤਰਾਂ ਬਾਰੇ ਸੰਖੇਪ ਵਿਅਕਤੀ-ਚਿਤਰ ਇਸ ਪੁਸਤਕ ਵਿਚ ਸੰਕਲਿਤ ਕਰ ਦਿੱਤੇ ਹਨ।

ਹੁੰਦਲ ਦੇ ਘੁੰਮਣ ਫਿਰਨ ਦੇ ਅਨੁਭਵ ਦੇ ਵਿਸ਼ਾਲ ਘੇਰੇ ਕਾਰਨ ਉਸ ਦੁਆਰਾ ਪੇਸ਼ ਵਿਅਕਤੀ ਚਿਤਰਾਂ ਦਾ ਕੈਨਵਸ ਖਾਸਾ ਵਿਸ਼ਾਲ ਹੈ। ਇਸ ਵਿਚ ਸਾਥੀ ਲੁਧਿਆਣਵੀ, ਅਵਤਾਰ ਜੰਡਿਆਲਵੀ, ਦਰਸ਼ਨ ਧੀਰ, ਪ੍ਰੀਤਮ ਸਿੱਧੂ ਤੇ ਜਗਤਾਰ ਢਾਅ ਜਿਹੇ ਪ੍ਰਵਾਸੀ ਲੇਖਕ ਹਨ। ਜਰਨੈਲ ਸਿੰਘ ਵਰਗਾ ਨਵੀਂ ਪੀੜ੍ਹੀ ਦਾ ਪੰਜਾਬੀ ਚਿਤਰਕਾਰ ਹੈ। ਪੰਜਾਬ ਦੀ ਕੋਇਲ ਸੁਰਿੰਦਰ ਕੌਰ ਹੈ। ਗੁਰਭਗਤ ਸਿੰਘ ਜੇਹਾ ਪੰਜਾਬੀ ਤੇ ਅੰਗਰੇਜ਼ੀ ਦਾ ਉੱਤਰ-ਆਧੁਨਿਕ ਚਿੰਤਕ ਹੈ। ਹਿੰਦੀ ਜਗਤ ਦਾ ਵਿਖਿਆਤ ਵਿਦਵਾਨ ਰਮੇਸ਼ ਕੁੰਤਲ ਮੇਘ ਹੈ। ਰੂਸੀ ਲੇਖਕ ਸਰਬਰੀਆਕੋਵ ਹੈ। ਆਪਣੇ ਪਿੰਡਾਂ ਦੀਆਂ ਸੱਥਾਂ ਦਾ ਬੇਨਾਮ ਪ੍ਰਤੀਨਿਧ ਚਾਚਾ ਹੈ। ਬੀਤੇ ਦੀ ਧੂੜ ਵਿਚੋਂ ਲਿਸ਼ਕਾਂ ਮਾਰ ਰਹੇ ਅੰਗ੍ਰੇਜ਼ੀ ਦੇ ਰੋਮਾਂਟਿਕ ਕਵੀ ਬਾਇਰਨ ਦਾ ਬਿਰਤਾਂਤ ਹੈ। ਇੰਜ ਇਹ ਵਾਰਤਕ ਟੋਟੇ ਨਾ ਸ਼ੁੱਧ ਰੂਪ ਵਿਚ ਮੁਲਾਕਾਤਾਂ ਹਨ, ਨਾ ਸੰਸਮਰਣ ਤੇ ਨਾ ਰੇਖਾ ਚਿੱਤਰ। ਇਨ੍ਹਾਂ ਵਿਚੋਂ ਲਗਭਗ ਹਰ ਵਾਰਤਕ ਟੁਕੜੀ ਵਿਚ ਇਨ੍ਹਾਂ ਦਾ ਸੁੰਦਰ ਸੁਮੇਲ ਹੈ। ਜੋ ਇਨ੍ਹਾਂ ਨੂੰ ਪੜ੍ਹਨਯੋਗ ਵਾਰਤਕ ਬਣਾਉਂਦਾ ਹੈ। ਇਸ ਪੜ੍ਹਨਯੋਗ ਵਾਰਤਕ ਦਾ ਇਸ ਤੋਂ ਵੀ ਮਹੱਤਵਪੂਰਨ ਲੱਛਣ ਇਹ ਹੈ ਕਿ ਇਹ ਬਿਰਤਾਂਤ ਪਾਠਕ ਦੇ ਸਾਹਿਤਕ, ਸਮਾਜਿਕ, ਸਭਿਆਚਾਰਕ ਤੇ ਰਾਜਨੀਤਿਕ ਸਰੋਕਾਰਾਂ ਬਾਰੇ ਚਿੰਤਨ ਨੂੰ ਨਰੋਈ ਤੇ ਉਸਾਰੂ ਦਿਸ਼ਾ ਵੀ ਸਹਿਜੇ ਹੀ ਦਿੰਦੇ ਹਨ। ਸੂਹਜ, ਸਹਿਜ ਤੇ ਸੁਹਿਰਦਤਾ ਇਨ੍ਹਾਂ ਵਿਅਕਤੀ-ਚਿਤਰਾਂ ਦੀ ਵਿਸ਼ੇਸ਼ ਪਛਾਣ ਹੈ।

ਮੈਂ ਇਨ੍ਹਾਂ ਵਾਰਤਕ ਟੁਕੜੀਆਂ ਨੂੰ ਵਿਅਕਤੀ ਚਿਤਰ ਦਾ ਨਾਮ ਦੇਣ ਦਾ ਯਤਨ ਕੀਤਾ ਹੈ ਤੇ

ਅਜਿਹਾ ਇਹ ਜਾਣਦੇ ਹੋਏ ਕੀਤਾ ਹੈ ਕਿ ਇਹ ਰਚਨਾਵਾਂ ਸ਼ੁੱਧ ਰੂਪ ਵਿਚ ਕਿਸੇ ਵੀ ਵਿਧਾਗਤ ਬੰਧਨ ਤੋਂ ਮੁਕਤ ਹਨ। ਅੰਗ੍ਰੇਜ਼ੀ ਦੇ ਕਲਾਸਿਕ ਜਿਸ 'ਲੂਜ਼ ਸ਼ੈਲੀ ਆਫ਼ ਮਾਈਂਡ' ਭਾਵ ਮਨ ਦੀ ਸਵਛੰਦ ਉਡਾਰੀ ਨੂੰ ਉੱਤਮ ਵਾਰਤਕ ਦਾ ਲੱਛਣ ਦੱਸਦੇ ਹਨ, ਉਹ ਇਸ ਵਾਰਤਕ ਦੀ ਸਹਿਜ ਪ੍ਰਾਪਤੀ ਹੈ। ਲੇਖਕ ਦੇ ਮਨ ਉੱਤੇ ਇਹ ਭਾਰ ਕਿਤੇ ਨਹੀਂ ਕਿ ਉਸਨੇ ਵਿਚਾਰ-ਅਧੀਨ ਵਿਅਕਤੀ ਦੇ ਕ੍ਰਮਬੱਧ ਜੀਵਨ ਵੇਰਵੇ, ਪਰਿਵਾਰਕ ਪਿਛੋਕੜ, ਰਚਨਾਵਾਂ ਜਾਂ ਸੁਭਾਅ, ਸਾਰੇ ਕੁਝ ਬਾਰੇ ਸੰਗਠਿਤ ਚਰਚਾ ਸੰਕਲਿਤ ਕਰਨੀ ਹੈ। ਰਚਨਾ ਉਸ ਲਈ ਆਪਣੇ ਸੁਤੰਤਰ ਸਹਿਜ ਰੂਪ ਵਿਧਾਨ ਤੇ ਪਾਸਾਰ ਨਾਲ ਜਨਮਦੀ ਹੈ। ਉਸ ਅਨੁਸਾਰ ਹੀ ਉਸ ਵਿਚਲੇ ਵੇਰਵੇ, ਵਿਚਾਰਧਾਰਾਈ ਦਖਲ, ਲੇਖਕ ਦੇ ਉਸ ਨਾਲ ਸੰਬੰਧ, ਸੰਬੰਧਤ ਵਿਅਕਤੀ ਦੀਆਂ ਪ੍ਰਾਪਤੀਆਂ/ ਅਨਪ੍ਰਾਪਤੀਆਂ ਉਸ ਦਾ ਅਤੀਤ ਤੇ ਵਰਤਮਾਨ, ਸਮਕਾਲੀ ਤੇ ਸਦੀਵੀ ਮਨੁੱਖੀ ਸਰੋਕਾਰ ਇਨ੍ਹਾਂ ਰਚਨਾਵਾਂ ਵਿਚ ਰੂਪਮਾਨ ਹੋਣ ਲੱਗਦੇ ਹਨ। ਇਸ ਤਰਲ ਰੂਪ ਵਿਧਾਨ ਕਾਰਨ ਇਹ ਵਾਰਤਕ ਹਲਕੀ-ਫੁਲਕੀ ਹੋਣ ਦੇ ਬਾਵਜੂਦ ਗੰਭੀਰ ਵਿਚਾਰਧਾਰਾਈ ਮਹੱਤਵ ਰੱਖਦੀ ਹੈ।

ਉਕਤ ਨੁਕਤਿਆਂ ਦੀ ਵਜ਼ਾਹਤ ਲਈ ਇਨ੍ਹਾਂ ਵਿਅਕਤੀ ਚਿਤਰਾਂ ਦੀ ਰਤਾ ਨਿਕਟ ਚਰਚਾ ਦੀ ਜ਼ਰੂਰਤ ਪ੍ਰਤੀਤ ਹੁੰਦੀ ਹੈ। ਪਹਿਲਾ ਹੀ ਵਾਰਤਕ ਟੋਟਾ ਸਾਥੀ ਲੁਧਿਆਣਵੀ ਬਾਰੇ ਹੈ। ਇਸ ਦੇ ਸਿਰਲੇਖ 'ਕੀ ਖੱਟ ਲਿਆਂਦਾ' ਤੋਂ ਪਾਠਕ ਇਹ ਅਨੁਮਾਨ ਬਿਲਕੁਲ ਨਹੀਂ ਲਾ ਸਕਦਾ ਕਿ ਇਹ ਸਾਥੀ ਦਾ ਰੇਖਾ ਚਿਤਰ ਹੈ ਜਾਂ ਉਸ ਨਾਲ ਮੁਲਾਕਾਤ। ਇਸ ਦੇ ਬਾਵਜੂਦ ਇਹ ਸਾਥੀ ਦੇ ਸੁਭਾਅ ਉਸ ਦੇ ਪ੍ਰੀਤ ਲੜੀ ਵਿਚ ਲੰਮੇ ਸਮੇਂ ਤੱਕ ਛਪਦੇ ਰਹੇ ਕਾਲਮ ਤੇ ਉਸਦੇ ਰੁਝੇਂਵਿਆਂ ਬਾਰੇ ਤਲਖ਼, ਤੁਰਸ਼, ਸ਼ੀਰੀਂ - ਸਭ ਕੁਝ ਦਸ ਦਿੰਦਾ ਹੈ ਤੇ ਉਹ ਵੀ ਕੇਵਲ ਚਾਰ ਪੰਨਿਆਂ ਵਿਚ ਹੀ। ਚਿੱਟੀ ਪੱਗ ਤੇ ਸ਼ਾਇਰੀ ਇੰਗਲੈਂਡ ਵਿਚ ਪ੍ਰਗਤੀਸ਼ੀਲ ਲਹਿਰ ਦੇ ਮੋਢੀਆਂ ਵਿਚੋਂ ਇਕ, ਮੁਸ਼ਤਾਕ ਸਿੰਘ ਦੀ ਬੇਦਾਗ਼ ਤੇ ਮਿਲਣਸਾਰ ਸ਼ਖ਼ਸੀਅਤ ਨੂੰ ਉਭਾਰਨ ਵਾਲੀ ਰਚਨਾ ਹੈ। 'ਸੰਗੀਤ ਦੀ ਵਾਪਸੀ' ਨਿਬੰਧ ਇੰਗਲੈਂਡ ਦੇ ਸਾਹਿਤਿਕ ਸਮਾਗਮਾਂ ਵਿਚ ਗੀਤਾਂ ਤੇ ਗ਼ਜ਼ਲਾਂ ਦੇ ਗਾਇਣ ਨਾਲ ਜਾਨ ਪਾਉਣ ਵਾਲੇ ਅਵਤਾਰ ਉੱਪਲ ਦੀ ਗੱਲ ਕਰਦਾ ਹੈ। ਅਵਤਾਰ ਆਪਣੇ ਲੋਕਾਂ ਨਾਲ ਪ੍ਰਤਿਬੱਧ ਹੈ ਤੇ ਉਹ ਉਨ੍ਹਾਂ ਵਿਚ ਵਾਪਸ ਵੀ ਆਉਣਾ ਲੋੜਦਾ ਹੈ। ਅਵਤਾਰ ਉੱਪਲ ਹੀ ਨਹੀਂ ਅਵਤਾਰ ਜੰਡਿਆਲਵੀ ਦੀ ਗੱਲ ਵੀ ਹੁੰਦਲ ਨੇ ਕੀਤੀ ਹੈ। ਉਸ ਨੂੰ ਗਿਲਾ ਹੈ ਕਿ ਅਵਤਾਰ ਪ੍ਰਗਤੀਵਾਦੀ ਅਧਾਰਾਂ ਤੋਂ ਥਿੜਕ ਗਿਆ ਹੈ। ਉਹ ਉਸਦੀ ਕਾਵਿ-ਪ੍ਰਤਿਭਾ ਦੇ ਮਿੱਤਰਤਾ ਦਾ ਕਾਇਲ ਹੈ। ਪਰ ਉਸ ਨੂੰ ਲੱਗਦਾ ਹੈ ਕਿ ਉਹ ਆਪਣੀ ਪ੍ਰਤਿਭਾ ਪੈਸੇ ਇਕੱਠੇ ਕਰਨ ਦੇ ਲਾਲਚ ਵਿਚ ਅਜਾਈਂ ਗਵਾ ਰਿਹਾ ਹੈ। ਫਿਰ ਅਵਤਾਰ ਸਾਦਕ ਹੈ - ਇੰਗਲੈਂਡ ਵਿਚਲੀ ਭਾਰਤੀ ਮਜ਼ਦੂਰ ਸਭਾ ਦਾ ਆਗੂ। ਉਹ ਪ੍ਰਗਤੀਸ਼ੀਲ ਚਿੰਤਨ ਤੇ ਸਰਗਰਮੀ ਵਾਸਤੇ ਨਿਰੰਤਰ ਉੱਦਮਸ਼ੀਲ ਹੈ। ਇਸ ਭੱਜ ਨੱਠ ਵਿਚੋਂ ਉਸ ਨੇ ਅਨੁਭਵ ਵੀ ਖ਼ੂਬ ਹਾਸਲ ਕੀਤਾ ਹੈ। ਪਰ ਉਸ ਵਿਚ ਇਸ ਅਨੁਭਵ ਨੂੰ ਸਿਰਜਨਾਤਮਕ ਰੂਪ ਦੇਣ ਲਈ ਲੋੜੀਂਦੇ ਵਕਤ, ਅਭਿਆਸ ਤੇ ਲਗਨ ਦੀ ਕਮੀ ਹੈ। ਇਸੇ ਕਿਸਮ ਦੀ ਕਮੀ ਤੇ ਰਚਨਾਤਮਕ ਝਿਜਕ ਦਾ ਸ਼ਿਕਾਰ 'ਚੁੱਪ ਦੀ ਆਵਾਜ਼' ਦਾ ਮਨਮੋਹਨ ਸਿੰਘ ਹੈ।

ਹੁੰਦਲ ਆਪਣੇ ਵਿਅਕਤੀ ਚਿਤਰਾਂ ਲਈ ਚੁਣੇ ਨਾਇਕਾਂ ਬਾਰੇ ਸੰਖੇਪ ਵਿਚ ਹੀ ਸਾਰਾ ਅੱਗਾ ਪਿੱਛਾ ਦੱਸ ਦਿੰਦਾ ਹੈ। ਸੰਤੋਖ ਬਾਰੇ ਲਿਖਦੇ ਉਹ ਕਹਿੰਦਾ ਹੈ - ਸੰਤੋਖ ਚੰਗਾ ਕਵੀ ਹੈ। ਉਹ ਪਹਿਲ ਆਪਣੀ ਗੱਲ ਨੂੰ ਦਿੰਦਾ ਹੈ ਤੇ ਸ਼ਿਲਪ ਨੂੰ ਦੂਜੀ ਥਾਂ ਦਿੰਦਾ ਹੈ। ਸ਼ਿਲਪ ਪੱਖੋਂ ਉਸ ਦੀ ਲਾਪਰਵਾਹੀ ਹੁੰਦਲ ਨੂੰ ਚੁਭਦੀ ਹੈ। 'ਸ਼ੈਤਾਨ ਦੀ ਟੂਟੀ' ਦਾ ਨਾਇਕ ਕਵੀ ਉਸ ਨੂੰ ਜ਼ਹੀਨ ਤੇ ਪ੍ਰਤਿਭਾਵਨ ਲੱਗਦਾ ਹੈ ਜੋ ਆਪਣੀ ਸ਼ਕਤੀ ਸਾਰਥਕ ਕੰਮਾਂ ਵੱਲ ਘੱਟ ਤੇ ਸ਼ਰਾਰਤਾਂ ਵੱਲ ਵਧੇਰੇ ਲਾਉਂਦਾ ਹੈ। ਵਧੀਆ ਕਿਤਾਬਾਂ ਦੀ ਉਸ ਕੋਲ ਚੰਗੀ ਨਿਜੀ ਲਾਇਬਰੇਰੀ ਹੈ। ਦਰਸ਼ਨ ਧੀਰ ਉਸ ਲਈ ਸ਼ਰੀਫ਼ ਆਦਮੀ ਹੈ। ਭਲਾ ਲੋਕ, ਧੀਰਜ ਵਾਲਾ, ਪਰ ਆਪਣੀ ਚਰਚਾ ਲਈ ਫ਼ਿਕਰਮੰਦ ਹੈ। ਹੁੰਦਲ ਦਾ ਵਿਸ਼ਵਾਸ ਹੈ ਕਿ ਆਲੋਚਕ ਮਾੜੇ ਲੇਖਕ ਨੂੰ ਠੁੰਮਣਾ ਨਹੀਂ ਦੇ ਸਕਦਾ ਤੇ ਚੰਗੇ ਲੇਖਕ ਦਾ ਕੁਝ ਵਿਗਾੜ ਨਹੀਂ ਸਕਦਾ। ਇਸ ਲਈ ਇਨ੍ਹਾਂ ਬਾਰੇ ਫ਼ਿਕਰਮੰਦੀ ਫਜ਼ੂਲ ਹੈ। ਜਗਤਾਰ ਢਾਅ ਵਾਲਾ ਉਸਦਾ ਨਿਬੰਧ ਜਗਤਾਰ ਦੇ ਦੂਜੇ ਦੇ ਕੰਮ ਆਉਣ ਲਈ ਔਖ-ਸੌਖ ਕੱਟਣ ਦੀ ਗੱਲ ਵੀ ਕਰਦਾ ਹੈ ਅਤੇ ਉਸ ਦੀ ਕਵਿਤਾ ਦੇ ਵਿਕਾਸ ਦੀ ਥਹੁ ਵੀ ਦਿੰਦਾ ਹੈ। ਸਵਰਨ ਚੰਦਨ ਨਾਲ ਸੰਬੰਧਿਤ ਟੁਕੜੀ ਉਸ ਦੇ ਕਈ ਰੂਪ ਪੇਸ਼ ਕਰਦੀ ਹੈ। ਮਿਹਨਤ, ਉੱਚੀਆਂ ਆਕਾਂਖਿਆਵਾਂ, ਪਰਿਵਾਰ,



ਖਾਣ-ਪੀਣ, ਲਿਖਤ ਅਤੇ ਮਾਰੂ ਇਕੱਲ ਵਿਚ ਘਿਰੀ ਉਸ ਦੀ ਸ਼ਖ਼ਸੀਅਤ ਨਾਲ ਹੁੰਦਲ ਨੂੰ ਹਮਦਰਦੀ ਹੈ। ਸਰਬੇਰੀਆਕੋਵ ਵਾਲੇ ਵਿਅਕਤੀ ਚਿਤਰ ਵਿਚ ਹੁੰਦਲ ਦੱਸਦਾ ਹੈ ਕਿ ਉਹ ਵਧੀਆ ਬੁਲਾਰਾ ਨਹੀਂ ਸੀ। ਹੁੰਦਲ ਇਥੇ ਇਕ ਪਤੇ ਦੀ ਗੱਲ ਇਹ ਵੀ ਆਖਦਾ ਹੈ ਕਿ ਆਪਣੀ ਗੱਲ ਆਪਣੀ ਮਾਂ ਬੋਲੀ ਵਿਚ ਹੀ ਪ੍ਰਭਾਵਸ਼ੀਲ ਤਰੀਕੇ ਨਾਲ ਕਹੀ ਜਾ ਸਕਦੀ ਹੈ। ਅਜੀਤ ਸਤਿ ਭੰਵਰਾ ਵਾਲਾ ਵਿਅਕਤੀ ਚਿਤਰ ਪਰੰਪਰਾਗਤ ਰੇਖਾ ਚਿੱਤਰਾਂ ਦੀਆਂ ਲੀਹਾਂ ਉੱਤੇ ਤੁਰਦਾ ਹੋਇਆ ਚੁਣੇ ਗਏ ਪਾਤਰ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦੇ ਹੋਏ ਉਸ ਵਿਚ ਨਿਜ ਦੇ ਅੰਸ਼ ਨੂੰ ਸੰਮਲਿਤ ਕਰਦਾ ਹੈ। ਪ੍ਰੀਤਮ ਸਿੱਧੂ ਨਾਲ ਸੰਬੰਧਤ ਵਾਰਤਕ ਟੁਕੜੀ ਪ੍ਰੀਤਮ ਸਿੱਧੂ ਦੇ ਵਿਅਕਤੀਗਤ ਤੇ ਵਾਰਤਕ ਬਾਰੇ ਗੱਲ ਕਰਦੀ ਹੋਈ ਪੜ੍ਹਨਯੋਗ ਵਾਰਤਕ ਦੇ ਭੇਦ ਜਾਣਨ ਦਾ ਵੀ ਯਤਨ ਕਰਦੀ ਹੈ। ਕਵਿਤਾ ਦੀ ਵਾਪਸੀ ਵਾਲਾ ਵਾਰਤਕ ਟੋਟਾ ਸੰਤੋਖ ਸਿੰਘ ਦੇ ਮੁੜ ਕਵਿਤਾ ਨਾਲ ਜੁੜਨ ਦੀ ਉਮੀਦ ਨਾਲ ਮੁੱਕਦਾ ਹੈ। ਹੁੰਦਲ ਨੂੰ ਉਸ ਦੀ ਪ੍ਰਵਚਨ ਜਾਂ ਭਾਸ਼ਣ ਵਰਗੀ ਕਵਿਤਾ ਦਾ ਸੰਬੋਧਨ ਸੁਰ ਪਸੰਦ ਨਹੀਂ। ਉਹ ਚਾਹੁੰਦਾ ਹੈ ਕਿ ਕਵਿਤਾ ਅਕਵਿਤਾ ਨਾ ਬਣੇ, ਇਸ ਦੀ ਕਲਾਤਮਕਤਾ ਬਣੀ ਰਹੇ। ਇਹੋ ਜਿਹੀਆਂ ਸਾਹਿਤਕ ਜਾਂ ਵਿਚਾਰਧਾਰਾਈ ਮਹੱਤਵ ਵਾਲੀਆਂ ਅੰਤਰ-ਦ੍ਰਿਸ਼ਟੀਆਂ ਹੁੰਦਲ ਦੀ ਵਾਰਤਕ ਵਿਚ ਸਹਿਜੇ ਹੀ ਮਿਲ ਜਾਂਦੀਆਂ ਹਨ। ਬਲਦੇਵ ਬਾਵੇ ਨਾਲ ਸੰਬੰਧਤ ਲਿਖਤ ਵਿਚ ਉਹ ਬਾਵੇ ਨੂੰ ਉਸ ਦੀ ਕਵਿਤਾ ਵਿਚਲੇ ਉਲਾਰ ਤੋਂ ਸੁਚੇਤ ਕਰਦਾ ਹੈ ਅਤੇ ਕਹਿੰਦਾ ਹੈ ਕਿ ਸੁਹਿਰਦਤਾ ਦੀ ਨੀਂਹ ਉੱਤੇ ਉਸਰੀ ਦੋਸਤੀ ਦੀ ਉਮਰ ਲੰਬੀ ਹੁੰਦੀ ਹੈ। ਦਰਸ਼ਨ ਬੁਲੰਦਵੀ ਦੀ ਮੇਜ਼ਬਾਨੀ ਦੀ ਪ੍ਰਸ਼ੰਸਾ ਦੇ ਬਾਵਜੂਦ ਉਹ ਗ਼ਜ਼ਲ ਵਿਚ ਵਜ਼ਨ ਤੇ ਇਸਲਾਹ ਬਾਰੇ ਉਸ ਨੂੰ ਉਸਾਰੂ ਸੇਧ ਦਿੰਦਾ ਹੈ।

'ਚੁਰਸਤੇ ਵਿਚ ਖਲੋਤਾ' ਕਵੀ ਵੀ ਸ਼ੁਧ ਰੇਖਾ ਚਿਤਰ ਵਰਗੀ ਸ਼ੈਅ ਹੈ। ਹੋਰ ਗੱਲਾਂ ਦੇ ਨਾਲ-ਨਾਲ ਇਸ ਵਿਚ ਸਾਹਿਤ ਦੇ ਸਮਕਾਲੀ ਜਾਂ ਸਰਬਕਾਲੀ ਸਰੋਕਾਰਾਂ ਬਾਰੇ ਸੰਵਾਦ ਵੀ ਧਿਆਨ ਦੇਣ ਯੋਗ ਹੈ। ਹਰਬਖਸ਼ ਮਕਸੂਦਪੁਰੀ ਬਾਰੇ ਲਿਖਤ ਵੀ ਇਸੇ ਕਿਸਮ ਦੀ ਹੈ। ਸੰਤ ਦਾ ਡੇਰਾ ਰੂਪਕ ਨਾਲ ਉਸ ਨੇ ਮਕਸੂਦਪੁਰੀ ਦੀ ਆਲੋਚਨਾ ਦੇ ਸ਼ਖ਼ਸੀਅਤ ਦੇ ਸਾਰੇ ਪਾਸਾਰ ਉਜਾਗਰ ਕਰ ਦਿੱਤੇ ਹਨ। 'ਨਵੇਂ ਰਾਹਾਂ ਦੀ ਤਲਾਸ਼' ਦਾ ਕੇਂਦਰ ਗੁਰਨਾਮ ਢਿਲੋਂ ਹੈ ਜਿਸ ਦੀ ਸੰਘਰਸ਼ਸ਼ੀਲ ਜ਼ਿੰਦਗੀ ਵਿਚ ਕਵਿਤਾ ਅਜੇ ਵੀ ਜਿਉਂਦੀ ਹੈ। 'ਨੂਰ ਦਾ ਜਾਮ' ਇਸ ਪੁਸਤਕ ਵਿਚਲੇ ਸ਼ੁੱਧ ਰੇਖਾ ਚਿੱਤਰਾਂ ਵਿਚ ਸ਼ਾਮਲ ਕਰਨਾ ਸੰਭਵ ਹੈ। ਡਾ. ਰਮੇਸ਼ ਕੁੰਤਲ ਮੇਘ ਨਾਲ ਸੰਬੰਧਤ ਲਿਖਤ ਪੰਜਾਬੀ ਲੇਖਕਾਂ ਤੇ ਪੰਜਾਬ ਬਾਰੇ ਹਿੰਦੀ ਦੇ ਇਕ ਪ੍ਰੌੜ, ਪ੍ਰਗਤੀਵਾਦੀ ਚਿੰਤਕ ਦੇ ਵਿਚਾਰਾਂ ਤੋਂ ਅਵਗਤ ਕਰਵਾਉਂਦੀ ਹੈ। ਖਵਾਰ ਹੋਏ ਸਭ ਮਿਲਣਗੇ' ਵਿਚ ਇਲਿਆਸ ਘੁੰਮਣ ਨਾਲ ਨਿੱਠ ਕੇ ਮੁਲਾਕਾਤ ਕਰਨ ਦੇ ਯਤਨ ਦੀ ਕਹਾਣੀ ਸੁਣਾਉਂਦੇ-ਸੁਣਾਉਂਦੇ ਹੀ ਕਈ ਕੁਝ ਹੋਰ ਦੱਸ ਜਾਂਦਾ ਹੈ। ਸੁਰਿੰਦਰ ਕੌਰ ਨਾਲ ਗੁਜ਼ਾਰੇ ਦਿਨ ਦਾ ਬਿਰਤਾਂਤ ਪੰਜਾਬ ਦੇ ਲੋਕਾਂ ਦੇ ਦੁੱਖ-ਸੁਖ ਵਿਚ ਲੋਕ ਗੀਤਾਂ ਵਾਂਗ ਸ਼ਰੀਕ ਸੁਰਿੰਦਰ ਕੌਰ ਦੀ ਸ਼ਖ਼ਸੀਅਤ ਦੇ ਵਿਰਾਟ ਰੂਪ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਸਾਕਾਰ ਕਰਦਾ ਹੈ। 'ਚਾਚਾ ਜੀ' ਦੇ ਬੇਨਾਮ ਪਾਤਰ ਦਾ ਵਿਅਕਤੀ ਚਿੱਤਰ ਪੰਜਾਬ ਸੰਕਟ ਦੇ ਦਿਨਾਂ ਦਾ ਸੰਪੂਰਨ ਗਲਪੀ ਚਿਤਰ ਹੈ। ਬਾਇਰਨ ਦੇ ਬਾਗਾਂ ਵਿਚ ਆਪਣੀ ਫੇਰੀ ਦਾ ਬਿਰਤਾਂਤ ਲਿਖ ਕੇ ਹੁੰਦਲ ਨੇ ਪੰਜਾਬੀਆਂ ਨੂੰ ਅੰਗਰੇਜ਼ਾਂ ਵਾਂਗ ਆਪਣੇ ਵਿਰਸੇ ਨੂੰ ਸੰਭਾਲਣ ਲਈ ਸੁਚੇਤ ਕੀਤਾ ਹੈ।

ਰੰਗਾਂ ਦਾ ਗੀਤ, ਰੰਗਾਂ ਦਾ ਰਿਸ਼ਤਾ ਤੇ ਪੰਜਾਬਣ ਦਾ ਪੋਰਟਰੇਟ ਵਿਚ ਹੁੰਦਲ ਨੇ ਜਰਨੈਲ ਸਿੰਘ ਚਿੱਤਰਕਾਰ ਦੀ ਸ਼ਖ਼ਸੀਅਤ ਦੇ ਨਾਲ-ਨਾਲ ਚਿੱਤਰਕਲਾ ਦੇ ਪੰਜਾਬ ਦੇ ਸਭਿਆਚਾਰ ਬਾਰੇ ਵੀ ਸੂਝਵਾਨ ਟਿੱਪਣੀਆਂ ਕੀਤੀਆਂ ਹਨ। ਚਿੰਤਨ ਦੀ ਦੁਨੀਆ ਵਿਚ ਸੰਵਾਦ ਦੇ ਪੱਖੋਂ ਡਾ. ਗੁਰਭਗਤ ਸਿੰਘ ਨਾਲ ਮੁਲਾਕਾਤ ਹੁੰਦਲ ਨੇ ਸੁਹਿਰਦਤਾ ਨਾਲ ਪੇਸ਼ ਕੀਤੀ ਹੈ। ਵਿਚਾਰਧਾਰਾਈ, ਨਿਖੇੜੇ ਦੇ ਬਾਵਜੂਦ ਉਸ ਨੇ ਗੁਰਭਗਤ ਸਿੰਘ ਨਾਲ ਇਨਸਾਫ ਕੀਤਾ ਹੈ। 'ਠੱਗ ਪ੍ਰਕਾਸ਼ਕ? ' ਵਿਚ ਹੁੰਦਲ ਨੇ ਇਹੀ ਇਨਸਾਫ਼ ਪਹਿਲੀ ਨਜ਼ਰੇ ਠੱਗ ਦਿਸਦੇ ਇਕ ਪ੍ਰਕਾਸ਼ਕ ਦੀ ਸੁਹਿਰਦਤਾ ਨੂੰ ਉਜਾਗਰ ਕਰਕੇ ਕੀਤਾ ਹੈ। 'ਸੱਜਣ ਸੁਹੇਲ' ਇਸ ਸੰਗ੍ਰਹਿ ਦੀ ਅੰਤਿਮ ਵਾਰਤਕ ਟੁਕੜੀ ਹੈ ਜੋ ਨਿਡਰ ਤੇ ਲੋਕ-ਪੱਖੀ ਪੱਤਰਕਾਰ ਸੁਹੇਲ ਦੀ ਸ਼ਖ਼ਸੀਅਤ ਨੂੰ ਨਿਜੀ ਤੇ ਮਾਰਮਿਕ ਛੋਹਾਂ ਨਾਲ ਉਭਾਰਦੀ ਹੈ।

'ਘੁੰਮਦੇ-ਫਿਰਦਿਆਂ' ਸਹਿਜੇ ਹੀ ਸਮੇਂ-ਸਮੇਂ ਸੰਪਰਕ ਵਿਚ ਆਉਂਦੇ ਰਹੇ ਵਿਅਕਤੀਆਂ ਬਾਰੇ ਲਿਖੇ

ਗਏ ਇਹ ਰੇਖਾ ਚਿਤਰ ਅਤੇ ਮੁਲਾਕਾਤਾਂ ਦੇ ਬਿਰਤਾਂਤ ਪੜ੍ਹਨਯੋਗ ਤਾਂ ਹਨ ਹੀ ਥਾਂ-ਥਾਂ ਖਿਲਰੀਆਂ ਸਾਹਿਤਕ ਤੇ ਵਿਚਾਰਧਾਰਕ ਮਹੱਤਵ ਵਾਲੀਆਂ ਉਸਾਰੂ ਅੰਤਰ ਦ੍ਰਿਸ਼ਟੀਆਂ ਕਾਰਨ ਵੀ ਮੁੱਲਵਾਨ ਹਨ।

**- ਡਾ. ਕੁਲਦੀਪ ਸਿੰਘ ਧੀਰ**

## ਰੁੱਤ ਕਰੁੱਤੀ (ਬਲਜੀਤ ਬੱਲੀ)

ਬੱਲੀ ਦੀ ਰਚਨਾ ਰੁੱਤ ਕਰੁੱਤੀ ਵਿਚ ਕੁੱਲ ਸੱਤ ਕਹਾਣੀਆਂ ਹਨ। ਇਹ ਰਚਨਾ ਕਥਾ ਵਿਧੀ ਦੇ ਪਿੜ ਵਿਚ ਨਵਾਂ ਤਜਰਬਾ ਕਿਹਾ ਜਾ ਸਕਦਾ ਹੈ। ਰਚਨਾ ਦੀ ਪਹਿਲੀ ਸਤਰ ਹੀ 'ਤਜਰਬੇ ਕਰਨੇ ਜਾਂ ਤਜਰਬਿਆਂ 'ਚੋਂ ਲੰਘਣਾ ਹੀ ਜੀਵਨ ਹੈ।' ਇਸ ਦੀ ਪੁਸ਼ਟੀ ਕਰਦੀ ਹੈ ਕਿ ਲੇਖਿਕਾ ਇਕ ਨਵੀਂ ਲੀਹ ਪਾਉਣ ਵੱਲ ਅਹੁਲਦੀ ਹੈ। ਹਰ ਕਹਾਣੀ ਆਪਣੇ ਵੱਖਰੇ ਅੰਦਾਜ਼ ਨਾਲ ਅੰਦਰਲੀ ਵਿਵਸਥਾ ਦਾ ਉਲੇਖ ਸਿਰਜਦੀ ਹੈ ਜਿਵੇਂ 'ਝੁੰਗਲਮਾਟਾ' ਕਹਾਣੀ ਮਨ ਵਿਚਲੀਆਂ ਸਾਰੀਆਂ ਉਲਝੀਆਂ ਤੰਦਾਂ ਨੂੰ ਸੁਲਝਾ ਲੈਣ ਦੀ ਨਿਰਾਰਥਕ ਕੋਸ਼ਿਸ਼ 'ਤੇ ਹੈ। ਪਾਤਰ ਮਨ ਬਾਹਰ ਦਿਸਦੇ ਜਗਤ ਤੋਂ ਨਿਰਾਸ਼ ਕਦੇ ਰਾਜਨੀਤੀ ਨੂੰ ਸੰਵਾਰ ਕੇ ਸਮੁੱਚੇ ਸਮਾਜ ਦਾ ਪੁਨਰ ਸਿਰਜਣ ਕਰਨਾ ਲੋਚਦਾ ਹੈ ਕਦੇ ਭਵਿੱਖ ਦੀਆਂ ਤੰਦਾਂ ਦਾ ਕੋਈ ਗਵਾਚਾ ਸਿਰਾ ਤਲਾਸ਼ਦਾ ਹੈ। ਇਉਂ ਪਾਤਰ ਮਨ ਦੀ ਅਜਿਹੀ ਰਲਗੱਡਤਾ ਬਾਹਰਲੇ ਰੋਲ-ਘਚੋਲੇ ਤੋਂ ਔਕਿਆ ਹੋਇਆ ਆਪਣੇ ਅੰਦਰ ਹੀ ਰੋਲ-ਘਚੋਲਾ ਪਾ ਬੈਠਦਾ ਹੈ। ਟੀ. ਵੀ. ਦੇ ਦ੍ਰਿਸ਼ਾਂ ਵਿਚ ਡਾਇਨਾਸੋਰ ਤਬਾਹੀ ਦਾ ਪ੍ਰਤੀਕ ਸਮੁੱਚੇ ਸੰਸਾਰ ਦੀ ਉਥਲ ਪੁਥਲਤਾ ਨੂੰ ਦਰਸਾ ਜਾਂਦਾ ਹੈ। 'ਮੋਢਾ' ਕਹਾਣੀ 'ਚ ਨਿਰਾਸ਼ ਮਨ ਤਿਨਕੇ ਦੇ ਸਹਾਰੇ ਨੂੰ ਉਡੀਕਦੇ ਪਾਤਰ ਦੀ ਗਾਥਾ ਹੈ ਜੋ ਇਕੱਲਿਆਂ ਜੂਨ ਹੰਢਾਉਂਦਾ ਮਾਰੂਥਲ ਜਿਹਾ ਸੀਨਾ ਚੁੱਕੀ ਫਿਰਦਾ ਅਜਿਹਾ ਪਾਤਰ ਹੈ ਹਰ ਸਮੇਂ ਮੋਢਾ (ਅਰਥੀ ਨੂੰ ਨਹੀਂ ਜ਼ਿੰਦਗੀ ਨੂੰ) ਆਸਰੇ ਵਜੋਂ ਭਾਲਦਾ ਹੈ। ਕਹਾਣੀ ਦੇ ਅਖੀਰ ਵਿਚ ਇਹ ਕਹਿਣਾ ਕਿ 'ਅੱਜ ਗੋਡਿਆਂ ਨਾਲੋਂ ਮੋਢੇ ਦੀ ਲੋੜ ਹੈ।' ਇਹ ਦੇਹੀ ਸ਼ਕਤੀ ਦੇ ਖੀਣ ਹੋਣ 'ਤੇ ਝੂਰਨ ਦੀ ਸਥਿਤੀ ਹੈ। 'ਵਿੱਲ' ਤੇ 'ਭਾਰਮੁਕਤ' ਕਹਾਣੀਆਂ ਉਮਰ ਦੇ ਪਿਛਲੇ ਪਹਿਰ ਨੂੰ ਮੁਖ਼ਾਤਿਬ ਕਹਾਣੀਆਂ ਹਨ। ਇਹ ਉਮਰ ਦੇ ਢਲਾਣ ਉਤਰਨ ਦੀ ਬਾਤ ਪਾਉਂਦੀਆਂ ਹਨ। ਜਿੱਥੇ ਮਨ ਕੁਝ ਨਾ ਕੁਝ ਕਰ ਗੁਜ਼ਰਨ ਦੀ ਸੋਚਦਾ ਹੈ। ਪਰ ਦੇਹੀ ਉਸਦੇ ਸਾਥ ਤੋਂ ਅਸਮਰਥ ਹੈ। ਬਿਮਾਰ ਪਾਤਰ ਦੀ ਮਾਨਸਿਕਤਾ ਯਾਦਾਂ ਹਵਾਲੇ ਹੋਈ ਕਿਸੇ ਹੁੰਗਾਰੇ ਦੀ ਤਲਾਸ਼ ਵਿਚ ਹੈ। ਜਿਵੇਂ ਡਿਗਦੀ ਛੱਤ ਨੂੰ ਕੱਚੀਆਂ ਥੰਮ੍ਹੀਆਂ ਦੇ ਕੇ ਡਿੱਗਣੋਂ ਰੋਕਿਆ ਇਹ ਪਤਾ ਹੁੰਦਾ ਹੈ ਕਿ ਇਹ ਆਸਰਾ ਛਿਣ ਭੰਗਰਾ ਹੀ ਹੈ। ਇਸ ਗੱਲ ਦਾ ਅਹਿਸਾਸ ਹਸਪਤਾਲ ਬਿਮਾਰ ਪਏ ਪਾਤਰ ਨੂੰ ਹੋਈਆਂ ਬੀਤੀਆਂ ਫਰੋਲਣ ਲਗਾ ਦਿੰਦਾ ਹੈ। ਇਨ੍ਹਾਂ ਕਹਾਣੀਆਂ ਦੇ ਸਾਰੇ ਪਾਤਰ ਹੀ ਹੋਈ ਬੀਤੀ ਨੂੰ ਉਲੱਦ ਕੇ ਨਵੇਂ ਸਿਰਿਓਂ ਉਲੀਕਣ ਦੀ ਸੱਧਰ ਰੱਖਦੇ ਹਨ। ਸਾਰੀਆਂ ਕਹਾਣੀਆਂ ਹੀ ਇਸ ਨੁਕਤੇ 'ਤੇ ਕੇਂਦਰਿਤ ਹੋਈਆਂ ਹਨ ਕਿ ਗਿਆ ਸਮਾਂ ਹੱਥ ਨਹੀਂ ਆਉਂਦਾ। ਇਸਦਾ ਸਦਉਪਯੋਗ ਜਾਂ ਦੁਰਉਪਯੋਗ ਹਰ ਮਨੁੱਖ ਦੀਆਂ ਸੋਚਾਂ 'ਤੇ ਹਮੇਸ਼ਾ ਭਾਰੂ ਰਹਿੰਦਾ ਹੈ।

ਇਸ ਪੁਸਤਕ ਦੀਆਂ ਸਾਰੀਆਂ ਕਹਾਣੀਆਂ ਹੀ ਮੈਂ ਤੋਂ ਮੈਂ ਤੱਕ ਦਾ ਸਫਰ ਹਨ। ਇਹ ਕਹਾਣੀਆਂ ਮੈਂ ਦੀ ਪਰਿਕਰਮਾ ਦਾ ਇਤਿਹਾਸ ਹਨ। ਕਿਸੇ ਕਹਾਣੀ ਵਿਚ ਲੇਖਿਕਾ ਇਹ ਨਹੀਂ ਭੁਲਦੀ ਕਿ ਮੈਂ ਲੇਖਿਕਾ ਹਾਂ। ਸੋ ਇਸ ਲਿਖਤ ਦੇ ਸਭ ਸ਼ਬਦਾਂ ਵਿਚ ਸੁਚੇਤ ਕਲਾਕਾਰ ਆਪ ਬਿਰਾਜਮਾਨ ਹੈ। ਕਿਤੇ-ਕਿਤੇ ਉਸ ਦੀ ਅਜਿਹੀ ਚੇਤਨਤਾ ਕਹਾਣੀ ਕਲਾ ਨੂੰ ਠੇਸ ਵੀ ਲਾਉਂਦੀ ਹੈ, ਜਿੱਥੇ ਉਹ ਕਹਾਣੀ ਬਿਆਨ ਕਰਨ ਦੀ ਥਾਂ ਜਾਂ ਬਾਤ ਰੋਕ ਕੇ ਕਹਾਣੀ ਬਾਰੇ ਬਿਆਨ ਕਰਦੀ ਹੈ। ਇਸ ਦਾ ਸਭ ਤੋਂ ਵੱਡਾ ਸਬੂਤ 'ਰੱਦ ਸਫ਼ਾ' ਕਹਾਣੀ ਕਹੀ ਜਾ ਸਕਦੀ ਹੈ। ਇਸ ਰਚਨਾ ਨੂੰ ਕਹਾਣੀ ਦੀ ਥਾਂ ਕਹਾਣੀ ਦੀ ਕਹਾਣੀ ਕਿਹਾ ਜਾਵੇ ਤਾਂ ਵਧੇਰੇ ਠੀਕ ਹੋਵੇਗਾ। ਇਸ ਵਿਚ ਲੇਖਿਕਾ ਦਾ ਲੇਖਕ ਹੋਣਾ ਤਾਂ ਇਕ ਪਾਸੇ ਰਿਹਾ ਕਹਾਣੀਆਂ ਦੇ ਸਿਰਲੇਖ ਵੀ ਉਸਦੇ ਅੱਖੋਂ ਓਹਲੇ ਨਹੀਂ ਹੁੰਦੇ। ਇਉਂ ਲੱਗਦਾ ਹੈ ਕਿ ਸ਼ਬਦਾਂ ਅਤੇ ਅਰਥਾਂ ਤੋਂ ਪਾਰ ਲੇਖਿਕਾ ਆਪਣੇ ਆਪ ਬਾਰੇ ਆਪਣੀ ਲਿਖਤ ਬਾਰੇ ਜਾਂ ਜਿਨ੍ਹਾਂ ਬਾਰੇ ਲਿਖ ਰਹੀ ਹੈ, ਉਹ ਸੁਚੇਤ ਯਤਨ ਰਾਹੀਂ ਉਸ ਕੋਲ ਹਾਜ਼ਰ ਨਾਜ਼ਰ ਰਹੇ ਹਨ। ਕਿਤੇ-ਕਿਤੇ ਤਾਂ ਕਹਾਣੀਕਾਰਾ ਕਹਾਣੀ ਲਿਖਣ ਬਾਰੇ, ਪਾਤਰਾਂ ਬਾਰੇ ਜਾਂ ਪਾਠਕ ਮਨ 'ਤੇ ਪੈਂਦੇ ਪ੍ਰਭਾਵ ਵਧੇਰੇ ਸੰਵਾਦ ਵੀ ਕਰਦੀ ਹੈ - ਜਿਵੇਂ "ਲਿਖਣ ਬੈਠੀ ਤਾਂ ਅਚਾਨਕ 'ਇਹ' ਘਟਨਾ ਵਾਪਰ ਗਈ.....। ਤੁਹਾਨੂੰ ਦੱਸਿਆ ਹੈ ਨਾ ਘਟਨਾ ਵੀ ਕਾਹਦੀ - ਇੱਕ ਨਿੱਕੀ ਜਿਹੀ ਗੱਲ ਆ। ਹੋ ਸਕਦਾ ਹੈ



ਤੁਸੀਂ ਮੇਰੀ ਇਹ ਗੱਲ ਸੁਣਨ ਪਿੱਛੋਂ ਮੈਨੂੰ ਆਖੋ ਕਿ ਮੈਂ 'ਰਾਈ ਦਾ ਪਹਾੜ' ਜਾਂ 'ਬਾਤ ਦਾ ਬਤੰਗੜ' ਬਣਾ ਰਹੀ ਹਾਂ। ਹੋ ਸਕਦਾ ਹੈ ਕਿ ਤੁਸੀਂ ਇਸ ਕਹਾਣੀ ਬਾਰੇ ਇਹ ਫਤਵਾ ਵੀ ਦਿਓ ਕਿ 'ਪੱਟਿਆ ਪਹਾੜ ਤੇ ਨਿਕਲਿਆ ਚੂਹਾ।' (ਪੰਨਾ 113)

ਇਉਂ ਲੇਖਿਕਾ ਪਾਠਕਾਂ ਨੂੰ ਵੀ ਸੰਵਾਦ ਰਾਹੀਂ ਨਾਲ ਲੈ ਤੁਰੀ ਹੈ। ਕਹਾਣੀ ਕਲਾ ਦੀ ਇਹ ਨਵੀਂ ਵਿਧੀ ਹੈ। ਇਸ ਬਾਰੇ ਮੈਂ ਅਲਪ ਗਿਆਨ ਹੋਣ ਕਾਰਨ ਕੁਝ ਨਹੀਂ ਆਖ ਸਕਦੀ? । ਕਹਾਣੀ ਦਾ ਅਜਿਹਾ ਆਰੰਭ ਪਾਠਕ ਮਨ ਨੂੰ ਸਿੱਧਾ ਘਟਨਾ ਵਿਚ ਪ੍ਰਵੇਸ਼ ਨਹੀਂ ਕਰਵਾਉਂਦਾ ਸਗੋਂ ਇੱਕ ਵਾਤਾਵਰਣ ਬੰਨ੍ਹਦਾ ਹੈ, ਤਿਆਰੀ ਕਰਵਾਉਂਦਾ ਹੈ। ਜਿਵੇਂ ਕੋਈ ਪੈਸੇ ਮੰਗਣ ਆਇਆ ਪਹਿਲਾਂ ਤੁਹਾਡੇ ਭਾਂਡਿਆਂ ਦੀ ਲੀੜੇ ਕੱਪੜੇ ਦੀ ਤਾਰੀਫ ਕਰੀ ਜਾਵੇ ਤੇ ਤੁਸੀਂ ਸੋਚੀ ਜਾਵੋ ਕਿ ਇਹਨੇ ਮੰਗ ਕੀ ਰੱਖਣੀ ਹੋਈ? ਇਸ ਨਵੀਂ ਵਿਧਾ ਦੀ ਤਾਰੀਫ ਕਰਨੀ ਬਣਦੀ ਹੈ। ਘੱਟੋ-ਘੱਟ ਇਹ ਮੇਰੀ ਤਾਂ ਵੱਸੋ ਬਾਹਰ ਹੈ। ਮੇਰਾ ਮਨ ਕਾਹਲਾ ਪੈ ਜਾਂਦਾ ਹੈ, ਸਿੱਧਾ ਘਟਨਾ ਨੂੰ ਹੱਥ ਪਾ ਲੈਣਾ ਸ਼ਾਇਦ ਮੇਰੀ ਮਜਬੂਰੀ ਹੋ ਜਾਂਦੀ ਹੈ। ਘੁਮਾ ਫਿਰਾ ਕੇ ਗੱਲ ਕਰਨ ਦਾ ਅੰਦਾਜ਼ ਅੱਜ ਦੇ ਯੁੱਗ ਦੀ ਮੰਗ ਹੈ। ਮਾਰਕੀਟ ਦਾ ਇਹ ਅਸੂਲ ਹੈ ਕਿ ਅਗਲੇ ਦੀ ਮਾਨਸਿਕਤਾ ਤੋਂ ਪਹਿਲਾਂ ਹਾਮੀ ਭਰਵਾਓ। ਇਸ ਵਿਚ ਬੱਲੀ ਸਫਲ ਹੈ। ਸਾਰੀਆਂ ਕਹਾਣੀਆਂ ਮਨ ਅੰਦਰ ਕਲਵਲ ਹੁੰਦੇ ਵਿਚਾਰਾਂ ਦੀਆਂ ਨਹੀਂ ਸਗੋਂ ਢਲਾਣ ਉਤਰਦੇ, ਉਬਾਲ ਦੇ ਹੇਠਾਂ ਨੂੰ ਆਉਂਦੇ ਰੁਖ਼ ਦੀ ਹਾਮੀ ਭਰਦੀਆਂ ਹਨ। ਇਕੱਲਤਾ ਹੰਢਾ ਰਹੇ ਅਜਿਹੇ ਪਾਤਰ ਦੀ ਤਸਵੀਰ ਹਨ ਜੋ ਉਜਾੜ ਬੀਆਬਾਨ ਵਿਚ ਖੜਸੁੱਕ ਹੋਇਆ ਰੁੱਖ ਹੋਵੇ। ਜਿਸਦੀ ਕਿਸੇ ਨੇ ਛਾਂ ਨਾਲ ਮਾਨਣੀ ਹੋਵੇ, ਕਿਸੇ ਨੇ ਪਾਣੀ ਨਾ ਲਾਉਣਾ ਹੋਵੇ, ਗੋਡੀ ਨਾ ਕਰਨੀ ਹੋਵੇ। ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਵਿਉਂਤਣਾ ਲੋਚਦੇ ਇਹ ਪਾਤਰ ਲੰਘ ਚੁੱਕੇ 'ਤੇ ਝੂਰਦੇ ਹਨ। ਜ਼ਿੰਦਗੀ ਨੂੰ ਨਵੇਂ ਸਿਰਿਓਂ ਵਿਉਂਤਣ ਦੀ ਲਾਲਸਾ ਦਾ ਅਧੂਰਾ ਰਹਿ ਜਾਣਾ ਹੀ ਇਨ੍ਹਾਂ ਕਹਾਣੀਆਂ ਦਾ ਕੇਂਦਰੀ ਨੁਕਤਾ ਕਿਹਾ ਜਾ ਸਕਦਾ ਹੈ। ਇਨ੍ਹਾਂ ਰਾਹੀਂ ਔਰਤ ਮਰਦ ਦੇ ਰਿਸ਼ਤੇ ਨੂੰ ਇੱਕ ਵੱਖਰੇ ਕੋਨ ਤੋਂ ਵਿਚਾਰਨ ਦਾ ਦਾਅਵਾ ਹੈ। ਕਿਤੇ-ਕਿਤੇ ਪਾਤਰ ਵਰਤਮਾਨ ਸਥਿਤੀ ਤੋਂ ਲੰਘ ਚੁੱਕੇ ਵਕਤ ਵਿਚ ਜਾਂਦਾ ਹੋਇਆ ਉੱਕਾ ਹੀ ਵਿਸਰ ਜਾਂਦਾ ਹੈ ਕਿ ਉਸਨੇ ਲੰਘ ਚਲੇ ਪਲਾਂ ਦਾ ਕੀ ਕਰਨਾ ਹੈ? ਪਾਤਰ ਦਾ ਇਉਂ ਦੋ ਵਕਤਾਂ ਵਿਚ ਜਿਊਣ ਦੀ ਵੱਡੀ ਮਿਸਾਲ ਸਮੁੰਦਰ ਕੰਢੇ ਕਹਾਣੀ ਹੈ ਜਿੱਥੇ ਸੋਚਾਂ ਵਿਚ ਗਲਤਾਨ ਪਾਤਰ ਨੂੰ 'ਊਨਾ ਪਠਾਨਕੋਟ ! ਊਨਾ ਪਠਾਨਕੋਟ' ਦਾ ਹੋਕਾ ਹਲੂਣਾ ਮਾਰਕੇ ਵਾਪਸ ਲੈ ਆਉਂਦਾ ਹੈ। ਪਾਤਰ ਦੀ ਮਾਨਸਿਕਤਾ ਨੂੰ ਇਉਂ ਉਲੀਕਣਾ ਬੱਲੀ ਦੀ ਪ੍ਰਾਪਤੀ ਹੈ। ਇਹ ਕਹਾਣੀਆਂ ਬਿਮਾਰੀ, ਬੁਢਾਪਾ, ਇਕਲਾਪਾ ਜਾਂ ਕੱਟੀ ਹੋਈ ਜ਼ਿੰਦਗੀ ਵਿਚ ਨਿਰਾਸ਼ ਹੋਏ ਲੋਕਾਂ ਦੀ ਗਾਥਾ ਹੈ ਜਿਨ੍ਹਾਂ ਬਾਰੇ ਤੰਦਰੁਸਤ ਅਤੇ ਭਰੇ-ਭਕੁੰਨੇ ਘਰਾਂ ਦੇ ਵਾਸੀ ਗੌਲਦੇ ਹੀ ਨਹੀਂ। ਅੱਜ ਦੀ ਜ਼ਿੰਦਗੀ ਅਜਿਹੇ ਲੋਕਾਂ ਵਿਚ ਨਿੱਤ ਵਾਧਾ ਕਰ ਰਹੀ ਹੈ। ਲੋਕ ਹਵਾ ਭਰੇ ਲਿਫਾਫਿਆਂ ਵਰਗੀ ਜੂਨ ਹੰਢਾਉਂਦੇ ਉਪਰੋਂ ਹੱਸਦੇ ਅੰਦਰੋਂ ਤਿੜਕੇ ਹੋਏ ਹਨ। ਹਾਸ਼ੀਏ 'ਤੇ ਵਿਚਰਦੇ ਅਜਿਹੇ ਪਾਤਰਾਂ ਬਾਰੇ ਲਿਖ ਕੇ ਲੇਖਿਕਾ ਨੇ ਪੁੰਨ ਦਾ ਕੰਮ ਕੀਤਾ ਹੈ। ਇਹ ਅੱਖਰ ਅਜਿਹੇ ਪੀੜਤ ਲੋਕਾਂ ਲਈ ਇੱਕ ਰਾਹਤ ਹੈ। ਮੈਂ ਦੁਆ ਕਰਦੀ ਹਾਂ ਤੇ ਮੈਨੂੰ ਉਮੀਦ ਵੀ ਹੈ ਕਿ ਪਾਠਕ ਇਸ ਦਾ ਸਵਾਗਤ ਕਰਨਗੇ ਕਿਉਂ ਜੋ ਉਪਰ ਦੀ ਢਲਾਣ 'ਤੇ ਜਾਂਦੇ ਅਜਿਹੀ ਸਥਿਤੀ ਨੂੰ ਨੇੜੇ ਆਉਂਦੀ ਵਿਚਾਰ ਕੇ ਅਤੇ ਹੋਰ ਲੋਕ ਆਉਣ ਵਾਲੀ ਉਮਰ ਦਾ ਅਨੁਮਾਨ ਲਗਾ ਕੇ ਇਸ ਰਾਹਤ ਨੂੰ ਆਪਣੀ ਰਾਹਤ ਕਰਕੇ ਪਛਾਨਣਗੇ।

**- ਪ੍ਰੋ. ਬਲਵਿੰਦਰ ਕੌਰ ਬਰਾੜ - ਪਟਿਆਲਾ**

## ਕਿਣਕੇ ਦੀ ਕਾਇਨਾਤ (ਸੁਰਿੰਦਰਜੀਤ ਕੌਰ)

ਸੁਰਿੰਦਰਜੀਤ ਪੰਜਾਬੀ ਕਾਵਿ-ਖੇਤਰ ਵਿਚ ਇੱਕ ਨਵਾਂ ਨਾਮ ਹੈ। ਉਹ ਆਪਣੀ ਜ਼ਿੰਦਗੀ ਵਿਚ ਪੰਜਾਬ ਦੇ ਮੁਲਾਜ਼ਮ ਵਰਗ ਦੀਆਂ ਜਥੇਬੰਦੀਆਂ ਵਿਚ ਦੇਰ ਤੋਂ ਕੰਮ ਕਰਦੀ ਆ ਰਹੀ ਹੈ। ਹਥਲਾ ਸੰਗ੍ਰਹਿ ਉਸ ਦਾ ਦੂਜਾ ਸੰਗ੍ਰਹਿ ਹੈ। ਕੁਝ ਨਿੱਕੀਆਂ ਕਵਿਤਾਵਾਂ ਦੇ ਨਾਲ ਉਸ ਦੇ ਇਸ ਸੰਗ੍ਰਹਿ ਵਿਚ ਚਾਰ ਲੰਮੀਆਂ ਕਵਿਤਾਵਾਂ ਹਨ। ਇਹ ਚਾਰੇ ਕਵਿਤਾਵਾਂ ਇਸ ਪੁਸਤਕ ਦੇ ਬਹੁ-ਗਿਣਤੀ ਪੰਨਿਆਂ ਉੱਤੇ ਫੈਲੀਆਂ ਹੋਈਆਂ ਹਨ। 'ਕਬੀਰਾ' ਉਸ ਦੀ ਇਸ ਸੰਗ੍ਰਹਿ ਦੀ ਸਭ ਤੋਂ ਗੰਭੀਰ ਵਿਅੰਗਾਤਮਿਕ ਕਵਿਤਾ ਹੈ। ਭਗਤ ਕਬੀਰ ਦੀ ਬਾਣੀ ਵਿਚ ਵਧੇਰੇ ਕਰਕੇ ਸਮਾਜਿਕ, ਧਾਰਮਿਕ, ਗਲਤ ਮਨੌਤਾਂ ਅਤੇ ਵਿਸ਼ਵਾਸਾਂ ਉੱਤੇ

ਤਿੱਖਾ ਵਿਅੰਗ ਹੁੰਦਾ ਹੈ। ਪਰ ਲੇਖਿਕਾ ਨੇ ਬਹੁਤ ਹੀ ਨਰਮ ਅਤੇ ਸੂਖਮ ਢੰਗ ਨਾਲ ਗੱਲ ਸਿਰੇ ਚਾੜ੍ਹੀ ਹੈ। ਉਸਦਾ ਵਿਅੰਗ ਕਬੀਰ ਜਿੰਨਾ ਡੂੰਘਾ ਨਹੀਂ। ਦੂਸਰੀ ਕਵਿਤਾ 'ਸੋਲਾਂ ਸੁਹਾਗਣਾਂ' ਹੈ। ਇਸ ਵਿਚ ਔਰਤ ਦੇ ਵੱਖ-ਵੱਖ ਰੂਪ ਵਿਖਾ ਕੇ ਇਸਤਰੀ ਦੀ ਦੁਰਦਸ਼ਾ ਦਾ ਵਰਣਨ ਕੀਤਾ ਹੈ। ਭਾਵੇਂ ਇਹ ਗੰਭੀਰ ਭਾਂਤ ਦੀ ਸਮਾਜਿਕ ਕਵਿਤਾ ਹੈ, ਪਰ ਸੁਰਿੰਦਰ ਹਰ ਸਮਾਜਿਕ ਮਸਲੇ ਉੱਤੇ ਰੁਮਾਂਸ ਦਾ ਏਨਾ ਗੂੜ੍ਹਾ ਰੰਗ ਚਾੜ੍ਹ ਦਿੰਦੀ ਹੈ ਕਿ ਕਵਿਤਾ ਦੇ ਸਮਾਜਿਕ ਅਰਥ ਧੁੰਦਲੇ ਪੈ ਜਾਂਦੇ ਹਨ।

'ਬੋਲ ਮਿੱਟੀ ਦੀਏ ਮੂਰਤੇ' ਵੀ ਲੰਮੀ ਕਵਿਤਾ ਹੈ, ਜੋ ਔਰਤ ਦੀਆਂ ਰੀਝਾਂ ਦਾ ਰੋਮਾਂਟਿਕ ਵਰਣਨ ਕਰਦੀ ਹੈ। 'ਸੰਮੀ ਦੇ ਢੋਲ' ਇਸ ਸੰਗ੍ਰਹਿ ਦੀ ਸਭ ਤੋਂ ਲੰਮੇਰੀ ਕਵਿਤਾ ਹੈ। ਇਸ ਦੇ ਬਹੁਤੇ ਬੰਦਾਂ ਵਿਚ ਸੰਮੀ ਤੇ ਢੋਲਾ ਇਕ ਦੂਜੇ ਦੀ ਜਵਾਨੀ ਤੇ ਸੁੰਦਰਤਾ ਦਾ ਵਰਣਨ ਬੜਾ ਵਧਾ-ਚੜ੍ਹਾ ਕੇ ਕਰਦੇ ਹਨ। ਇਸ ਵਿਚੋਂ ਕੋਈ ਸਮਾਜਿਕ ਮਨੋਰਥ ਘੱਟ ਹੀ ਉਘੜਦਾ ਦਿਸਦਾ ਹੈ। ਉਪਰਲੀਆਂ ਚਾਰੇ ਕਵਿਤਾਵਾਂ ਵਿਚ ਲੇਖਿਕਾ ਦੀ ਰੋਮਾਂਟਿਕ ਦ੍ਰਿਸ਼ਟੀ ਉਸ ਦੇ ਕਾਵਿ-ਮਨੋਰਥ ਨੂੰ ਪੂਰੀ ਤਰ੍ਹਾਂ ਸਪੱਸ਼ਟ ਤੇ ਉਜਾਗਰ ਨਹੀਂ ਹੋਣ ਦਿੰਦੀ। ਨਵੀਂ ਪੰਜਾਬੀ ਕਵਿਤਾ ਦੇ ਗੰਭੀਰ ਪਾਠਕਾਂ ਤੇ ਲੇਖਕਾਂ ਵਿਚ ਆਪਣਾ ਜ਼ਿਕਰਯੋਗ ਸਥਾਨ ਗ੍ਰਹਿਣ ਕਰਨ ਲਈ ਇਸ ਨਵੀਂ ਕਵਿੱਤਰੀ ਨੂੰ ਹਾਲੇ ਹੋਰ ਅਭਿਆਸ, ਅਧਿਐਨ ਅਤੇ ਗੰਭੀਰ ਵਿਚਾਰ-ਵਟਾਂਦਰੇ ਦੀ ਲੋੜ ਹੈ ਅਤੇ ਉਸ ਨੂੰ ਸਮਾਜਿਕ ਯਥਾਰਥ ਨੂੰ ਉਸ ਦੇ ਕਰੂਰ ਤੇ ਤਲਖ ਰੂਪ ਵਿਚ ਪੇਸ਼ ਕਰਨ ਦੀ ਕਲਾ ਸਿੱਖਣੀ ਪਵੇਗੀ। ਅਜੇ ਉਹ ਹਰ ਗੰਭੀਰ ਤੋਂ ਗੰਭੀਰ ਮਸਲੇ ਨੂੰ ਰੋਮਾਂਸ ਦੇ ਰੰਗ ਵਿਚ ਰੰਗ ਕੇ, ਉਸ ਦੇ ਪ੍ਰਭਾਵ ਨੂੰ ਖੁੰਡਾ ਤੇ ਧੁੰਧਲਾ ਕਰ ਦਿੰਦੀ ਹੈ। ਮੈਂ ਉਸ ਦੀ ਪੰਗਤੀ ਨੂੰ ਦੁਹਰਾ ਰਿਹਾ ਹਾਂ, ਜੋ ਉਸ ਨੇ ਸਮਰਪਣ ਦੇ ਸਫ਼ੇ ਉੱਤੇ ਲਿਖੀ ਹੈ -

ਏਸ ਯੁੱਗ ਦੀ ਨਾਰ ਨੂੰ
ਅੱਜ ਲੋੜ ਨਾ ਆਰਾਮ ਦੀ
ਬੱਸ ਲੋੜ ਹੈ ਸੰਗਰਾਮ ਦੀ।

ਮੇਰੀ ਰਾਏ ਹੈ ਕਿ ਲੰਮਾ ਤੇ ਬਿਖੜਾ ਸੰਗਰਾਮ ਰੁਮਾਂਸ ਦੇ ਰੰਗੀਨ ਸਾਸ਼ਤਰਾਂ ਨਾਲ ਨਹੀਂ ਲੜਿਆ ਜਾ ਸਕਦਾ। ਇਹ ਲੜਾਈ ਅਜੋਕੇ ਗੁੰਝਲਦਾਰ ਸਮਾਜਿਕ ਰਾਜਸੀ ਯਥਾਰਥ ਦੀਆਂ ਸਾਰੀਆਂ ਪਰਤਾਂ ਨੂੰ ਫਰੋਲ ਤੇ ਪੇਸ਼ ਕਰਕੇ ਹੀ ਸਫਲਤਾ-ਪੂਰਵਕ ਲੜੇ ਜਾਣਾ ਸੰਭਵ ਹੈ। ਨਾਲ ਹੀ ਸੁਰਿੰਦਰਜੀਤ ਕੌਰ ਨੂੰ ਲੈਅ ਤੇ ਤੋਲ ਵਿਚ ਵਧੇਰੇ ਖੁੱਲ੍ਹਾਂ ਨਹੀਂ ਲੈਣੀਆਂ ਚਾਹੀਦੀਆਂ।

ਉਹ ਕੋਮਲ ਭਾਵਾਂ ਵਾਲੀ ਸੰਵੇਦਨਸ਼ੀਲ ਕਵਿੱਤਰੀ ਹੈ। ਆਸ ਹੈ ਉਹ ਸਮਾਜਿਕ ਯਥਾਰਥ ਨੂੰ ਉਸਦੀ ਜਟਿਲਤਾ, ਤੀਖਣਤਾ ਤੇ ਸਮੁੱਚਤਾ ਵਿਚ ਸਮਝ ਕੇ ਚਿੰਤਨਸ਼ੀਲ ਰਚਨਾਵਾਂ ਲਿਖਣ ਦੇ ਰਾਹ ਤੁਰੇਗੀ। ਸਾਨੂੰ ਉਸ ਉੱਤੇ ਵੱਡੀਆਂ ਆਸਾਂ ਹਨ। • **- ਹਰਭਜਨ ਸਿੰਘ ਹੁੰਦਲ**

## ਖ਼ਿਆਲ ਆਪੋ-ਆਪਣਾ

• ਚਿਰਾਗ਼ ਦੇ ਅੰਕ ਜੁਲਾਈ-ਸਤੰਬਰ ਰਾਹੀਂ ਤੁਹਾਨੂੰ ਮਿਲ ਰਿਹਾ ਹਾਂ। ਅਤਰਜੀਤ ਦੀ ਸ੍ਵੈ-ਜੀਵਨੀ 'ਅੱਕ ਦਾ ਦੁੱਧ' ਦਾ ਲੰਬਾ ਅੰਸ਼ ਪੜ੍ਹਦਿਆਂ ਅਤਰਜੀਤ ਦੇ ਜਰਵਾਣਾ ਪੱਖ ਪ੍ਰਕਾਸ਼ਮਾਨ ਹੋਇਆ ਹੈ। ਇਹ ਲਿਖਤ ਲਿਤਾੜੇ ਜਾ ਰਹੇ ਲੋਕਾਂ ਦੇ ਦਿਲਾਂ ਵਿਚ ਸਵੈ-ਮਾਣ ਦੇ ਬੀਜ ਬੀਜਦੀ ਹੈ। ਨਿਜ਼ਾਰ ਕੁਬਾਨੀ ਦੀ ਕਵਿਤਾ 'ਮੈਂ ਅਤਿਵਾਦੀ ਹਾਂ' ਬਹੁਤ ਭਾਵਪੂਰਤ ਅਤੇ ਪ੍ਰੇਰਣਾਮਈ ਰਚਨਾ ਹੈ। ਚਿਰਾਗ਼ ਵਿਚ ਹੁਣ ਵਿਸ਼ਵ ਸਾਹਿਤ ਦਾ ਤੇਲ ਪੈਣ ਲੱਗ ਪਿਆ ਹੈ। ਤੁਹਾਡੇ ਕੋਲ ਚੰਗੇ ਚਿੱਤਰਕਾਰਾਂ ਦੀਆਂ ਕਲਾ-ਕਿਰਤਾਂ ਦਾ ਭੰਡਾਰ ਸਾਂਭਿਆ ਪਿਆ ਹੈ। ਇਸ ਵਾਰ ਤੁਸੀਂ ਉਸ ਭੰਡਾਰ ਨੂੰ ਵਰਤਣੋਂ ਪਰਹੇਜ਼ ਕੀਤਾ ਹੈ। ਮੈਂ ਚਾਹਾਂਗਾ ਕਿ ਇੰਝ ਦੁਬਾਰਾ ਨਾ ਹੋਵੇ। **- ਕੰਵਲ ਇਮਤਿਆਜ਼**

****

• ਤੇਰੀ ਗ਼ਜ਼ਲ ਦਾ ਅੱਧਾ ਸ਼ੇਅਰ 'ਕਵਿਤਾ ਦਾ ਹੁਣ ਅਰਥ ਸਿਪਾਹੀ ਕਰਦੇ ਨੇ,



ਪਿਛਲੇ ਦਿਨਾਂ ਦੀ ਕਾਲੀ ਛਾਂ ਦਾ ਮਹਾ-ਕਾਵਿ ਹੈ।

ਤੇ ਹੁਣ ਚਿਰਾਗ਼ ਦੇ ਜੁਲਾਈ-ਸਤੰਬਰ-06 ਪਰਚੇ ਵਿਚ ਨਿਜ਼ਾਰ ਕੁਬਾਨੀ ਦੀ ਲੰਮੀ ਕਵਿਤਾ 'ਮੈਂ ਅਤਿਵਾਦੀ ਹਾਂ' ਪੜ੍ਹਾ ਕੇ ਤੂੰ ਸਾਡੇ ਉੱਤੇ ਇਕ ਵੱਡਾ ਅਹਿਸਾਨ ਕੀਤਾ ਹੈ। **- ਰਾਮ ਸਰੂਪ ਅਣਖੀ**

****

• ਜੁਲਾਈ ਤੋਂ ਸਤੰਬਰ 2006 ਦਾ ਚਿਰਾਗ਼ ਮਿਲ ਗਿਆ ਹੈ। ਤੇ ਖਲੂਸ ਦਾ ਕਦਰਦਾਨ ਹਾਂ। ਇਸ ਸ਼ੁਮਾਰੇ ਦੇ ਹਵਾਲਿਓਂ ਕੁਝ ਗੱਲਾਂ ਸਾਂਝੀਆਂ ਕਰਨ ਜਾ ਰਿਹਾ ਹਾਂ। ਤਾਂ ਹੀ ਤੁਹਾਡੇ ਨਾਲ ਤੁਰੰਤ ਰਾਬਤਾ ਕਰ ਰਿਹਾ ਹਾਂ।

'ਨਵਾਂ ਜ਼ਮਾਨਾ' ਵਿਚ ਛਪੇ ਹੋਏ ਡਾਕਟਰ ਜਗਤਾਰ ਦੇ ਖ਼ਤ ਦੇ ਜਵਾਬ ਵਿਚ ਸੂਫੀ ਅਮਰਜੀਤ ਹੁਰਾਂ ਬਹੁਤ ਵਧੀਆ ਅੰਦਾਜ਼ ਨਾਲ ਲਿਖਿਆ ਹੈ। ਕਿਸੇ ਸਮਝਦਾਰ ਨੂੰ ਚੰਗੇ ਅੱਖਰਾਂ ਰਾਹੀਂ ਜੋ ਕੁਝ ਸਮਝਾਇਆ ਜਾ ਸਕਦਾ ਹੈ, ਉਹ ਕੁਝ ਸੂਫੀ ਅਮਰਜੀਤ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਪਾਕਿਸਤਾਨ ਵਿਚ ਛਪਦੀਆਂ ਡਾਕਟਰ ਜਗਤਾਰ ਦੀਆਂ ਗ਼ਜ਼ਲਾਂ ਪੜ੍ਹ ਕੇ ਫਾਰਸੀ ਤੇ ਅਰਬੀ ਅਰੂਜ਼ ਤੋਂ ਜਗਤਾਰ ਦੀ ਜਾਣਕਾਰੀ ਵਜੋਂ ਮੈਂ ਉਹਨਾਂ ਬਾਰੇ ਚੰਗੀ ਰਾਏ ਰੱਖਦਾ ਸਾਂ। ਪਰ 2001 ਵਿਚ ਹੋਣ ਵਾਲੀ ਆਲਮੀ ਪੰਜਾਬੀ ਕਾਨਫਰੰਸ ਲਾਹੌਰ 'ਤੇ ਉਹਨਾਂ ਨੂੰ ਮਿਲ ਕੇ, ਉਹਨਾਂ ਦੇ ਖ਼ਰਵੇ ਲਹਿਜੇ ਦੀ ਕੁੜੱਤਣ ਚੱਖ ਕੇ ਮੇਰੀ ਰਾਏ ਅੱਧੀ ਕੁ ਬਦਲੀ ਸੀ। ਫੇਰ ਸ਼ਾਹਮੁਖੀ ਲਿਪੀ ਵਿਚ ਪਾਕਿਸਤਾਨ ਛਪੀ ਉਹਨਾਂ ਦੀ ਕਿਤਾਬ "ਕਹਿਕਸ਼ਾਂ" ਪੜ੍ਹ ਕੇ ਜਗਤਾਰ ਬਾਰੇ ਮੇਰੀ ਰਾਏ ਉੱਕਾ ਹੀ ਬਦਲ ਗਈ ਸੀ। ਮੇਰੇ ਉਸਤਾਦ ਡਾਕਟਰ ਖੁਰਸ਼ੀਦ ਰਜਵੀ ਹੋਰਾਂ ਦਾ ਸ਼ਿਅਰ ਹੈ :

**ਸਰਾਬੇ ਇਲਮ-ਵਾ-ਹੁਨਰ ਪਰ ਨਾ ਭੂਲਨਾ ਖੁਰਸ਼ੀਦ,**
**ਜਿਸ ਆਦਮੀ ਕੋ ਨਾ ਦੇਖੋ ਫਰੋਤਨੀ ਦਿਲ ਮੇਂ।**

ਤਰਜੁਮਾ - ਜਿਹੜੇ ਬੰਦੇ ਦਾ ਦਿਲ ਖੁੱਲਾ-ਡੁੱਲਾ ਨਾ ਹੋਵੇ। ਹੋਰਾਂ ਲਈ ਜਿਹਦੇ ਦਿਲ ਅੰਦਰ ਥਾਂ ਨਾ ਰੋਵੇ। ਉਹਦੇ ਇਲਮ ਤੇ ਫ਼ਨ ਉੱਤੇ ਕਦੀ ਵੀ ਨਹੀਂ ਡੁੱਲ੍ਹਣਾ ਚਾਹੀਦਾ, ਉਹ ਇਲਮ ਤੇ ਫ਼ਨ ਆਪਣੇ ਕੋਲ ਹੀ ਰੱਖੇ। ਉਂਝ ਵੀ ਪਾਕਿਸਤਾਨੀ ਪੰਜਾਬੀ ਗ਼ਜ਼ਲ-ਗੋ ਸ਼ਾਇਰਾਂ ਨਾਲ ਪੁੱਠੇ ਸਿੱਧੇ ਪੰਗੇ ਲੈਣ ਕਰ ਕੇ ਜਗਤਾਰ ਬਾਰੇ ਏਥੇ ਵੀ ਮਾਮੂਲੀ ਰਾਏ ਕੋਈ ਬਹੁਤੀ ਚੰਗੀ ਨਹੀਂ।

ਮੈਨੂੰ ਤੁਹਾਡੀਆਂ ਕਿਤਾਬਾਂ (ਸਗੋਂ ਤੁਹਾਡੇ ਫ਼ਨ) ਬਾਰੇ ਡਾਕਟਰ ਜਗਤਾਰ ਦੇ ਵਿਚਾਰ ਪੜ੍ਹ ਕੇ ਬਹੁਤ ਅਫ਼ਸੋਸ ਹੋਇਆ ਹੈ। ਹੋ ਸਕੇ ਤਾਂ ਸੂਫੀ ਅਮਰਜੀਤ ਹੋਰਾਂ ਦਾ ਖ਼ਤ ਹੋਰਨਾਂ ਅਦਬੀ ਰਸਾਲਿਆਂ ਨੂੰ ਵੀ ਘੱਲਿਆ ਜਾਵੇ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਲੋਕ ਨਾਮ ਨਿਹਾਦ ਮਹਾਨ ਕਵੀ ਦੀ ਹਕੀਕਤ ਤੋਂ ਆਗਾਹ ਹੋ ਸਕਣ।

ਮਹਾਨ ਪੰਜਾਬੀ ਗਾਇਕਾ ਸੁਰਿੰਦਰ ਕੌਰ ਦੀ ਫੌਤਗ਼ੀ ਦਾ ਖ਼ਤ ਪੜ੍ਹ ਕੇ ਬਹੁਤ ਹੀ ਦੁੱਖ, ਬਹੁਤ ਹੀ ਅਫ਼ਸੋਸ ਹੋਇਆ। ਅਫ਼ਸੋਸ ਸਾਡੀ ਸਕਾਫ਼ਤ ਦੇ ਅਣਮੁੱਲੇ ਹੀਰੇ-ਮੋਤੀ ਇੱਕ-ਇੱਕ ਕਰਕੇ ਮਿੱਟੀ ਵਿਚ ਮਿਲਦੇ ਜਾ ਰਹੇ ਨੇ, ਆਉਂਦੀਆਂ ਨਸਲਾਂ ਵਿਚ ਉਹ (Potential) ਨਜ਼ਰ ਹੀ ਨਹੀਂ ਆਉਂਦਾ।

ਇੰਝ ਲੱਗਦਾ ਹੈ ਕਿ ਸੁਰਿੰਦਰ ਕੌਰ ਦੇ ਉਚੇਚੇ ਫਨ ਦੇ ਚਰਚੇ ਧਰਤੀ ਨੂੰ ਫਤਹਿ ਕਰਨ ਤੋਂ ਬਾਅਦ ਅਰਸ਼ਾਂ ਉੱਤੇ ਪਹੁੰਚ ਗਏ ਹੋਣਗੇ। ਅਰਸ਼ੀ ਮਖਲੂਕ ਨੂੰ ਸੁਰਿੰਦਰ ਦੇ ਫ਼ਨ ਦੇ ਚਰਚਿਆਂ ਨੇ ਏਨਾ ਮੁਤਾਸਿਰ ਕੀਤਾ ਹੋਵੇਗਾ ਕਿ ਉਹਨਾਂ ਨੇ ਸੁਰਿੰਦਰ ਕੌਰ ਨੂੰ ਅਰਸ਼ 'ਤੇ ਹੀ ਬੁਲਾ ਲਿਆ ਹੈ ਤਾਂ ਜੋ ਉਹਦੀ ਸੁਰੀਲੀ ਗਾਇਕੀ ਉਹਦੀ ਆਪਣੀ ਜ਼ੁਬਾਨੀ ਸੁਣ ਸਕਣਾ। **- ਅਖਲਾਕ ਆਤਿਫ਼, ਸਰਗੋਧਾ, ਪਾਕਿਸਤਾਨ**

## ਪੁਸਤਕ ਪ੍ਰਾਪਤੀ

1. ਗੰਢ ਪਰਾਏ ਹੱਥ (ਕਹਾਣੀਆਂ) ਮੁਖ਼ਤਿਆਰ ਸਿੰਘ ਪੰਨੇ 128, ਮੁੱਲ 125/- ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
2. ਅਰਥਾਂ ਦਾ ਜੰਗਲ (ਕਵਿਤਾਵਾਂ) ਅਮਰਦੀਪ ਗਿੱਲ, ਪੰਨੇ 1886, ਮੁੱਲ 100/- ਦ੍ਰਿਸ਼ਟੀਕੋਨ ਪ੍ਰਕਾਸ਼ਨ, ਬਠਿੰਡਾ।
3. ਮਿੱਟੀ ਦਾ ਰੰਗ (ਕਵਿਤਾ) ਨਰਿੰਦਰ ਕੌਰ, ਪੰਨੇ 80, ਮੁੱਲ 100/- ਏ. ਪੀ. ਪਬਲੀਕੇਸ਼ਨਜ਼, ਪਟਿਆਲਾ
4. ਹਰਫ਼ਾਂ ਦੇ ਪੁਲ ( ਗ਼ਜ਼ਲਾਂ) ਸੁਰਿੰਦਰਪ੍ਰੀਤ ਘਣੀਆ ਪੰਨੇ 180, ਮੁੱਲ 60/- ਕੁਕਨੂਸ ਪ੍ਰਕਾਸ਼ਨ ਜਲੰਧਰ
5. ਗੀਤਾਂ ਵਿਚ ਮੁਸਕਾਨ (ਬਾਲ ਕਵਿਤਾਵਾਂ) ਕਰਤਾਰ ਸਿੰਘ ਪੰਛੀ ਪੰਨੇ 48, ਮੁੱਲ 20/- ਭਾਗਵੰਤੀ ਪ੍ਰਕਾਸ਼ਨ ਮਲੇਰਕੋਟਲਾ।
6. ਬੁਰਾ ਨਾ ਮਨਾਇਓ ਜੀ (ਕਵਿਤਾਵਾਂ) ਕਰਤਾਰ ਸਿੰਘ ਪੰਛੀ, ਪੰਨੇ 80, ਮੁੱਲ 60/- ਭਾਗਵੰਤੀ ਪ੍ਰਕਾਸ਼ਨ ਮਲੇਰਕੋਟਲਾ।
7. ਨਜ਼ਰੀਆ (ਨਿਬੰਧ) ਗੁਰਵਿੰਦਰ ਸਿੰਘ ਸੰਧੂ, ਪੰਨੇ 112, ਮੁੱਲ 120/-, ਲਿਟਰੇਚਰ ਹਾਊਸ ਪੁਤਲੀਘਰ ਅੰਮ੍ਰਿਤਸਰ।
8. ਮਿੱਟੀ ਦੇ ਮੋਰ (ਕਵਿਤਾਵਾਂ) ਸ਼ੇਰ ਸਿੰਘ ਕੰਵਲ, ਪੰਨੇ 112, ਮੁੱਲ 120/- ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
9. ਬੇੜੀਆਂ ਦਾ ਪੁਲ (ਗ਼ਜ਼ਲ ਸੰਗ੍ਰਹਿ) ਸੁਲੱਖਣ ਸਰਹੱਦੀ, ਪੰਨੇ 100, ਮੁੱਲ 45/- ਨੈਸ਼ਨਲ ਬੁੱਕ ਟਰੱਸਟ, ਇੰਡੀਆ
10. ਫੁੱਲਾਂ ਦੀ ਝਾਂਜਰ (ਗੀਤ-ਸੰਗ੍ਰਹਿ) ਗੁਰਭਜਨ ਗਿੱਲ, ਪੰਨੇ 120, ਮੁੱਲ 80/- ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ , ਲੁਧਿਆਣਾ।
11. ਦਿਲ ਉਦਾਸ ਹੈ (ਗ਼ਜ਼ਲਾਂ) ਜਸਵਿੰਦਰ ਸਿੰਘ ਜੱਸੀ ਪੰਨੇ 88, ਮੁੱਲ 60/- ਅਰਸ਼ਦੀਪ ਪ੍ਰਕਾਸ਼ਨ, ਦਕੋਹਾ ਜਲੰਧਰ।
12. ਤੂੰ ਸੰਪੂਰਨ ਹੈ (ਕਵਿਤਾਵਾਂ) ਲੇਖਕ ਬਾ. ਕੋ. ਨਾਰਾਯਣ, ਅਨੁਵਾਦਕ ਡਾ. ਭਗਵੰਤ ਸਿੰਘ, ਪੰਨੇ 20, ਮੁੱਲ 40/- ਅਦਬ ਪ੍ਰਕਾਸ਼ਨ ਪਟਿਆਲਾ।
13. ਵਿਸ਼ਵੀਕਰਨ (ਲੇਖ ਸੰਗ੍ਰਹਿ) ਸੰਪਾਦਕ ਡਾ. ਭੀਮ ਇੰਦਰ ਸਿੰਘ, ਪੰਨੇ 169, ਮੁੱਲ 100/- ਕੁਕਨੂਸ ਪ੍ਰਕਾਸ਼ਨ, ਜਲੰਧਰ।
14. ਰੰਗਾਂ ਦੀ ਕਾਇਨਾਤ (ਲੇਖ ਸੰਗ੍ਰਹਿ) ਦੇਵਿੰਦਰ, ਪੰਨੇ 102, ਮੁੱਲ 150/- ਐਮ. ਪੀ. ਪ੍ਰਕਾਸ਼ਨ, ਦਿੱਲੀ
15. ਇਨਕਲਾਬ (ਭਗਤ ਸਿੰਘ ਦੀ ਜੀਵਨੀ) ਤੇਜਿੰਦਰ ਵਿਰਲੀ ਪੰਨੇ 216 ਮੁੱਲ 74/- ਰੁਪਏ ਕੁਕਨੂਸ ਪ੍ਰਕਾਸ਼ਨ, ਜਲੰਧਰ।



ਵਾਹ ਪ੍ਰੀਤ ਬੱਲੇ ਪ੍ਰੀਤ

ਤੁਹਾਡੇ ਭਰੋਸੇ ਦਾ ਨਾਂ

ਸਪੈਸ਼ਿਲ

ਅਮਰ ਪ੍ਰੀਤ
ਸੰਤੁਲਿਤ ਫੀਡ

ਅਤੇ ਖਲ ਬਿਨੌਲਾ ਸਦਾ ਵਰਤੋ

ਸਟਾਕਿਸਟ

ਪ੍ਰੀਤ ਫੀਡ ਸੇਲਜ਼, ਤਰਨਤਾਰਨ

ਫੋਨ- (O) 01852-222927
(R) 98140-75265
(Fax) 225327

Chirag Quarterly Oct-Dec.2006
Registered with the Registrar of News-Papers of India No. PUN-PUN 0 2276/AL/TC94


# ਭਲਾ ਇਹ ਕੁਕਨੁਸ ਪ੍ਰਕਾਸ਼ਨ ਕੀ ਬਲਾ ਹੋਈ?

## 150 ਕਿਤਾਬਾਂ ਦੇ ਪੂਰੇ ਸੈੱਟ ਦੀ ਕੀਮਤ : 2500 ਰੁਪਏ

## ਜੀਵਨ ਮੈਂਬਰਸ਼ਿਪ : ਪੰਜ ਹਜ਼ਾਰ ਰੁਪਏ

ਤੁਹਾਡੀ ਪਸੰਦ ਦੀਆਂ ਗਿਆਰਾਂ ਸੌ ਰੁਪਏ ਦੇ ਮੁੱਲ ਦੀਆਂ ਕਿਤਾਬਾਂ ਸਿਰਫ਼ ਪੰਜ ਸੌ ਰੁਪਏ ਵਿਚ ਪਾਠਕਾਂ ਲਈ ਵਿਸ਼ੇਸ਼ ਰਿਆਇਤ : 40% ਤੋਂ 70% ਤੱਕ।

## ਵਧੇਰੇ ਜਾਣਕਾਰੀ ਲਈ ਪੰਜ ਰੁਪਏ ਦੀਆਂ ਡਾਕ ਟਿਕਟਾਂ ਭੇਜ ਕੇ ਸੂਚੀ ਮੰਗਵਾਓ

## ਕੁਕਨੁਸ ਦਾ 'ਚਲਦਾ ਫਿਰਦਾ ਕਿਤਾਬ ਘਰ'

ਤੁਹਾਡੇ ਘਰ ਤਕ ਕਿਤਾਬਾਂ ਪਹੁੰਚਾਉਣ ਲਈ ਵਚਨਬੱਧ ਹੈ।

ਐਨ. ਐਮ. 451, ਮੁਹੱਲਾ ਕਰਾਰ ਖਾਂ, ਜਲੰਧਰ
ਨਵਾਂ ਜ਼ਮਾਨਾ ਬੁੱਕ ਸ਼ਾਪ, ਨਹਿਰੂ ਗਾਰਡਨ ਰੋਡ, ਜਲੰਧਰ
ਫੋਨ : 2214028, 98140-55411
(ਸਹਿਯੋਗ ਰਾਸ਼ੀ ਮਨੀਆਰਡਰ ਜਾਂ ਡਿਮਾਂਡ ਡਰਾਫਟ ਰਾਹੀਂ ਹੀ ਭੇਜੀ ਜਾਏ)